Space for Available for Advertising

WWW.PREETNEWS.COM
WWW.PREETNAMA.COM

preetnamausa
@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 282, ਮਿਤੀ : 13 ਦਸੰਬਰ ਤੋਂ 19 ਦਸੰਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕਾ ’ਚ ਘਰ ਬੈਠੇ ਹੀ ਬਣਾਈ ਜਾ ਸਕਣ ਵਾਲੀ ‘ਗੋਸਟ ਗਨ’ ਨੇ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਕਿਵੇਂ ਲਿਆਂਦਾ



## ਗੋਸਟ ਗਨ ਕੀ ਹੈ

ਇਸ ਹਥਿਆਰ ਨੂੰ ’ਗੋਸਟ ਗਨ’ ਕਿਹਾ ਜਾਂਦਾ ਹੈ ਕਿਉਂਕਿ ਇਸ ਨੂੰ ਲੱਭਣਾ ਲਗਭਗ ਅਸੰਭਵ ਹੈ। ਹਥਿਆਰ ਨੂੰ ਘਰ ਹੀ ਵਿੱਚ ਕਬਾੜ (ਸਕ੍ਰੈਚ) ਤੋਂ ਜਾਂ ਪੁਰਜ਼ਿਆਂ ਦੀ ਕਿੱਟ ਰਾਹੀਂ ਤਿਆਰ ਕੀਤਾ ਜਾ ਸਕਦਾ ਹੈ ਅਤੇ ਇਸ ’ਤੇ ਸੀਰੀਅਲ ਨੰਬਰ ਨਹੀਂ ਹੁੰਦੇ ਹਨ। ਉਹ ਹਥਿਆਰ ਜੋ ਲੁਈਗੀ ਮੈਂਗਿਓਨ ਨੇ ਕਥਿਤ ਤੌਰ ’ਤੇ ਆਪਣੇ ਬੈਕਪੈਕ ਵਿੱਚ ਰੱਖਿਆ ਹੋਇਆ ਸੀ, ਉਹ ਆਮ ਜਾਪਦਾ ਹੈ। ਗ੍ਰਿਫ਼ਤਾਰੀ ਵਾਰੰਟ ਵਿੱਚ ਹਥਿਆਰ ਨੂੰ ਇੱਕ ÷ਧਾਤੂ ਸਲਾਈਡ ਅਤੇ ਸਾਈਲੈਂਸਰ ਦੇ ਨਾਲ ਇੱਕ 3ਡੀ-ਪ੍ਰਿੰਟਿਡ ਲੋਡਿਡ ਰਿਸੀਵਰ ਵਰਗਾ ਅਰਧ-ਆਟੋਮੈਟਿਕ ਪਿਸਤੌਲ ਦੱਸਿਆ ਗਿਆ ਹੈ_।ਲਿਸ ਨੇ ਕਿਹਾ ਕਿ ਪਿਸਤੌਲ 9 ਐਮਐਮ ਰਾਉਂਡ ਫਾਇਰ ਕਰ ਸਕਦਾ ਹੈ ਅਤੇ ਹਫ਼ਤੇ ਪਹਿਲਾਂ ਨਿਊ ਯਾਰਕ ਵਿੱਚ ਥੌਮਸਨ ਦੀ ਜਾਨਲੇਵਾ ਗੋਲੀਬਾਰੀ ਵਿੱਚ ਵਰਤੇ ਗਏ ਹਥਿਆਰ ਨਾਲ ਮੇਲ ਖਾਂਦਾ ਸੀ। ਹਥਿਆਰਾਂ ਦੇ ਕਾਬੂ ਪਾਉਣ ਦੇ ਹੱਕ ਵਿੱਚ ਬਹਿਸ ਕਰਦਿਆਂ, ਬਾਈਡਨ ਪ੍ਰਸ਼ਾਸਨ ਨੇ ਪਹਿਲਾਂ ਕਿਹਾ ਹੈ ਕਿ ਗੋਸਟ ਗਨ ਬਣਾਉਣਾ ਬਹੁਤ ਆਸਾਨ ਹੈ। ਅਗਸਤ 2023 ਤੱਕ, ਇੰਟਰਨੈੱਟ ਤੱਕ ਪਹੁੰਚ ਰੱਖਣ ਵਾਲਾ ਕੋਈ ਵੀ ਵਿਅਕਤੀ ਬਿਨਾਂ ਕਿਸੇ ਬੈਕਗਰਾਊਂਡ ਦੀ ਜਾਣਕਾਰੀ ਦਿੰਦਿਆਂ ਹਥਿਆਰ ਲਈ ਜ਼ਰੂਰੀ ਕਈ ਪੁਰਜੇ ਕਾਨੂੰਨੀ ਤੌਰ ਤੇ ਖਰੀਦ ਸਕਦਾ ਹੈ। ਆਨਲਾਈਨ ਟਿਊਟੋਰਿਅਲ ਦੱਸਦੇ ਹਨ ਕਿ ਕਿਵੇਂ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਕੰਮ ਕਰਨ ਵਾਲੀ ਹਥਿਆਰ ਦੇ ਪੁਰਜ਼ੇ ਜੋੜੇ ਜਾ ਸਕਦੇ ਹਨ।

ਅਮਰੀਕਾ ਦੇ ਨਿਊਯਾਰਕ ਵਿੱਚ ਇੱਕ ਹੈਲਥਕੇਅਰ ਐਗਜ਼ੀਕਿਊਟਿਵ ਦੇ ਕਤਲ ਦੇ ਇਲਜ਼ਾਮ ਵਿੱਚ ਗ੍ਰਿਫਤਾਰ ਕੀਤੇ ਗਏ ਸ਼ੱਕੀ ਲੁਈਗੀ ਮੈਂਗਿਓਨ ਤੋਂ ਕਥਿਤ ਤੌਰ ’ਤੇ ਬਰਾਮਦ ਕੀਤੇ ਗਏ ਕਾਲੇ ਪਿਸਤੌਲ ਨੂੰ ਪੁਲਿਸ ਅਧਿਕਾਰੀਆਂ ਨੇ ਇੱਕ ?ਗੋਸਟ ਗਨ@ ਦੱਸਿਆ ਹੈ। ਅਮਰੀਕਾ ਵਿੱਚ ਅਜਿਹਾ ਹਥਿਆਰ ਜਿਸ ਦਾ ਕੋਈ ਸੀਰੀਅਲ ਨੰਬਰ ਮੌਜੂਦ ਦਾ ਹੋਵੇ ਅਤੇ ਸ਼ਨਾਖ਼ਤ ਸੰਭਵ ਨਾ ਹੋਵੇ, ਨੂੰ ਗੋਸਟ ਗਨ ਕਿਹਾ ਜਾਂਦਾ ਹੈ। ਕਿਹਾ ਜਾ ਰਿਹਾ ਹੈ ਇਹ ਹਥਿਆਰ ਘਰੇ ਬੈਠੇ ਤਿਆਰ (ਅਸੈਂਬਲ) ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸੰਭਾਵੀ ਤੌਰ ’ਤੇ ਡਿਵਾਈਸ ਨੂੰ 3ਡੀ ਪ੍ਰਿੰਟਰ ਦੀ ਵਰਤੋਂ ਕਰਕੇ ਬਣਾਇਆ ਹੋ ਸਕਦਾ ਹੈ, ਪਰ ਪੁਸ਼ਟੀ ਲਈ ਬੈਲਿਸਟਿਕ ਮਾਹਰ ਇਸ ਦਾ ਟੈਸਟ ਕਰਨਗੇ। ਯੂਨਾਈਟਿਡ ਹੈਲਥਕੇਅਰ ਦੇ ਸੀਈਓ ਬ੍ਰਾਇਨ ਥੌਮਸਨ ਦੇ ਕਤਲ ਨੇ ਇੱਕ ਵਾਰ ਫਿਰ ਵਿਵਾਦਿਤ ਹਥਿਆਰ ਨੂੰ ਬਹਿਸ ਦੇ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ, ਜਿਸ ਨੂੰ ਵਕਾਲਤ ਸਮੂਹ ÷ਰਾਸ਼ਟਰ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਹਥਿਆਰ ਸੁਰੱਖਿਆ ਸਮੱਸਿਆ ਕਹਿ ਰਹੇ ਹਨ। ਇੱਥੇ ਇਸ ਹਥਿਆਰ ਬਾਰੇ ਵਧੇਰੇ ਜਾਣਕਾਰੀ ਲਈ ਕੁਝ ਅਹਿਮ ਤੱਥਾਂ ਤੇ ਗੱਲ ਕਰਦੇ ਹਾਂ।

**ਕਿੰਨੀ ਵੱਡੀ ਸਮੱਸਿਆ ਹੈ ਇਹ**

ਮਾਹਰ ਗੋਸਟ ਹਥਿਆਰ ਨੂੰ ਅਮਰੀਕਾ ਦੀ ਤੇਜ਼ੀ ਨਾਲ ਵਧਦੀ ਸਭ ਤੋਂ ਵੱਡੀ ਹਥਿਆਰ ਸੁਰੱਖਿਆ ਸਮੱਸਿਆ ਦੱਸ ਰਹੇ ਹਨ। ਇਸ ਹਥਿਆਰ ਦੀ ਵਰਤੋਂ ਹਾਈ-ਪ੍ਰੋਫਾਈਲ ਸ਼ੂਟਿੰਗ ਵਿੱਚ ਵੱਧਦੀ ਜਾ ਰਹੀ ਹੈ। ਬਿਓਰੋ ਆਫ ਅਲਕੋਹਲ ਤੰਬਾਕੂ, ਹਥਿਆਰ ਅਤੇ ਵਿਸਫੋਟਕ ਬਿਊਰੋ (ਏਟੀਐੱਫ) ਦੇ ਅਕੰੜਿਆਂ ਅਨੁਸਾਰ, 2022 ਵਿੱਚ ਕੀਤੀ ਗਈ ਜਾਂਚ ਵਿੱਚ 20,000 ਸ਼ੱਕੀ ਗੋਸਟ ਹਥਿਆਰ ਮਿਲੇ, ਜੋ ਕਿ 2016 ਤੋਂ ਦਸ ਗੁਣਾ ਵੱਧ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗੋਸਟ ਹਥਿਆਰਾਂ ਦੇ ਫਰੇਮਾਂ ’ਤੇ ਸੀਰੀਅਲ ਨੰਬਰ ਨਹੀਂ ਹਨ। ਇਸ ਲਈ ਬਿਨਾਂ ਲਾਇਸੈਂਸ ਦੇ ਨਾਬਾਲ.ਗਾਂ ਨੂੰ .ਗੈਰ-ਕਾਨੂੰਨੀ ਢੰਗ ਨਾਲ ਅਜਿਹੀਆਂ ਹਥਿਆਰਾਂ ਨੂੰ ਵੇਚਣ ਵਾਲੇ ਡੀਲਰਾਂ ਨੂੰ ਫੜਨਾ ਜ਼ਾਹਰ ਤੌਰ ’ਤੇ ਅਸੰਭਵ ਹੋ ਜਾਂਦਾ ਹੈ। ਇੱਕ ਸਾਬਕਾ ਸਰਕਾਰੀ ਅਧਿਕਾਰੀ ਨੇ ਸਵਾਲ ਕੀਤਾ ਕਿ ਕੀ ਥੌਮਸਨ ਦਾ ਕਤਲ ਲੋਕਾਂ ਦੀ ਮਾਨਸਿਕਤਾ ਨੂੰ ਬਦਲੇਗਾ। ਜੂਲੀਅਟ ਕਾਯਮ ਨੇ ਬੀਬੀਸੀ ਰੇਡੀਓ 4 ਪ੍ਰੋਗਰਾਮ ਨੂੰ ਦੱਸਿਆ, ਗੋਸਟ ਹਥਿਆਰ ਇੱਕ ਬਹੁਤ ਹੀ ਗੁੰਝਲਦਾਰ ਅਤੇ ਹਿੰਸਕ ਦੇਸ਼ ਵਿੱਚ ਇੱਕ ਨਵਾਂ ਕਾਰਕ ਹਨ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੀ ਨੀਤੀ ਲਈ ਸਾਬਕਾ ਸਹਾਇਕ ਸਕੱਤਰ ਜੂਲੀਅਟ ਕਾਯਮ ਨੇ ਕਿਹਾ ਕਿ ਹਥਿਆਰਾਂ ’ਤੇ ਪਾਬੰਦੀ ਲਗਾਉਣਾ ਅਮਰੀਕਾ ਲਈ ਹਮੇਸ਼ਾ ਮੁਸ਼ਕਲ ਰਿਹਾ ਹੈ। ਸੈਂਟਰ ਫਾਰ ਡਿਸੀਜ਼ ਐਂਡ ਪ੍ਰੀਵੈਂਸ਼ਨ (ਸੀਡੀਸੀ) ਅਨੁਸਾਰ, 2022 ਵਿੱਚ ਸੰਯੁਕਤ ਰਾਜ ਵਿੱਚ ਹਥਿਆਰਾਂ ਨਾਲ 48,000 ਤੋਂ ਵੱਧ ਲੋਕ ਮਾਰੇ ਜਾਣਗੇ।

**ਕੀ ਗੋਸਟ ਹਥਿਆਰਾਂ ਤੇ ਕਾਬੂ ਪਾਇਆ ਜਾ ਸਕਦਾ ਹੈ**

ਥੌਮਸਨ ਦੇ ਕਤਲ ਨੇ ਗੋਸਟ ਹਥਿਆਰਾਂ ਦੀ ਜਾਂਚ ਨੂੰ ਨਵੇਂ ਸਿਰਿਓਂ ਸ਼ੁਰੂ ਕਰ ਦਿੱਤਾ ਹੈ। ਬਾਈਡਨ ਪ੍ਰਸ਼ਾਸਨ ਨੇ ਗੋਸਟ ਹਥਿਆਰਾਂ ਨੂੰ ਇਹ ਕਹਿ ਕੇ ਨਿਯਮਤ ਕਰਨ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨਾਲ ਵਪਾਰਕ ਤੌਰ ’ਤੇ ਉਪਲਬਧ ਹਥਿਆਰਾਂ ਵਾਂਗ ਹੀ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਗੋਸਟ ਹਥਿਆਰਾਂ ਦੀਆਂ ਕਿੱਟਾਂ ਦੇ ਨਿਰਮਾਤਾਵਾਂ ਨੂੰ ਹੁਣ ਆਪਣੇ ਉਤਪਾਦਾਂ ’ਤੇ ਸੀਰੀਅਲ ਨੰਬਰ ਲਿਖਣ ਅਤੇ ਗੋਸਟ ਹਥਿਆਰਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰਨ ਵਾਲੇ ਗਾਹਕਾਂ ਦੀ ਪਿਛੋਕੜ ਦੀ ਜਾਂਚ ਕਰਨ ਦੀ ਲੋੜ ਹੈ। ਅਕਤੂਬਰ ਵਿੱਚ ਅਮਰੀਕੀ ਸੁਪਰੀਮ ਕੋਰਟ ਨੇ ਕਾਨੂੰਨ ਨੂੰ ਬਰਕਰਾਰ ਰੱਖਣ ਦੀ ਆਪਣੀ ਇੱਛਾ ਦਾ ਸੰਕੇਤ ਦਿੱਤਾ ਸੀ, ਜਿਸ ਨੂੰ ਹਥਿਆਰ ਅਧਿਕਾਰ ਸਮੂਹਾਂ ਨੇ ਇਹ ਕਹਿੰਦਿਆਂ ਚੁਣੌਤੀ ਦਿੱਤੀ ਸੀ ਕਿ ਅਧਿਕਾਰੀਆਂ ਨੇ ਪਹਿਲਾਂ ਤੋਂ ਮੌਜੂਦ ਕਾਨੂੰਨ ਦੀਆਂ ਸੀਮਾਵਾਂ ਦੀ ਉਲੰਘਣਾ ਕੀਤੀ ਹੈ। ਏਟੀਐੱਫ ਦੇ ਨਵੇਂ ਨਿਯਮ ਨੂੰ ਬਰਕਰਾਰ ਰੱਖਣ ਵਾਲਾ .ਫੈਸਲਾ ਸੁਪਰੀਮ ਕੋਰਟ ਦੇ ਰੁਖ਼ ਵਿੱਚ ਬਦਲਾਅ ਦਾ ਸੰਕੇਤ ਦਿੰਦਾ ਹੈ। ਇਸ ਵਿੱਚ ਵੱਡੇ ਪੱਧਰ ’ਤੇ ਰੂੜੀਵਾਦੀ ਬਹੁਮਤ ਹੈ, ਜੋ ਕਿ ਹਥਿਆਰ ਦੇ ਨਿਯੰਤਰਣ ਲਈ ਵੱਡੇ ਪੱਧਰ ’ਤੇ ਖਦਸ਼ੇ ਵਿੱਚ ਹੈ। ਹਥਿਆਰਾਂ ਦੇ ਮਾਮਲੇ ਵਿੱਚ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਖ਼ੁਦ ਨੂੰ ਦੂਜੀ ਸੋਧ ਦੇ ਕੱਟੜ ਰੱਖਿਅਕ ਵਜੋਂ ਸਥਾਪਿਤ ਕੀਤਾ ਹੈ, ਜੋ ਹਥਿਆਰ ਰੱਖਣ ਦਾ ਅਧਿਕਾਰ ਦਿੰਦਾ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਉਨ੍ਹਾਂ ਨੇ ਨੈਸ਼ਨਲ ਰਾਈਫਲ ਐਸੋਸੀਏਸ਼ਨ (ਐੱਨਆਰਏ) ਨੂੰ ਕਿਹਾ ਕਿ ਉਹ ਸਮੂਹ ਦੇ ਸਭ ਤੋਂ ਚੰਗੇ ਦੋਸਤ ਹਨ।

**ਅਮਰੀਕਾ ਦਾ ਗਨ ਕਲਚਰ**

ਅਮਰੀਕਾ ’ਚ ਕਿਸੇ ਨਾ ਕਿਸੇ ਪਾਸਿਓਂ ਹਥਿਆਰ ਨਾਲ ਹਮਲੇ ਦੀਆਂ ਖ਼ਬਰਾਂ ਆਉਣਾ ਆਮ ਗੱਲ ਹੈ। ਅਜਿਹੀਆਂ ਵਾਰਦਾਤਾਂ ਲਈ ਅਮਰੀਕਾ ਦੇ ਬੰਦੂਕ ਸੱਭਿਆਚਾਰ (ਗਨ ਕਲਚਰ) ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਦੇਸ ’ਚ ਲਗਾਤਾਰ ਗੋਲੀਬਾਰੀ ਦੀਆਂ ਘਟਨਾਵਾਂ ਦੇ ਬਾਵਜੂਦ ਹਥਿਆਰਾਂ ’ਤੇ ਕੰਟਰੋਲ ਕਰਨ ਲਈ ਸਰਕਾਰ ਨੂੰ ਸੰਘਰਸ਼ ਕਰਨਾ ਪਿਆ ਪੈ ਰਿਹਾ ਹੈ। ਇਸ ਲਈ ਅਕਸਰ ਨੈਸ਼ਨਲ ਰਾਇ.ਫਲ ਐਸੋਸੀਏਸ਼ਨ (ਐੱਨਆਰਏ) ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ। 1871 ’ਚ ਗ੍ਰਹਿ ਯੁੱਧ ਦੇ ਤੁਰੰਤ ਬਾਅਦ ਨੈਸ਼ਨਲ ਰਾਇ.ਫਲ ਐਸੋਸੀਏਸ਼ਨ ਬਣੀ ਸੀ। 20ਵੀਂ ਸਦੀ ਦੇ ਅੱਧ ਤੱਕ ਇਸ ਨੂੰ ਸਿਰ.ਫ ਨਿਸ਼ਾਨੇਬਾਜ਼ਾਂ ਦਾ ਸੰਗਠਨ ਮੰਨਿਆ ਜਾਂਦਾ ਰਿਹਾ। ਪਹਿਲਾਂ ਜੈਕ ਕੈਨੇਡੀ, ਫਿਰ ਮਾਰਟਿਨ ਲੂਥਰ ਕਿੰਗ ਤੇ ਬੌਬੀ ਕੈਨੇਡੀ ਦੇ ਕਤਲ ਤੋਂ ਬਾਅਦ ਅਮਰੀਕਾ ’ਚ ਸਿਆਸੀ ਗਤੀਵਿਧੀਆਂ ਤੇਜ਼ ਹੋ ਗਈਆਂ। ਜਿਸ ਤੋਂ ਬਾਅਦ ਸਚਮੁੱਚ ਇੱਕ ਸਿਆਸੀ ਅੰਦੋਲਨ ਦੀ ਸ਼ੁਰੂਆਤ ਹੋ ਗਈ। 1968 ਦੇ ਬੰਦੂਕ ਕੰਟਰੋਲ ਕਾਨੂੰਨ ਦੇ ਤਹਿਤ ਹਥਿਆਰ ਵੇਚਣ ਲਈ ਜ਼ਿਆਦਾ ਲਾਇਸੰਸੀ ਡੀਲਰਾਂ ਦੀ ਲੋੜ ਸੀ। ਇਹ ਸੰਗਠਨ ਪਿਛਲੇ ਕਰੀਬ 50 ਸਾਲਾਂ ਤੋਂ ਆਪਣੀ ਮਰਜ਼ੀ ਨਾਲ ਕੰਮ ਕਰ ਰਿਹਾ ਹੈ। ਦੂਜੀ ਸੋਧ ’ਚ ਸਾ.ਫ ਕਿਹਾ ਗਿਆ ਕਿ ਇੱਕ ਰੈਗੂਲਰ ਨਾਗਰਿਕ ਫੌਜ ਸੁਤੰਤਰ ਸੂਬੇ ਦੀ ਸੁਰੱਖਿਆ ਲਈ ਜ਼ਰੂਰੀ ਹੈ। ਲੋਕਾਂ ਦੇ ਹਥਿਆਰ ਰੱਖਣ ਸੰਬੰਧੀ ਅਧਿਕਾਰਾਂ ਦਾ ਉਲੰਘਣ ਨਹੀਂ ਹੋਣਾ ਚਾਹੀਦੀ। ਕਹਿਣ ਦਾ ਮਤਲਬ ਹੈ ਕਿ ਜੇਕਰ ਸੰਘੀ ਸਰਕਾਰ ਨਾਗਰਿਕ ਸੈਨਾ ਨੂੰ ਹਥਿਆਰ ਨਹੀਂ ਦਿੰਦੀ ਤਾਂ ਲੋਕ ਇਹ ਕੰਮ ਕਰ ਸਕਦੇ ਹਨ। ਦੂਜੀ ਸੋਧ ’ਚ ਸੁਪਰੀਮ ਕੋਰਟ ਨੇ ਸਿਰ.ਫ 3 ਕੇਸ ਦਰਜ ਕੀਤੇ। ਇਹ ਮੰਨਿਆ ਗਿਆ ਕਿ ਦੂਜੀ ਸੋਧ ਨਾਗਰਿਕ ਫੌਜ ਨਾਲ ਜੁੜੀ ਹੋਈ ਹੈ। ਇਹ ਸਮੂਹਿਕ ਅਧਿਕਾਰ ਦਿੰਦਾ ਹੈ ਨਾ ਕਿ ਵਿਅਕਤੀਗਤ। 1960 ਤੱਕ ਮੰਨਿਆ ਜਾਂਦਾ ਰਿਹਾ ਕਿ ਮਾਮਲਾ ਸੁਲਝ ਗਿਆ ਹੈ। ਐੱਨਆਰਏ ਨੇ ਇਸ ਨੂੰ ਬਦਲਣ ਲਈ ਵੱਡੀ ਮੁਹਿੰਮ ਵਿੱਢੀ। ਅਮਰੀਕਾ ਦੀਆਂ ਕਾਨੂੰਨ ਸਮੀਖਿਆਵਾਂ ਵਿੱਚ ਉਨ੍ਹਾਂ ਨੇ ਕਈ ਲੇਖ ਲਿਖਵਾਏ। ਇਸ ’ਚ ਕਿਹਾ ਗਿਆ ਕਿ ਇਸ ਸੋਧ ਨੂੰ ਵਿਅਕਤੀਗਤ ਤੌਰ ’ਤੇ ਹਥਿਆਰ ਰੱਖਣ ਦੇ ਅਧਿਕਾਰ ਦੀ ਮਨਜ਼ੂਰੀ ਦੇਣੀ ਚਾਹੀਦੀ ਹੈ। ਉਨ੍ਹਾਂ ਨੇ 2008 ’ਚ ਉਦੋਂ ਵੱਡੀ ਜੰਗ ਜਿੱਤ ਲਈ ਜਦੋਂ ਦਿ ਡਿਸਟ੍ਰਿਕਟ ਆਫ਼ ਕੋਲੰਬੀਆ ਬਨਾਮ ਹੇਲਰ ਕੇਸ ’ਚ ਸੁਪਰੀਮ ਕੋਰਟ ਨੇ ਪਹਿਲੀ ਵਾਰ ਕਿਹਾ ਕਿ ਦੂਜੀ ਸੋਧ ਵਿਅਕਤੀਗਤ ਅਧਿਕਾਰ ਦੀ ਮਨਜ਼ੂਰੀ ਦਿੰਦੀ ਹੈ।



# ਕੈਨੇਡਾ ਪੁਲਿਸ ਨੇ ਫਿਰੌਤੀਆਂ ਦੇ ਮਾਮਲੇ 'ਚ ਪੰਜਾਬੀ ਨੌਜਵਾਨਾਂ 'ਤੇ ਕਾਰਵਾਈ ਕੀਤੀ, ਮੁਲਜ਼ਮਾਂ ਬਾਰੇ ਕੀ-ਕੀ ਪਤਾ ਹੈ



ਕੈਨੇਡਾ ਦੇ ਬਰੈਂਪਟਨ ਅਤੇ ਮਿਸੀਸਾਗਾ ਖੇਤਰ ਵਿੱਚ ਰਹਿੰਦੇ ਦੱਖਣੀ ਏਸ਼ੀਆਈ ਭਾਈਚਾਰੇ ਤੋਂ ਜਬਰਨ ਵਸੂਲੀ ਅਤੇ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ ਵਿੱਚ ਪੰਜਾਬੀ ਮੂਲ ਦੇ ਇੱਕ ਗੈਂਗ ਦਾ ਕਥਿਤ ਤੌਰ ਉੱਤੇ ਪਰਦਾਫਾਸ਼ ਹੋਇਆ ਹੈ। ਪੀਲ ਰੀਜਨਲ ਪੁਲਿਸ ਦੇ ਐਕਸਟੌਰਸ਼ਨ ਇਨਵੈਸਟੀਗੇਟਿਵ ਟਾਸਕ ਫੋਰਸ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਤੋਂ ਪੁਲਿਸ ਨੇ ਹਥਿਆਰ ਵੀ ਬਰਾਮਦ ਕੀਤੇ ਹਨ। ਕੈਨੇਡਾ ਪੁਲਿਸ ਨੇ ਫਿਰੌਤੀਆਂ ਦੇ ਮਾਮਲੇ 'ਚ ਪੰਜਾਬੀ ਨੌਜਵਾਨਾਂ 'ਤੇ ਕਾਰਵਾਈ ਕੀਤੀ, ਮੁਲਜ਼ਮਾਂ ਬਾਰੇ ਕੀ-ਕੀ ਪਤਾ ਹੈ ਇਨ੍ਹਾਂ ਸਾਰਿਆਂ ਉੱਤੇ ਪੁਲਿਸ ਨੇ ਫਿਰੌਤੀਆਂ ਲਈ ਧਮਕੀਆਂ ਦੇਣ ਅਤੇ ਹੋਰ ਗੰਭੀਰ ਇਲਜ਼ਾਮ ਲਗਾਏ ਹਨ। ਗ੍ਰਿਫਤਾਰ ਕੀਤੇ ਗਏ ਜ਼ਿਆਦਾਤਰ ਨੌਜਵਾਨ ਪੰਜਾਬੀ ਮੂਲ ਦੇ ਹਨ।

**ਕੌਣ ਹਨ ਫਿਰੌਤੀ ਮੰਗਣ ਵਾਲੇ ਪੰਜਾਬੀ ਨੌਜਵਾਨ**

ਪੀਲ ਪੁਲਿਸ ਵੱਲੋਂ ਜਾਰੀ ਕੀਤੀ ਜਾਣਕਾਰੀ ਮੁਤਾਬਕ ਬ੍ਰਿਟਿਸ਼ ਕੋਲੰਬੀਆ ਦੇ 27 ਸਾਲਾ ਬੰਧੁਮਾਨ ਸੇਖੋਂ ਨੂੰ ਜਨਵਰੀ 2024 ਵਿੱਚ ਵਾਪਰੀ ਇੱਕ ਘਟਨਾ ਲਈ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ। ਪੁਲਿਸ ਨੇ ਸੇਖੋਂ ਉੱਤੇ ਅਪਰਾਧ ਕਰਨ ਦੀ ਸਾਜ਼ਿਸ਼, ਗ਼ੈਰ-ਕਾਨੂੰਨੀ ਅਸਲਾ ਰੱਖਣ ਸਣੇ ਹੋਰ ਇਲਜ਼ਾਮਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਤਰ੍ਹਾਂ ਦੇ ਇੱਕ ਹੋਰ ਮਾਮਲੇ ਵਿੱਚ ਪੁਲਿਸ ਨੇ ਬਰੈਂਪਟਨ ਦੇ ਇੱਕ ਹੋਰ 25 ਸਾਲਾ ਨੌਜਵਾਨ ਹਰਮਨਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਪੀਲ ਪੁਲਿਸ ਮੁਤਾਬਕ ਹਰਮਨਜੀਤ ਨੂੰ ਮਈ 2024 ਵਿੱਚ ਵਾਪਰੀ ਇੱਕ ਘਟਨਾ ਸਬੰਧੀ 4 ਜੁਲਾਈ, 2024 ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਉਸ ਉੱਤੇ ਜਬਰੀ ਵਸੂਲੀ, ਸਰੀਰਕ ਨੁਕਸਾਨ ਜਾਂ ਮੌਤ ਦੀ ਧਮਕੀ ਦੇਣਾ, ਹਥਿਆਰ ਰੱਖਣ ਸਣੇ ਹੋਰ ਇਲਜ਼ਾਮਾਂ ਤਹਿਤ ਕੇਸ ਦਰਜ ਹਨ ਬਰੈਂਪਟਨ ਦੇ ਰਹਿਣ ਵਾਲੇ 44 ਸਾਲਾ ਤਜਿੰਦਰ ਤਤਲਾ ਨੂੰ 25 ਜੁਲਾਈ, 2024 ਨੂੰ ਇੱਕ ਕਾਰੋਬਾਰੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਧਮਕੀਆਂ ਦੇਣ ਦੇ ਇਲਜ਼ਾਮ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਉਸ ਕੋਲੋਂ 3 ਹਥਿਆਰ ਵੀ ਬਰਾਮਦ ਕੀਤੇ ਹਨ। ਜਾਂਚ ਤੋਂ ਬਾਅਦ ਪੀਲ ਪੁਲਿਸ ਨੇ ਤਜਿੰਦਰ ਤਤਲਾ ਖ਼ਿਲਾਫ਼ ਜਬਰੀ ਵਸੂਲੀ ਸਮੇਤ ਕਈ ਹੋਰ ਕੇਸ ਦਰਜ ਕੀਤੇ ਹਨ। ਇਸ ਤਰ੍ਹਾਂ ਪੁਲਿਸ ਨੇ ਬਰੈਂਪਟਨ ਦੀ ਰਹਿਣ ਵਾਲੀ 21 ਸਾਲਾ ਰੁਖ਼ਸਾਰ ਅਚਕਜ਼ਈ ਨੂੰ ਸਤੰਬਰ 2023 ਦੀਆਂ ਘਟਨਾਵਾਂ ਸਬੰਧੀ ਗ੍ਰਿਫਤਾਰ ਕੀਤਾ। ਉਸ 'ਤੇ ਜਬਰੀ ਵਸੂਲੀ ਕਰਨ ਦਾ ਇਲਜ਼ਾਮ ਲਗਾਇਆ ਗਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਰੁਖ਼ਸਾਰ ਸੋਸ਼ਲ ਮੀਡੀਆ ਦਾ ਇੱਕ ਚਰਚਿਤ ਚਿਹਰਾ ਹੈ। ਇਸੇ ਤਰੀਕੇ ਨਾਲ ਹੈਮਿਲਟਨ ਦੇ ਰਹਿਣ ਵਾਲੇ 24 ਸਾਲਾ ਦਿਨੇਸ਼ ਕੁਮਾਰ ਨੂੰ ਜੁਲਾਈ 2024 ਵਿੱਚ ਵਾਪਰੀ ਇੱਕ ਘਟਨਾ ਸਬੰਧੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ 35 ਸਾਲਾ ਨਵਪ੍ਰੀਤ ਸਿੰਘ ਗਿੱਲ, ਦਪਇੰਦਰਦੀਪ ਸਿੰਘ ਚੀਮਾ, ਲਵਪ੍ਰੀਤ ਸਿੰਘ ਗਿੱਲ ਤੇ ਰਿੱਕੀ ਗਿੱਲ ਨੂੰ ਵੀ ਪੁਲਿਸ ਨੇ ਵੱਖ-ਵੱਖ ਮਾਮਲਿਆਂ ਵਿੱਚ ਚਾਰਜ ਕੀਤਾ ਹੈ।

**ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਦੇ ਇਲਜ਼ਾਮ ਲੱਗੇ**

ਪੀਲ ਪੁਲਿਸ ਮੁਤਾਬਕ ਸਾਰੇ ਨੌਜਵਾਨਾਂ ਨੂੰ ਬਰੈਂਪਟਨ ਵਿੱਚ ਓਨਟਾਰੀਓ ਕੋਰਟ ਆਫ਼ ਜਸਟਿਸ ਵੱਲੋਂ ਜ਼ਮਾਨਤ ਦਿੱਤੀ ਜਾ ਚੁੱਕੀ ਹੈ, ਫਿਲਹਾਲ ਅਦਾਲਤ ਵੱਲੋਂ ਲਗਾਈਆਂ ਸ਼ਰਤਾਂ ਨਾਲ ਇਹ ਮੁਲਜ਼ਮ ਰਿਹਾਅ ਹਨ। ਪੀਲ ਪੁਲਿਸ ਮੁਤਾਬਕ ਉਕਤ ਨੌਜਵਾਨ ਅਕਸਰ ਸੋਸ਼ਲ ਮੀਡੀਆ ਜਿਵੇਂ ਕਿ ਵਟਸਐਪ, ਫੇਸਬੁੱਕ ਰਾਹੀਂ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਸਨ। ਕੈਨੇਡਾ ਦੇ ਵੱਖ-ਵੱਖ ਸੂਬਿਆਂ ਖ਼ਾਸ ਤੌਰ ਉੱਤੇ ਬਰੈਂਪਟਨ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਵਿੱਚ ਕਾਰੋਬਾਰੀਆਂ ਨੂੰ ਫਿਰੌਤੀ ਲਈ ਧਮਕੀਆਂ ਮਿਲਣ ਦੀਆਂ ਘਟਨਾਵਾਂ ਵਿੱਚ ਇੱਕ ਦਮ ਵਾਧਾ ਹੋਇਆ ਸੀ। ਇਸ ਤੋਂ ਬਾਅਦ ਪੀਲ ਪੁਲਿਸ ਨੇ ਐਕਸਟੌਰਸ਼ਨ ਇਨਵੈਸਟੀਗੇਟਿਵ ਟਾਸਕ ਫੋਰਸ ਦਾ ਗਠਨ ਕੀਤਾ, ਜਿਸ ਨੇ ਇੱਕ ਸਾਲ ਦੀ ਜਾਂਚ ਤੋਂ ਬਾਅਦ ਕਰੀਬ 60 ਘਟਨਾਵਾਂ ਦੀ ਜਾਂਚ ਕੀਤੀ ਅਤੇ ਉਸ ਤੋਂ ਬਾਅਦ 21 ਗ੍ਰਿਫ਼ਤਾਰੀਆਂ ਕੀਤੀਆਂ ਹਨ ਅਤੇ 154 ਉੱਤੇ ਅਪਰਾਧਿਕ ਇਲਜ਼ਾਮ ਲਗਾਏ। ਇਸ ਮਾਮਲੇ ਵਿੱਚ ਪੁਲਿਸ ਨੇ 20 ਹਥਿਆਰ, 10,000 ਡਾਲਰ ਤੋਂ ਵੱਧ ਦੀ ਰਾਸ਼ੀ ਜੋ ਕਿ ਫਿਰੌਤੀ ਤੋਂ ਵਸੂਲੀ ਗਈ ਸੀ ਅਤੇ ਚੋਰੀ ਦੇ 6 ਵਾਹਨਾਂ ਦੀ ਬਰਾਮਦਗੀ ਕਰਨ ਦਾ ਦਾਅਵਾ ਕੀਤਾ ਹੈ।

## ਤੋਸ਼ਾਖਾਨਾ-2: ਇਮਰਾਨ ਤੇ ਬੁਸ਼ਰਾ ਬੀਬੀ ਦੋਸ਼ੀ ਕਰਾਰ



ਇਸਲਾਮਾਬਾਦ: ਪਾਕਿਸਤਾਨ ਦੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਤੋਸ਼ਾਖਾਨਾ-2 ਮਾਮਲੇ ਵਿੱਚ ਅੱਜ ਦੋਸ਼ੀ ਠਹਿਰਾਇਆ ਹੈ। ਇਮਰਾਨ ਖਾਨ ਇਸ ਸਮੇਂ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ਵਿੱਚ ਬੰਦ ਹਨ। ਵਿਸ਼ੇਸ਼ ਅਦਾਲਤ ਦੇ ਜੱਜ ਸ਼ਾਹਰੁਖ ਏ. ਨੇ ਇਸ ਮਾਮਲੇ ਦੀ ਜੇਲ੍ਹ ਵਿੱਚ ਸੁਣਵਾਈ ਕਰਦਿਆਂ ਸਾਬਕਾ ਪ੍ਰਧਾਨ ਮੰਤਰੀ ਖ਼ ?ਲਾਫ਼ ਦੋਸ਼ ਤੈਅ ਕੀਤੇ। ਤੋਸ਼ਾਖਾਨਾ-2 ਇਸ ਦੋਸ਼ 'ਤੇ ਅਧਾਰਤ ਹੈ ਕਿ ਇਮਰਾਨ ਅਤੇ ਉਨ੍ਹਾਂ ਦੀ ਪਤਨੀ ਨੇ ਸਰਕਾਰੀ ਖ਼ਜ਼ਾਨੇ ਵਿੱਚੋਂ ਤੋਹਫ਼ੇ ਹਾਸਲ ਕਰਨ ਲਈ ਲੋੜੀਂਦੀਆਂ ਪ੍ਰਕਿਰਿਆਵਾਂ ਦਾ ਪਾਲਣ ਨਹੀਂ ਕੀਤਾ। ਕੌਮੀ ਜਵਾਬਦੇਹੀ ਬਿਊਰੋ (ਐੱਨਏਬੀ) ਨੇ ਸ਼ੁਰੂ ਵਿੱਚ ਕੇਸ ਦਾਇਰ ਕੀਤਾ ਸੀ

## ਯੂਕੇ ਸੜਕ ਹਾਦਸੇ 'ਚ ਭਾਰਤੀ ਵਿਦਿਆਰਥੀ ਹਲਾਕ, 4 ਜ਼ਖ਼ਮੀ

ਲੰਡਨ : ਪੂਰਬੀ ਲੰਡਨ ਦੇ ਲੈਸਟਰਸ਼ਾਇਰ ਵਿਚ ਸੜਕ ਹਾਦਸੇ 'ਚ 32 ਸਾਲਾ ਭਾਰਤੀ ਵਿਦਿਆਰਥੀ ਦੀ ਮੌਤ ਹੋ ਗਈ, ਜਦੋਂਕਿ ਚਾਰ ਨੂੰ ਗੰਭੀਰ ਸੱਟਾਂ ਨਾਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਲੈਸਟਰਸ਼ਾਇਰ ਪੁਲੀਸ ਨੇ ਕਿਹਾ ਕਿ ਹਾਦਸੇ ਵਿਚ ਚਿਰੰਜੀਵੀ ਪਾਂਗੁਲੂਰੀ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ, ਜਦੋਂਕਿ ਤਿੰਨ ਹੋਰ ਸਹਿ-ਯਾਤਰੀਆਂ, ਜਿਨ੍ਹਾਂ ਵਿਚੋਂ ਇਕ ਮਹਿਲਾ ਤੇ ਦੋ ਪੁਰਸ਼ ਅਤੇ ਕਾਰ ਦੇ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ। ਪੁਲੀਸ ਮੁਤਾਬਕ ਹਾਦਸਾ ਮੰਗਲਵਾਰ ਸਵੇਰ ਨੂੰ ਵਾਪਰਿਆ। ਪੁਲੀਸ ਨੇ ਇਸ ਮਾਮਲੇ ਵਿਚ 27 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ, ਹਾਲਾਂਕਿ ਮਗਰੋਂ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਪੁਲੀਸ ਬਿਆਨ ਮੁਤਾਬਕ ਸਲੇਟੀ ਰੰਗ ਦੀ ਮਾਜ਼ਦਾ 3 ਤਾਮੂਰਾ ਲੈਸਟਰ ਤੋਂ ਮਾਰਕੀਟ ਹਾਰਬੋਰੋ ਵੱਲ ਜਾ ਰਹੀ ਸੀ ਕਿ ਸੜਕ ਛੱਡ ਕੇ ਇਕ ਖੱਡ ਵਿਚ ਉੱਤਰ ਗਈ। ਹਾਦਸੇ ਵਿਚ ਸ਼ਾਮਲ ਸਾਰੇ ਵਿਅਕਤੀ ਪਿੱਛੋਂ ਆਂਧਰਾ ਪ੍ਰਦੇਸ਼ ਨਾਲ ਸਬੰਧਤ ਦੱਸੇ ਜਾਂਦੇ ਹਨ।

# ਸੰਯੁਕਤ ਰਾਸ਼ਟਰ ਵੱਲੋਂ ਗਾਜ਼ਾ 'ਚ ਗੋਲੀਬੰਦੀ ਸਬੰਧੀ ਮਤਾ ਪਾਸ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਮਹਾਸਭਾ ਨੇ ਗਾਜ਼ਾ ਵਿੱਚ ਤੁਰੰਤ ਗੋਲੀਬੰਦੀ ਦੀ ਮੰਗ ਕਰਨ ਵਾਲੇ ਪ੍ਰਸਤਾਵਾਂ ਨੂੰ ਭਾਰੀ ਬਹੁਮਤ ਨਾਲ ਮਨਜ਼ੂਰੀ ਦੇ ਦਿੱਤੀ ਹੈ ਅਤੇ ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਏਜੰਸੀ ਦਾ ਸਮਰਥਨ ਕੀਤਾ ਹੈ, ਜਿਸ 'ਤੇ ਇਜ਼ਰਾਈਲ ਨੇ ਪਾਬੰਦੀ ਲਾਉਣ ਦਾ ਪ੍ਰਸਤਾਵ ਰੱਖਿਆ ਹੈ। ਭਾਰਤ ਨੇ ਵੀ ਸੰਯੁਕਤ ਰਾਸ਼ਟਰ ਆਮ ਸਭਾ ਦੇ ਮਤੇ ਦੇ ਹੱਕ ਵਿੱਚ ਵੋਟ ਪਾਈ। 193 ਮੈਂਬਰੀ ਵਿਸ਼ਵ ਸੰਸਥਾ ਵਿੱਚ ਗੋਲੀਬੰਦੀ ਦੀ ਮੰਗ ਵਾਲੇ ਪ੍ਰਸਤਾਵ ਦੇ ਪੱਖ ਵਿੱਚ 158 ਵੋਟਾਂ ਪਈਆਂ ਜਦਕਿ ਵਿਰੋਧ ਵਿੱਚ ਨੌਂ ਵੋਟਾਂ ਪਈਆਂ। ਵੋਟਿੰਗ ਦੌਰਾਨ 13 ਮੈਂਬਰ ਗੈਰ-ਹਾਜ਼ਰ ਸਨ। ਉੱਧਰ, ਯੂਐੱਨਆਰਡਬਲਿਊਏ ਨਾਮ ਦੀ ਏਜੰਸੀ ਦੇ ਸਮਰਥਨ ਵਿੱਚ ਨੌਂ ਦੇ ਮੁਕਾਬਲੇ 159 ਵੋਟਾਂ ਪਈਆਂ ਅਤੇ 11 ਮੈਂਬਰ ਗੈਰ-ਹਾਜਰ ? ਸਨ। ਵੋਟਿੰਗ ਤੋਂ ਬਾਅਦ ਦੋ ਦਿਨਾਂ ਤੱਕ ਬਹਿਸ ਦਾ ਦੌਰ ਚੱਲਿਆ, ਜਿਸ ਵਿੱਚ ਇਜ਼ਰਾਈਲ ਤੇ ਅਤਿਵਾਦੀ ਹਮਾਸ ਸਮੂਹ ਵਿਚਾਲੇ 14 ਮਹੀਨਿਆਂ ਤੋਂ ਜਾਰੀ ਜੰਗ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ। ਇਜ਼ਰਾਈਲ ਤੇ ਉਸ ਦੇ ਨੇੜਲੇ ਸਹਿਯੋਗੀ ਅਮਰੀਕਾ ਨੇ ਪ੍ਰਸਤਾਵਾਂ ਦੇ ਵਿਰੋਧ ਵਿੱਚ ਵੋਟਿੰਗ ਕੀਤੀ। ਸੁਰੱਖਿਆ ਕੌਂਸਲ ਦੇ ਪ੍ਰਸਤਾਵ ਕਾਨੂੰਨੀ ਤੌਰ 'ਤੇ ਮੰਨਣਯੋਗ ਹੁੰਦੇ ਹਨ ਪਰ ਮਹਾਸਭਾ ਦੇ ਪ੍ਰਸਤਾਵ ਹਰੇਕ ਹਾਲ ਵਿੱਚ ਮੰਨਣ ਵਾਲੇ ਨਹੀਂ ਹੁੰਦੇ ਹਨ। ਹਾਲਾਂਕਿ, ਉਹ ਵਿਸ਼ਵ ਦੀ ਰਾਇ ਨੂੰ ਦਰਸਾਉਂਦੇ ਹਨ। ਮਹਾਸਭਾ ਵਿੱਚ ਕੋਈ ਵੀਟੋ ਨਹੀਂ ਹੁੰਦਾ। ਸੁਰੱਖਿਆ ਕੌਂਸਲ ਵਿੱਚ ਗਾਜ਼ਾ 'ਚ ਤੁਰੰਤ ਗੋਲੀਬੰਦੀ ਸਬੰਧੀ ਪ੍ਰਸਤਾਵ 'ਤੇ ਅਮਰੀਕਾ ਨੇ 20 ਨਵੰਬਰ ਨੂੰ ਵੀਟੋ ਕਰ ਦਿੱਤਾ ਸੀ, ਜਿਸ ਮਗਰੋਂ ਫਲਸਤੀਨ ਤੇ ਉਸ ਦੇ ਸਮਰਥਕਾਂ ਨੇ ਮਹਾਸਭਾ ਦਾ ਰੁਖ਼ ਕੀਤਾ। ਪ੍ਰਸਤਾਵ ਵਿੱਚ ਗਾਜ਼ਾ 'ਚ ਤੁਰੰਤ ਗੋਲੀਬੰਦੀ ਦੀ ਮੰਗ ਕੀਤੀ ਗਈ ਸੀ। ਕੌਂਸਲ ਦੇ 14 ਹੋਰ ਮੈਂਬਰਾਂ ਨੇ ਇਸ ਦਾ ਸਮਰਥਨ ਕੀਤਾ ਪਰ ਅਮਰੀਕਾ ਨੇ ਇਸ ਗੱਲ 'ਤੇ ਇਤਰਾਜ਼ ਦਾਇਰ ਕੀਤਾ ਕਿ ਇਸ ਵਿੱਚ 7 ਅਕਤੂਬਰ 2023 ਨੂੰ ਇਜ਼ਰਾਈਲ 'ਤੇ ਹਮਲੇ ਦੌਰਾਨ ਹਮਾਸ ਦੇ ਅਤਿਵਾਦੀਆਂ ਵੱਲੋਂ ਬੰਦੀ ਬਣਾਏ ਗਏ ਲੋਕਾਂ ਦੀ ਤੁਰੰਤ ਰਿਹਾਈ ਦੀ ਕੋਈ ਗੱਲ ਨਹੀਂ ਕੀਤੀ ਗਈ, ਜਿਸ ਕਾਰਨ ਜੰਗ ਸ਼ੁਰੂ ਹੋਈ ਸੀ।

## ਦੱਖਣੀ ਕੋਰੀਆ: ਰਾਸ਼ਟਰਪਤੀ ਖ਼ਿਲਾਫ਼ ਮਹਾਦੋਸ਼ ਚਲਾਉਣ ਲਈ ਨਵਾਂ ਮਤਾ ਪੇਸ਼

ਸਿਓਲ : ਦੱਖਣੀ ਕੋਰੀਆ ਦੀ ਸੰਸਦ ਨੇ ਕਿਹਾ ਹੈ ਕਿ ਮੁੱਖ ਵਿਰੋਧੀ ਧਿਰ ਡੈਮੋਕਰੈਟਿਕ ਪਾਰਟੀ ਅਤੇ ਪੰਜ ਹੋਰ ਪਾਰਟੀਆਂ ਨੇ ਰਾਸ਼ਟਰਪਤੀ ਯੂਨ ਸੁਕ ਯੇਓਲ ਖ਼ ?ਲਾਫ਼ ਮਹਾਦੋਸ਼ ਚਲਾਉਣ ਲਈ ਅੱਜ ਨਵਾਂ ਸਾਂਝਾ ਮਤਾ ਪੇਸ਼ ਕੀਤਾ ਹੈ। ਪਾਰਟੀਆਂ ਨੇ ਕਿਹਾ ਕਿ ਉਨ੍ਹਾਂ ਦਾ ਟੀਚਾ ਸ਼ਨਿਚਰਵਾਰ ਨੂੰ ਸਦਨ 'ਚ ਇਸ ਮਤੇ 'ਤੇ ਵੋਟਿੰਗ ਕਰਾਉਣਾ ਹੈ। ਯੂਨ ਵੱਲੋਂ 3 ਦਸੰਬਰ ਨੂੰ ਮਾਰਸ਼ਲ



ਲਾਅ ਲਾਗੂ ਕੀਤੇ ਜਾਣ ਦੇ ਐਲਾਨ ਨਾਲ ਸਿਆਸੀ ਤੌਰ 'ਤੇ ਬਦਅਮਨੀ ਫੈਲ ਗਈ ਸੀ ਅਤੇ ਉਸ ਨੂੰ ਲਾਂਭੇ ਕਰਨ ਦੀ ਮੰਗ ਨੂੰ ਲੈ ਕੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਸਨ। ਸੰਸਦ ਨੇ ਮਾਰਸ਼ਲ ਲਾਅ ਲਾਗੂ ਕਰਨ ਦੇ ਮਾਮਲੇ 'ਚ ਪੁਲੀਸ ਮੁਖੀ ਚੋ ਜੀ ਹੋ ਅਤੇ ਨਿਆਂ ਮੰਤਰੀ ਪਾਰਕ ਸੁੰਗ ਖ਼ ?ਲਾਫ਼ ਮਹਾਦੋਸ਼ ਚਲਾਉਣ ਅਤੇ ਉਨ੍ਹਾਂ ਨੂੰ ਮੁਅੱਤਲ ਕਰਨ ਦੇ ਮਤੇ ਵੀ ਪਾਸ ਕਰ ਦਿੱਤੇ ਹਨ। ਉਧਰ ਯੂਨ ਨੇ ਮਾਰਸ਼ਲ ਲਾਅ ਲਗਾਉਣ ਦੇ ਆਪਣੇ ਹੁਕਮਾਂ ਦਾ ਵੀਰਵਾਰ ਨੂੰ ਬਚਾਅ ਕਰਦਿਆਂ ਬਗ਼ਾਵਤ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨਕ ਪ੍ਰਬੰਧ ਦੀ ਰੱਖਿਆ ਦੇ ਉਦੇਸ਼ ਨਾਲ ਉਨ੍ਹਾਂ ਇਹ ਫ਼ੈਸਲਾ ਲਿਆ ਸੀ। ਯੂਨ ਨੇ ਕਿਹਾ, "ਮੈਂ ਅਖੀਰ ਤੱਕ ਲੜਾਂਗਾ ਤਾਂ ਜੋ ਦੇਸ਼ ਦੀ ਸਰਕਾਰ ਨੂੰ ਕਮਜ਼ੋਰ ਬਣਾਉਣ ਅਤੇ ਸੰਵਿਧਾਨਕ ਪ੍ਰਬੰਧ 'ਚ ਅੜਿੱਕੇ ਡਾਹੁਣ ਲਈ ਜ਼ਿੰਮੇਵਾਰ ਤਾਕਤਾਂ ਨੂੰ ਕੋਰੀਆ ਗਣਰਾਜ ਦੇ ਭਵਿੱਖ ਲਈ ਖ਼ਤਰਾ ਬਣਨ ਤੋਂ ਰੋਕਿਆ ਜਾ ਸਕੇ।" ਯੂਨ 'ਤੇ ਮਹਾਦੋਸ਼ ਚਲਾਉਣ ਦੀ ਪਿਛਲੀ ਕੋਸ਼ਿਸ਼ ਨਾਕਾਮ ਹੋ ਗਈ ਸੀ ਕਿਉਂਕਿ ਯੂਨ ਦੀ ਹੁਕਮਰਾਨ ਪੀਪਲਜ਼ ਪਾਵਰ ਪਾਰਟੀ ਦੇ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਵੋਟਿੰਗ ਦਾ ਬਾਈਕਾਟ ਕੀਤਾ ਸੀ।

## ਰੂਸ ਨਵੀਂ ਮਿਜ਼ਾਈਲ ਨਾਲ ਯੂਕਰੇਨ 'ਤੇ ਕਰ ਸਕਦਾ ਹੈ ਹਮਲਾ: ਅਮਰੀਕਾ

ਵਾਸ਼ਿੰਗਟਨ : ਅਮਰੀਕਾ ਨੇ ਚਿਤਾਵਨੀ ਦਿੱਤੀ ਹੈ ਕਿ ਰੂਸ ਅਗਲੇ ਦਿਨਾਂ ਵਿੱਚ ਯੂਕਰੇਨ ਖ਼ ?ਲਾਫ਼ ਮੁੜ ਤੋਂ ਨਵੀਂ ਖਤਰਨਾਕ ਮਿਜ਼ਾਈਲ ਵਰਤ ਸਕਦਾ ਹੈ। ਅਮਰੀਕਾ ਦੇ ਦੋ ਅਧਿਕਾਰੀਆਂ ਮੁਤਾਬਕ ਅਮਰੀਕੀ ਖੁਫੀਆ ਮੁਲਾਂਕਣ ਤੋਂ ਪਤਾ ਚੱਲਿਆ ਹੈ ਕਿ ਰੂਸ ਛੇਤੀ ਹੀ ਯੂਕਰੇਨ 'ਤੇ ਆਪਣੀ ਖਤਰਨਾਕ ਨਵੀਂ ਮੱਧਮ ਦੂਰੀ ਦੀ ਬੈਲਿਸਟਿਕ ਮਿਜ਼ਾਈਲ ਨਾਲ ਹਮਲਾ ਕਰ ਸਕਦਾ ਹੈ। ਅਧਿਕਾਰੀਆਂ ਵਿੱਚੋਂ ਇੱਕ ਨੇ ਕਿਹਾ ਕਿ ਪਿਛਲੇ ਮਹੀਨੇ ਪਹਿਲੀ ਵਾਰ ਵਰਤੀ ਗਈ ਓਰੇਸ਼ਨਿਕ ਮਿਜ਼ਾਈਲ ਨੂੰ ਡਰਾਉਣ-ਧਮਕਾਉਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਇਹ ਖਤਰਾ ਅਜਿਹੇ ਸਮੇਂ ਸਾਹਮਣੇ ਆਇਆ ਹੈ, ਜਦੋਂ ਦੋਵੇਂ ਧਿਰਾਂ ਤਿੰਨ ਸਾਲ ਤੋਂ ਚੱਲ ਰਹੇ ਯੁੱਧ, ਜਿਸ ਨੂੰ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖ਼ਤਮ ਕਰਨ ਦਾ ਅਹਿਦ ਲਿਆ ਹੈ, ਵਿੱਚ ਲਾਹਾ ਲੈਣ ਦੀ ਕੋਸ਼ਿਸ਼ ਵਿੱਚ ਜੁਟੀਆਂ ਹੋਈਆਂ ਹਨ। ਅਮਰੀਕਾ ਨੇ ਯੂਕਰੇਨ ਨੂੰ ਇੱਕ ਅਰਬ ਅਮਰੀਕੀ ਡਾਲਰ ਦੀ ਮਦਦ ਦੇਣ ਦਾ ਵਾਅਦਾ ਕੀਤਾ ਹੈ।

# ਦਿਲਜੀਤ ਦੋਸਾਂਝ ਦੇ ਚੰਡੀਗੜ੍ਹ ਸ਼ੋਅ 'ਚ ਨਹੀਂ ਸੁਣ ਪਾਓਗੇ ਇਹ ਹਿੱਟ ਗਾਣੇ, ਐਡਵਾਈਜ਼ਰੀ ਹੋਈ ਜਾਰੀ




## ਦਿਲਜੀਤ ਦੋਸਾਂਝ ਦੇ ਸ਼ੋਅ ਨੂੰ ਲੈ ਕੇ ਵਿਵਾਦ

ਦਰਅਸਲ, ਦਿਲਜੀਤ ਦਿਲ-ਲੁਮੀਨਾਟੀ ਟੂਰ ਕਰ ਰਹੇ ਹਨ, ਜਿਸ ਦੇ ਤਹਿਤ ਉਹ ਕੌਮੀ-ਕੌਮਾਂਤਰੀ ਪੱਧਰ @ਤੇ ਆਪਣੇ ਲਾਈਵ ਸ਼ੋਅ ਕਰ ਰਹੇ ਹਨ। ਸਮਾਜ ਸ਼ਾਸਤਰ ਦੇ ਸਹਾਇਕ ਪ੍ਰੋਫੈਸਰ ਪੰਡਿਤਰਾਓ ਧਰੇਨਵਰ ਨੇ ਇਸ ਤੋਂ ਪਹਿਲਾਂ ਨਵੰਬਰ ਵਿੱਚ ਵੀ ਦਿਲਜੀਤ ਦੁਸਾਂਝ ਖ਼ ?ਲਾਫ਼ ਸ਼ਿਕਾਇਤ ਦਿੱਤੀ ਸੀ। ਇਸ ਦੀ ਪੁਸ਼ਟੀ ਪ੍ਰੋਫੈਸਰ ਪੰਡਿਤਰਾਓ ਧਰੇਨਵਰ ਨੇ ਬੀਬੀਸੀ ਨਾਲ ਗੱਲ ਕਰਦਿਆਂ ਕੀਤੀ ਹੈ ਕਿ ਉਨ੍ਹਾਂ ਨੇ ਇਸ ਸਬੰਧੀ ਸ਼ਿਕਾਇਤ ਕੀਤੀ ਸੀ। ਇਸ @ਤੇ ਕਾਰਵਾਈ ਕਰਦਿਆਂ ਜ਼ਿਲ੍ਹਾ ਬਾਲ ਭਲਾਈ ਅਫ਼ਸਰ, ਤੇਲੰਗਾਨਾ ਨੇ ਵੀ ਬੱਚਿਆਂ ਨੂੰ ਸਟੇਜ 'ਤੇ ਨਾ ਸੱਦਣ ਅਤੇ ਸ਼ਰਾਬ, ਨਸ਼ੇ ਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤ ਨਾ ਗਾਉਣ ਲਈ ਨੋਟਿਸ ਜਾਰੀ ਕੀਤਾ ਸੀ। ਹਾਲਾਂਕਿ, ਗਾਇਕ ਦਿਲਜੀਤ ਦੋਸਾਂਝ ਨੇ ਨੋਟਿਸ ਦਾ ਪਾਲਣ ਵੀ ਕੀਤਾ ਅਤੇ ਸਟੇਜ 'ਤੇ ਬੱਚਿਆਂ ਦੀ ਵਰਤੋਂ ਨਹੀਂ ਕੀਤੀ ਪਰ ਉਨ੍ਹਾਂ ਸ਼ਬਦਾਂ ਨੂੰ ਤੋੜ ਮਰੋੜ ਕੇ ਪਟਿਆਲਾ ਪੈੱਗ, 5 ਤਾਰਾ ਠੇਕੇ ਅਤੇ ਕੇਸ ਦੇ ਗੀਤ ਗਾਏ। ਇਸ ਤੋਂ ਇਲਾਵਾ ਪੰਡਿਤਰਾਓ ਨੇ ਕਰਨ ਔਜਲਾ ਖ਼ ?ਲਾਫ ਵੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਨੇ ਔਜਲਾ ਨੂੰ ਚਿੱਟਾ ਕੁੜਤਾ, ਅਧੀਆ, ਸ਼ਰਾਬ, ਬੰਦੂਕ ਅਤੇ ਥੋੜ੍ਹੇ ਦਿਨ ਗਾਉਣ ਸਬੰਧੀ ਸ਼ਿਕਾਇਤ ਵੀ ਕੀਤੀ ਸੀ। ਕਰਨ ਔਜਲਾ ਨੇ ਵੀ 7 ਦਸੰਬਰ 2024 ਨੂੰ ਹੋਏ ਆਪਣੇ ਸ਼ੋਅ ਵਿੱਚ ਇਹ ਗੀਤ ਨਹੀਂ ਗਾਏ ਸਨ। ਪੰਡਿਤਰਾਓ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਗਾਇਕ ਦਿਲਜੀਤ ਦੋਸਾਂਝ ਬੱਚਿਆਂ ਦੇ ਵਡੇਰੇ ਹਿੱਤ ਵਿੱਚ ਸਲਾਹ ਦੀ ਪਾਲਣਾ ਕਰਨਗੇ।

ਪੰਜਾਬ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਆਪਣੇ ਦਿਲ-ਲੁਮੀਨਾਟੀ ਟੂਰ ਨੂੰ ਲੈ ਕੇ ਅਕਸਰ ਸੁਰਖ਼ੀਆਂ ਵਿੱਚ ਰਹਿੰਦੇ ਹਨ। ਇਸੇ ਟੂਰ ਦੇ ਤਹਿਤ ਦਿਲਜੀਤ ਦਾ ਅਗਲਾ ਸ਼ੋਅ ਚੰਡੀਗੜ੍ਹ ਵਿੱਚ 14 ਦਸੰਬਰ ਨੂੰ ਹੋਣ ਜਾ ਰਿਹਾ ਹੈ ਅਤੇ ਇਸ ਸ਼ੋਅ ਦੌਰਾਨ ਬੱਚਿਆਂ ਨੂੰ ਲੈ ਕੇ ਇੱਕ ਖ਼ਾਸ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ ਸੈਕਟਰ 34 ਵਿੱਚ ਹੋ ਰਹੇ ਦਿਲਜੀਤ ਦੇ ਸ਼ੋਅ ਨੂੰ ਲੈ ਕੇ ਇਹ ਚੰਡੀਗੜ੍ਹ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੇ ਕੁਝ ਹਦਾਇਤਾਂ ਦਿੱਤੀਆਂ ਹਨ। ਇਹ ਹਦਾਇਤਾਂ ਚੰਡੀਗੜ੍ਹ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੀ ਚੇਅਰਪਰਸਨ ਸ਼ਿਪਰਾ ਬਾਂਸਲ ਵੱਲੋਂ ਪੰਡਿਤਰਾਓ ਧਰੇਨਵਰ ਵੱਲੋਂ ਦਾਇਰ ਕੀਤੀ ਗਈ ਪ੍ਰਤੀਨਿਧਤਾ ਦੇ ਆਧਾਰ 'ਤੇ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ ਪ੍ਰਬੰਧਕਾਂ ਅਤੇ ਗਾਇਕ ਦਿਲਜੀਤ ਦੁਸਾਂਝ ਨੂੰ ਪਟਿਆਲਾ ਪੈੱਗ, 5 ਤਾਰਾ ਠੇਕੇ ਅਤੇ ਕੇਸ ਤੋੜ-ਮਰੋੜ ਕੇ ਵੀ ਨਾ ਗਾਉਣ ਲਈ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਚੰਡੀਗੜ੍ਹ ਵਿੱਚ ਸੀਸੀਪੀਸੀਆਰ ਨੇ ਸਪੱਸ਼ਟ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਇਹ ਗੀਤ ਪ੍ਰਭਾਵਸ਼ਾਲੀ ਉਮਰ ਦੇ ਬੱਚਿਆਂ ਨੂੰ ਪ੍ਰਭਾਵਿਤ ਕਰਦੇ ਹਨ।

**ਕਮਿਸ਼ਨ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਇਹ ਹਦਾਇਤਾਂ ਕੁਝ ਇਸ ਤਰ੍ਹਾਂ ਹਨ-**

ਵਿਸ਼ਵ ਸਿਹਤ ਸੰਗਠਨ ਮੁਤਾਬਕ ਬਾਲਗ਼ਾਂ ਲਈ ਪੀਕ ਸਾਊਂਡ ਪ੍ਰੈਸ਼ਰ ਲੈਵਲ 140ਡੀਬੀ ਹੈ ਅਤੇ ਬੱਚਿਆਂ ਲਈ ਇਹ 120ਡੀਬੀ ਨਿਰਧਾਰਿਤ ਹੈ ਅਤੇ ਸਟੇਜ ਉੱਤੇ ਲਾਈਵ ਸ਼ੋਅ ਦੌਰਾਨ ਪੀਕ ਸਾਊਂਡ ਪ੍ਰੈਸ਼ਰ ਲੈਵਲ 120ਡੀਬੀ ਤੋਂ ਵੱਧ ਹੁੰਦਾ ਜੋ ਬੱਚਿਆਂ ਲਈ ਨੁਕਸਾਨਦੇਹ ਹੁੰਦਾ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਅਜਿਹੇ ਵਿੱਚ ਬੱਚਿਆਂ ਨੂੰ ਸਟੇਜ @ਤੇ ਨਾ ਬੁਲਾਇਆ ਜਾਵੇ। ਪਟਿਆਲਾ ਪੈੱਗ, 5 ਤਾਰਾ ਠੇਕੇ ਅਤੇ ਕੇਸ ਵਰਗੇ ਗੀਤ ਨਾ ਗਾਏ ਜਾਣ ਅਤੇ ਇੱਥੋਂ ਤੱਕ ਕਿ ਸ਼ਰਾਬ, ਡਰੱਗ ਅਤੇ ਹਿੰਸਾ ਵਾਲੇ ਸ਼ਬਧਾਂ ਵਾਲੇ ਗੀਤ ਵੀ ਨਾ ਗਾਏ ਜਾਣ। ਇਹ ਬੱਚਿਆਂ @ਤੇ ਪ੍ਰਭਾਵਸ਼ਾਲੀ ਉਮਰ ਵਿੱਚ ਅਸਰ ਪਾ ਸਕਦੇ ਹਨ। ਇਹ ਯਕੀਨੀ ਬਣਾਇਆ ਜਾਵੇ ਕਿ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਸ਼ਰਾਬ ਨਾ ਦਿੱਤੀ ਜਾਵੇ ਜੋ ਜੇਜੇ ਐਕਟ ਅਤੇ ਕਾਨੂੰਨ ਦੀਆਂ ਹੋਰਨਾਂ ਵਿਵਸਥਾਵਾਂ ਦੇ ਤਹਿਤ ਸਜ਼ਾਯੋਗ ਹੈ।

**ਬਜਰੰਗ ਦਲ ਵੱਲੋਂ ਸ਼ੋਅ ਦਾ ਵਿਰੋਧ**

8 ਦਸੰਬਰ ਨੂੰ ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਹੋਏ ਦਿਲਜੀਤ ਦੇ ਕੌਂਸਰਟ ਨੂੰ ਲੈ ਕੇ ਬਜਰੰਗ ਦਲ ਨੇ ਵੀ ਮੋਰਚਾ ਖੋਲ੍ਹਿਆ। ਖ਼ਬਰ ਏਜੰਸੀ ਏਐੱਨਆਈ ਦੀ ਖ਼ਬਰ ਮੁਤਾਬਕ ਵਿਸ਼ਵ ਹਿੰਦੂ ਪਰੀਸ਼ਦ ਦੇ ਮੈਂਬਰ ਬਜਰੰਗ ਦਲ ਦੇ ਯਸ਼ ਬਚਾਨੀ ਨੇ ਕਿਹਾ ਸੀ ਕਿ ਸ਼ੋਅ ਦੌਰਾਨ ਮੀਟ ਅਤੇ ਸ਼ਰਾਬ ਨੂੰ ਪਰੋਸੇ ਜਾਣ ਤੋਂ ਰੋਕਿਆ ਜਾਵੇ ਅਤੇ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਹਾਲਾਂਕਿ, ਪੁਲਿਸ ਨੇ ਕਿਹਾ ਸੀ ਕਿ ਉਨ੍ਹਾਂ ਨੇ ਸ਼ੋਅ ਦੌਰਾਨ ਸ਼ਰਾਬ ਦੀ ਖੁੱਲ੍ਹੇਆਮ ਵਰਤੋਂ ਨੂੰ ਮਨਜ਼ੂਰੀ ਨਹੀਂ ਦਿੱਤੀ ਹੈ। ਇੰਦੌਰ ਵਿੱਚ ਹੋਏ ਸ਼ੋਅ ਦੌਰਾਨ ਦਿਲਜੀਤ ਦੋਸਾਂਝ ਨੇ ਰਾਹਤ ਇੰਦੌਰੀ ਦਾ ਇੱਕ ਸ਼ੇਅਰ ਬੋਲਿਆ, ਜੋ ਇਸ ਤਰ੍ਹਾਂ ਹੈ ਅਗਰ ਖ਼ਲਾਫ਼ ਹੈਂ ਤੋਂ ਹੋਨੇ ਦੋ, ਜਾਨ ਥੋੜ੍ਹੀ ਹੈ

ਇਹ ਸਭ ਧੂੰਆਂ ਹੈ, ਕੋਈ ਆਸਮਾਨ ਥੋੜ੍ਹੀ ਹੈ
ਸਭੀ ਕਾ ਖ਼ੂਨ ਸ਼ਾਮਲ ਹੈ ਜਹਾਂ ਕੀ ਮਿੱਟੀ ਮੇਂ
ਕਿਸੇ ਕੇ ਬਾਪ ਦਾ ਹਿੰਦੁਸਤਾਨ ਥੋੜ੍ਹੀ ਹੈ

ਇਸ ਤੋਂ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਬਜਰੰਗ ਦਲ ਨੂੰ ਦਿੱਤੀ ਪ੍ਰਤੀਕਿਰਿਆ ਵਜੋਂ ਲਿਆ। ਇਸ ਤੋਂ ਪਹਿਲਾਂ ਦਿਲਜੀਤ ਦੇ ਸ਼ੋਅ ਦੀਆਂ ਟਿਕਟਾਂ ਨੂੰ ਲੈ ਕੇ ਵੀ ਵਿਵਾਦ ਉੱਠਦਾ ਰਿਹਾ ਕਿ ਟਿਕਟਾਂ ਦੀ ਕਾਲਾ ਬਾਜ਼ਾਰੀ ਹੁੰਦੀ ਹੈ। ਖ਼ਬਰ ਏਜੰਸੀ ਦੀ ਖ਼ਬਰ ਮੁਤਾਬਕ, ਦਿਲਜੀਤ @ਤੇ ਸ਼ੋਅ ਦੀਆਂ ਟਿਕਟਾਂ ਦੀ ਕਾਲਾਬਜ਼ਾਰੀ ਨੂੰ ਲੈ ਕੇ ਦਿੱਲੀ, ਮੁੰਬਈ, ਜੈਪੁਰ, ਚੰਡੀਗੜ੍ਹ ਅਤੇ ਬੰਗਲੁਰੂ ਵਿੱਚ ਛਾਪੇਮਾਰੀ ਵੀ ਕੀਤੀ ਸੀ। ਇਸ ਕਾਰਵਾਈ ਤੋਂ ਬਾਅਦ ਕਈ ਐੱਫਆਈਆਰਜ਼ ਵੀ ਦਰਜ ਹੋਈਆਂ ਸਨ।

**ਦਿਲਜੀਤ ਦੋਸਾਂਝ ਦਾ ਸਟਾਰਡਮ**

40 ਸਾਲਾ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਫਿਲਹਾਲ ਪੰਜਾਬੀ ਮਨੋਰੰਜਨ ਜਗਤ ਦੇ ਮਾਊਂਟ ਐਵਰੈਸਟ ਉੱਤੇ ਚੌਂਕੜੀ ਮਾਰ ਕੇ ਬੈਠੇ ਹਨ। ਉਹ ਇੱਕ ਅਜਿਹੀ ਪੀੜ੍ਹੀ ਦੀ ਨੁਮਾਇੰਦਗੀ ਕਰ ਰਹੇ ਹਰ ਜੋ ਪੰਜਾਬੀ ਸੰਗੀਤ ਅਤੇ ਗਾਇਕੀ ਨੂੰ ਰੈਪ ਅਤੇ ਹਿਪ-ਹੌਪ ਨਾਲ ਮਿਲਾ ਕੇ ਗਾ ਰਹੀ ਹੈ। ਇਸੇ ਸਾਲ ਦਿਲਜੀਤ ਅਮਰੀਕਾ ਦੇ ਮਸ਼ਹੂਰ ਦਿ ਟੂਨਾਈਟ ਸ਼ੋਅ ਵਿੱਚ ਪੇਸ਼ਕਾਰੀ ਕਰਕੇ ਆਏ ਹਨ। ਅਜਿਹਾ ਕਰਨ ਵਾਲੇ ਉਹ ਪਹਿਲੇ ਪੰਜਾਬੀ ਕਲਾਕਾਰ ਹਨ। ਸੋਲਾਂ ਸਾਲ ਦੀ ਉਮਰ ਵਿੱਚ ਦਿਲਜੀਤ ਨੇ ਪਹਿਲੀ ਐਲਬਮ ਜਾਰੀ ਕੀਤੀ ਸੀ। ਗੀਤ ਨਾਈਟ ਕਲੱਬਾਂ ਦੀ ਥਾਂ ਵਿਆਹਾਂ ਦੀ ਸ਼ੋਭਾ ਜ਼ਿਆਦਾ ਬਣੇ, ਜਿੱਥੇ ਉਨ੍ਹਾਂ ਦੇ ਭੋਲੇਪਨ ਅਤੇ ਰੂਹ ਤੋਂ ਨਿਕਲੀ ਅਵਾਜ਼ ਨੇ ਉਨ੍ਹਾਂ ਨੂੰ ਝੱਟ ਹੀ ਮਸ਼ਹੂਰ ਕਰ ਦਿੱਤਾ। ਜਲਦੀ ਹੀ ਉਨ੍ਹਾਂ ਨੂੰ ਲਗਭਗ ਹਰ ਰੋਜ਼ ਹੀ ਸ਼ੋਅ ਮਿਲਣ ਲੱਗ ਪਏ। ਕੁਝ ਸਾਲਾਂ ਬਾਅਦ ਉਨ੍ਹਾਂ ਦੇ ਪਿਤਾ ਨੇ ਮਾਮੇ ਨਾਲ ਲੁਧਿਆਣੇ ਸ਼ਹਿਰ ਵਿੱਚ ਸਿੱਖਣ ਅਤੇ ਰਹਿਣ ਲਈ ਭੇਜ ਦਿੱਤਾ। ਉਹ ਇੱਕ ਸਥਾਨਕ ਸੰਗੀਤਕਾਰ ਸਨ। ਉਸ ਸਮੇਂ ਪੰਜਾਬੀ ਗਾਇਕੀ ਵਿੱਚ ਖੇਤਰੀ ਕਲਾਕਾਰ ਪੌਪ ਸੰਗੀਤ ਨਾਲ ਪ੍ਰਯੋਗ ਕਰ ਰਹੇ ਸਨ ਅਤੇ ਦਲੇਰ ਮਹਿੰਦੀ ਦਾ ਸਮਾਂ ਸੀ। ਸਾਲ 2006 ਵਿੱਚ ਦਿਲਜੀਤ ਨੇ ਆਪਣਾ ਪਹਿਲਾ ਵਿਦੇਸ਼ੀ ਦੌਰਾ ਕੀਤਾ ਅਤੇ ਇੱਕ ਸਾਲ ਬਾਅਦ ਆਪਣੀ ਦੂਜੀ ਐਲਬਮ ਜਾਰੀ ਕੀਤੀ। ਇਹ ਉਨ੍ਹਾਂ ਨੇ ਆਪਣਾ ਨਵੇਂ ਨਾਮ ਹੇਠਾਂ ਕੀਤੀ: ਦਿਲਜੀਤ ਦੋਸਾਂਝ। ਇੱਕ ਤੋਂ ਬਾਅਦ ਇੱਕ ਚੀਜ਼ਾਂ ਹੁੰਦੀਆਂ ਗਈਆਂ ਅਤੇ 2010 ਤੱਕ ਦਿਲਜੀਤ ਨੇ ਆਪਣੇ ਆਪ ਨੂੰ ਪੰਜਾਬੀ ਫਿਲਮ ਇੰਡਸਟਰੀ ਵਿੱਚ ਇੱਕ ਅਦਾਕਾਰ ਵਜੋਂ ਵੀ ਸਥਾਪਤ ਕਰ ਲਿਆ। ਛੇ ਸਾਲ ਬਾਅਦ ਉਨ੍ਹਾਂ ਨੇ ਬਾਲੀਵੁੱਡ ਵਿੱਚ ਪੈਰ ਰੱਖਿਆ ਅਤੇ ਹੁਣ ਉਹ ਇੱਕ ਗਲੋਬਲ ਸਟਾਰ ਹਨ। ਪਿਛਲੇ ਸਾਲ ਉਹ ਕੋਚੈਲਾ ਫੈਸਟੀਵਲ ਵਿੱਚ ਪਰਫਾਰਮ ਕਰਨ ਵਾਲੇ ਪਹਿਲੇ ਪੰਜਾਬੀ ਗਾਇਕ ਬਣੇ। ਉਨ੍ਹਾਂ ਨੇ ਗਾਇਕਾ ਸੀਆ ਨਾਲ ਵੀ ਕਲੈਬੋਰੇਟ ਕੀਤਾ ਅਤੇ ਸ਼ੀਰਨ ਦੀ ਭਾਰਤ ਫੇਰੀ ਦੌਰਾਨ ਉਨ੍ਹਾਂ ਦੇ ਨਾਲ ਗਾਇਆ। ਆਪਣੀਆਂ ਇੰਟਰਵਿਊਜ਼ ਵਿੱਚ ਦਿਲਜੀਤ ਦੋਸਾਂਝ ਨੇ ਕਈ ਵਾਰ ਕਿਹਾ ਹੈ ਕਿ ਉਨ੍ਹਾਂ ਦੀ ਸਫ਼ਲਤਾ ਕੋਈ ਸੰਜੋਗ ਮਾਤਰ ਨਹੀਂ ਹੈ ਸਗੋਂ ਉਨ੍ਹਾਂ ਨੇ ਇਸ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਜਦੋਂ ਕੋਈ ਮੌਕਾ ਨਹੀਂ ਮਿਲ ਰਿਹਾ ਸੀ ਉਹ ਉਦੋਂ ਵੀ ਗਾਇਕੀ ਦਾ ਅਭਿਆਸ ਕਰਦੇ ਸਨ।





# ਕਿਸਾਨ ਸੰਘਰਸ਼ 2.0: ਸ਼ੰਭੂ ਬਾਰਡਰ ’ਤੇ ਤਣਾਅ ਦਰਮਿਆਨ ਕਈ ਕਿਸਾਨ ਜ਼ਖ਼ਮੀ, ਜੱਥੇ ਨੂੰ ਵਾਪਸ ਮੋੜਿਆ ਗਿਆ



ਸੰਭੂ ਬਾਰਡਰ ਤੋਂ 101 ਕਿਸਾਨਾਂ ਦੇ ਦੂਜੇ ਜਥੇ ਨੇ ਇੱਕ ਵਾਰ ਫੇਰ ਦਿੱਲੀ ਬਾਰਡਰ ਵੱਲ ਕੂਚ ਦੀ ਕੋਸ਼ਿਸ਼ ਕੀਤੀ। ਪਰ ਵੱਧਦੇ ਤਣਾਅ ਦਰਮਿਆਨ ਕਿਸਾਨਾਂ ਦੇ ਜੱਥੇ ਨੂੰ ਵਾਪਸ ਮੋੜਿਆ ਗਿਆ।ਸਰਵਣ ਸਿੰਘ ਪੰਧੇਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੱਥਾ ਹੁਣ ਵਾਪਸ ਬੁਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਜੱਥੇ ਵਿੱਚ ਜਾ ਰਹੇ ਕਿਸਾਨ ਲਿਸਟ ਵਿੱਚ ਦਿੱਤੇ ਗਏ ਨਾਂ ਤੋਂ ਅੱਲਗ ਹਨ।ਉਨ੍ਹਾਂ ਕਿਹਾ ਕਿ ਲਿਸਟ ਵਿੱਚ ਸ਼ਾਮਲ ਨਾਂ ਵਾਲੇ ਕਿਸਾਨ ਹੀ ਜੱਥੇ ਵਿੱਚ ਭੇਜੇ ਗਏ ਸਨ।ਦਿੱਲੀ ਕੂਚ ਲਈ ਬਾਰਡਰ ਤੇ ਇਕੱਠੇ ਹੋਏ ਕਿਸਾਨਾਂ ਬਾਰੇ ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਹੱਝੂ ਗੋਲਿਆ ਦੀ ਵਰਤੋਂ ਕਾਰਨ ਕਈ ਕਿਸਾਨ ਜਖ਼ਮੀ ਹੋਏ ਹਨ ਅਤੇ ਇੱਕ ਕਿਸਾਨ ਨੂੰ ਜ਼ਿਆਦਾ ਜ਼ਖ਼ਮੀ ਹੋਣ ਕਾਰਨ ਪੀਜੀਆਈ ਰੈਫਰ ਕੀਤਾ ਗਿਆ ਹੈ। ਅਗਲੀ ਰਣਨੀਤੀ ਬਾਰੇ ਪੁੱਛਣ ਤੇ ਉਨ੍ਹਾਂ ਕਿਹਾ ਕਿ ਮੀਟਿੰਗ ਉਪਰੰਤ ਹੀ ਅਗਲਾ ਫੈਸਲਾ ਲਿਆ ਜਾਵੇਗਾ।ਇਸ ਤੋਂ ਪਹਿਲਾਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ’ਦਿੱਲੀ ਚਲੋ’ ਮਾਰਚ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਹਰਿਆਣਾ ਪੁਲਿਸ ਨੇ ਸ਼ੰਭੂ ਸਰਹੱਦ ’ਤੇ ਅੱਥਰੂ ਗੈਸ ਦੇ ਗੋਲੇ ਦਾਗੇ।ਹਰਿਆਣਾ ਪੁਲਿਸ ਵੱਲੋਂ ਦਾਗੇ ਗਏ ਅੱਥਰੂ ਗੈਸ ਦੇ ਗੋਲਿਆਂ ਕਾਰਨ ਤਿੰਨ ਹੋਰ ਪ੍ਰਦਰਸ਼ਨਕਾਰੀ ਜ਼ਖ਼ਮੀ ਹੋ ਗਏ। ਬੇਹੋਸ਼ ਅਤੇ ਜ਼ਖਮੀ ਹੋਏ ਕਿਸਾਨਾਂ ਨੂੰ ਪ੍ਰਦਰਸ਼ਨ ਵਾਲੀ ਜਗ੍ਹਾ ਤੋਂ ਚੁੱਕ ਕੇ ਐਂਬੂਲੈਂਸ ਤੱਕ ਲੈ ਜਾਇਆ ਗਿਆ।ਹਰਿਆਣਾ ਪੁਲਿਸ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਦਿੱਲੀ ਵਿੱਚ ਧਰਨਾ ਦੇਣ ਦੀ ਪ੍ਰਵਾਨਗੀ ਦਿਖਾਈ ਜਾਵੇ ਤਾਂ ਕਿਸਾਨਾਂ ਨੇ ਉਲਟਾ ਹਰਿਆਣਾ ਪੁਲਿਸ ਉੱਤੇ ਇਲਜ਼ਾਮ ਲਾਇਆ ਕਿ ਉਹ ਪੰਜਾਬ ਦੀ ਧਰਤੀ ਉੱਤੇ ਨਾਕੇਬੰਦੀ ਕਰਕੇ ਕਿਸਾਨਾਂ ਨੂੰ ਰੋਕ ਰਹੇ ਹਨ। ਇਸ ਲਈ ਹਰਿਆਣਾ ਪੁਲਿਸ ਪ੍ਰਵਾਨਗੀ ਦਿਖਾਏ।ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਹੈ। ਉਹ ਸ਼ਾਂਤਮਈ ਤਰੀਕੇ ਨਾਲ ਦਿੱਲੀ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਅੱਗੇ ਜਾਣ ਦਿੱਤਾ ਜਾਵੇ। ਪਰ ਕਿਸਾਨਾਂ ਦੀਆਂ ਦਲੀਲਾਂ ਦਾ ਹਰਿਆਣਾ ਪੁਲਿਸ ਉੱਤੇ ਕੋਈ ਅਸਰ ਨਹੀਂ ਹੋਇਆ।ਹਰਿਅਣਾ ਪੁਲਿਸ ਨੇ ਪੰਜਾਬ ਅਤੇ ਹਰਿਅਣਾ ਸਰਹੱਦ ਉੱਤੇ ਘੱਗਰ ਦਰਿਆ ਉੱਤੇ ਬਣੇ ਪੁਲਿਸ ਨੂੰ ਪੱਕੀਆਂ ਦੀਵਾਰਾਂ ਅਤੇ ਵੱਡੇ-ਵੱਡੇ ਮਿੱਟੀ ਦੇ ਭਰੇ ਟਰਾਲੇ ਖੜ੍ਹੇ ਕੀਤੇ ਹੋਏ ਹਨ।ਹਰਿਆਣਾ ਪੁਲਿਸ ਨੇ ਕਿਹਾ ਉਨ੍ਹਾਂ ਕੋਲ ਜਿਹੜੀ ਲਿਸਟ ਹੈ, ਉਸ ਵਿੱਚ ਜਥੇ ਵਿੱਚ ਸ਼ਾਮਲ ਕਿਸਾਨਾਂ ਦੇ ਨਾਂ ਨਹੀਂ ਹਨ। ਉਹ ਕਿਸਾਨਾਂ ਤੋਂ ਪਛਾਣ ਪੱਤਰ ਦਿਖਾਉਣ ਦੀ ਮੰਗ ਕਰ ਰਹੇ ਹਨ।ਕਿਸਾਨਾਂ ਨੇ ਪੁਲਿਸ ਨੂੰ ਉਨ੍ਹਾਂ ਦੇ ਅਧਾਰ ਕਾਰਡ ਦੇਖਣ ਲਈ ਕਿਹਾ ਪਰ ਪੁਲਿਸ ਮੁਲਾਜ਼ਮ ਇਹੀ ਕਹਿੰਦੇ ਰਹੇ ਕਿ ਲਿਸਟ ਵਿੱਚ ਉਨ੍ਹਾਂ ਦਾ ਨਾਂ ਨਹੀਂ ਹੈ।ਸ਼ੰਭੂ ਬਾਰਡਰ ਉੱਤੇ ਮੌਜੂਦ ਬੀਬੀਸੀ ਪੱਤਰਕਾਰ ਸਰਬਜੀਤ ਸਿੰਘ ਨੇ ਦੱਸਿਆ ਕਿ ਕਿਸਾਨ 101 ਮੈਂਬਰ ਬਿਲਕੁੱਲ ਸਾਂਤਮਈ ਤਰੀਕੇ ਨਾਲ ਅੱਗੇ ਵੱਲ ਵਧੇ ਪਰ ਉਨ੍ਹਾਂ ਨੂੰ ਕੁਝ ਦੂਰੀ ਉੱਤੇ ਹਰਿਆਣਾ ਪੁਲਿਸ ਨੇ ਅੱਗੇ ਨਹੀਂ ਜਾਣ ਦਿੱਤਾ।ਹਰਿਆਣਾ ਪੁਲਿਸ ਨੇ ਡੀਐੱਸਪੀ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਜਦੋਂ ਤੱਕ ਕਿਸਾਨਾਂ ਕੋਲ ਅੱਗੇ ਜਾਣ ਦੀ ਪ੍ਰਵਾਨਗੀ ਨਹੀਂ ਹੈ ਅਤੇ ਉਹ ਆਪਣੇ ਪਛਾਣ ਪੱਤਰ ਨਹੀਂ ਦਿਖਾਏ ਜਾਂਦੇ, ਉਹ ਅੱਗੇ ਨਹੀਂ ਜਾਣ ਦੇਣਗੇ।ਕਿਸਾਨਾਂ ਦਾ ਕਹਿਣਾ ਹੈ ਕਿ ਹਰਿਆਣਾ ਪੁਲਿਸ ਪਤਾ ਨਹੀਂ ਕਿਹੜੀ ਲਿਸਟ ਦੀ ਗੱਲ ਕਰ ਰਹੀ ਹੈ, ਪੰਜਾਬ ਪੁਲਿਸ ਨੂੰ ਜੋ ਲਿਸਟ ਭੇਜ ਕੇ ਵੈਰੀਫਿਕੇਸ਼ਨ ਕਰਵਾਈ ਗਈ ਹੈ, ਉਹ ਸੂਚੀ ਕਿਸਾਨਾਂ ਦੇ ਮੰਚ ਕੋਲ ਵੀ ਹੈ। ਕਿਸਾਨਾਂ ਦੀਆਂ ਦਲੀਲਾਂ ਦਾ ਜਦੋਂ ਕੋਈ ਅਸਰ ਨਹੀਂ ਹੋਇਆ ਤਾਂ ਉਹ ਵਾਪਸ ਆ ਗਏ। ਪਰ ਕੁਝ ਦੇਰ ਬਾਅਦ ਕਿਸਾਨ ਵਾਪਸ ਗਏ ਅਤੇ ਕੁਝ ਨੇ ਸੀਮਿੰਟ ਵਾਲੇ ਬੈਰੀਕੇਡ ਉੱਤੇ ਪੁਲਿਸ ਵਲੋਂ ਬਣਾਏ ਜੰਗਲੇ ਨੂੰ ਖਿੱਚਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਹੰਝੂ ਗੈਸ ਦੇ ਗੋਲ਼ੇ ਮੁੜ ਸੁੱਟੇ ਅਤੇ ਕਿਸਾਨਾਂ ਨੂੰ ਪਿੱਛੇ ਹਟਣਾ ਪਿਆ।ਸ਼ੁੱਕਰਵਾਰ 6 ਦਸੰਬਰ ਦੇ ਸ਼ੰਭੂ ਬਾਰਡਰ ਤੋਂ ਦਿੱਲੀ ਕੂਚ ਕਰਨ ਵਾਲੇ ਜਥੇ ਨੂੰ ਹਰਿਆਣਾ ਪੁਲਿਸ ਨੇ ਹੰਝੂ ਗੈਸ ਦੇ ਗੋਲ਼ਿਆ ਨਾਲ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ ਸੀ।ਜਿਸ ਤੋਂ ਬਾਅਦ ਕਿਸਾਨਾਂ ਨੇ ਸ਼ਨੀਵਾਰ ਦਾ ਦਿਨ ਸਰਕਾਰ ਨੂੰ ਗੱਲਬਾਤ ਦੁਬਾਰਾ ਸ਼ੁਰੂ ਕਰਨ ਦਾ ਸੱਦਾ ਦੇ ਕੇ ਐਲਾਨ ਕੀਤਾ ਸੀ ਕਿ ਜੇਕਰ ਸਰਕਾਰ ਗੱਲਬਾਤ ਲਈ ਤਿਆਰ ਹੁੰਦੀ ਹੈ ਤਾਂ ਕਿਸਾਨ ਦਿੱਲੀ ਕੂਚ ਟਾਲ਼ ਦੇਣਗੇ।ਪਰ ਸ਼ਨੀਵਾਰ ਸ਼ਾਮ ਤੱਕ ਕੋਈ ਹੁੰਗਾਰਾ ਨਾਲ ਮਿਲਣ ਕਾਰਨ ਕਿਸਾਨਾਂ ਨੇ ਐਤਵਾਰ ਨੂੰ ਦੂਜਾ ਜਥੇ ਦਿੱਲੀ ਭੇਜਣ ਦਾ ਐਲ਼ਾਨ ਕਰ ਦਿੱਤਾ। ਭਾਵੇਂ ਕਿ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਕਿਸੇ ਵੀ ਹਾਲਤ ਵਿੱਚ ਅੱਗੇ ਨਾ ਵਧਣ ਦੇਣ ਲਈ ਜਿਸ ਤਰ੍ਹਾਂ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ, ਉਨ੍ਹਾਂ ਵਿੱਚ ਕੋਈ ਕਮੀ ਨਹੀਂ ਆਈ ਹੈ।ਉੱਧਰ ਖਨੌਰੀ ਬਾਰਡਰ ਉੱਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਦਾ 13ਵਾਂ ਦਿਨ ਹੈ।ਕਿਸਾਨ ਫਰਬਰੀ ਮਹੀਨੇ ਤੋਂ ਪੰਜਾਬ ਅਤੇ ਹਰਿਆਣਾ ਦੇ ਸ਼ੰਭੂ ਅਤੇ ਖੌਨਰੀ ਬਾਰਡਰਾਂ ਉੱਤੇ ਬੈਠੇ ਹਨ, ਹਰਿਆਣਾ ਪੁਲਿਸ ਉਨ੍ਹਾਂ ਨੂੰ ਦਿੱਲੀ ਕੂਚ ਨਹੀਂ ਕਰਨ ਦੇ ਰਹੀ।ਹਰਿਆਣਾ ਸਰਕਾਰ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਹੁਣ ਕਈ ਕੇਂਦਰੀ ਮੰਤਰੀਆਂ ਨੇ ਪਹਿਲਾਂ ਕਿਹਾ ਸੀ ਕਿਸਾਨ ਟਰੈਕਟਰ- ਟਰਾਲੀਆਂ ਤੋਂ ਬਗੈਰ ਦਿੱਲੀ ਜਾ ਸਕਦੇ ਹਨ।ਪਰ 6 ਦਸੰਬਰ ਨੂੰ ਜਦੋਂ ਕਿਸਾਨਾਂ ਦੇ 101 ਜਥੇ ਨੇ ਨਿਹੱਥੇ ਪੈਦਲ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਜਿਸ ਦੌਰਾਨ ਕਈ ਕਿਸਾਨ ਜਖ਼ਮੀ ਹੋ ਗਏ ।

**ਪਹਿਲੇ ਜਥੇ ਨਾਲ ਪੁਲਿਸ ਦੀ ਸਖ਼ਤੀ**

ਬੀਬੀਸੀ ਦੇ ਪੱਤਰਕਾਰ ਸਰਬਜੀਤ ਸਿੰਘ ਜੋ ਸ਼ੁੱਕਰਵਾਰ ਨੂੰ ਸ਼ੰਭੂ ਬਾਰਡਰ ’ਤੇ ਮੌਜੂਦ ਸਨ ,ਉਨ੍ਹਾਂ ਨੇ ਜ਼ਮੀਨੀ ਹਾਲਾਤ ਬਾਰੇ ਦੱਸਿਆ ਕਿ ਸ਼ੰਭੂ ਬਾਰਡਰ ’ਤੇ ਸਥਿਤੀ ਸ਼ੁੱਕਰਵਾਰ ਦੇਰ ਸ਼ਾਮ ਤੱਕ ਤਣਾਅਪੂਰਨ ਬਣੀ ਰਹੀ ਸੀ। ਹਰਿਆਣਾ ਵਾਲੇ ਪਾਸੇ ਤੋਂ ਕਿਸਾਨਾਂ ’ਤੇ ਅੱਥਰੂ ਗੈਸ ਦੇ ਗੋਲੇ ਦਾਗ਼ੇ ਗਏ ਸਨ।ਇਸ ਮੌਕੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਵੀ ਮੌਜੂਦ ਸਨ, ਜਿਨ੍ਹਾਂ ਨੇ ਕਿਹਾ ਸੀ, ਸਾਡੇ ਵੱਲੋਂ ਸ਼ਾਂਤੀਪੂਰਨ ਪੈਦਲ ਯਾਤਰਾ ਕੀਤੀ ਜਾ ਰਹੀ ਸੀ ਪਰ ਸਾਨੂੰ ਅੱਗੇ ਵਧਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਸਾਡੇ ’ਤੇ ਅੱਥਰੂ ਗੈਸ ਦੇ ਗੋਲੇ ਵੀ ਦਾਗ਼ੇ ਗਏ।ਕਿਸਾਨ ਆਗੂ ਨੇ ਦਾਅਵਾ ਕੀਤਾ ਸੀ ਕਿ ਇਸ ਦੌਰਾਨ ਪੰਜ ਤੋਂ ਛੇ ਕਿਸਾਨ ਜ਼ਖ਼ਮੀ ਵੀ ਹੋ ਗਏ ਹਨ।ਸ਼ੁੱਕਰਵਾਰ ਨੂੰ ਦਿੱਲੀ ਵੱਲ ਪੈਦਲ ਮਾਰਚ ਸ਼ੁਰੂ ਕਰ ਰਹੇ ਕਿਸਾਨਾਂ ਨੇ ਪਹਿਲਾਂ ਕੰਡਿਆਲੀਆਂ ਤਾਰਾਂ ਪੁੱਟੀਆਂ ਅਤੇ ਅੱਗੇ ਵੱਧਣ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਹਰਿਆਣਾ ਹੱਦ ਉੱਤੇ ਕੀਤੇ ਗਏ ਸਖ਼ਤ ਸੁਰੱਖਿਆ ਪ੍ਰਬੰਧਾਂ ਕਰ ਕੇ ਕਿਸਾਨਾਂ ਨੂੰ ਉੱਥੇ ਹੀ ਰੋਕਿਆ ਗਿਆ।ਕਿਸਾਨਾਂ ਦੇ ਦਿੱਲੀ ਕੂਚ ਦੇ ਮੱਦੇਨਜ਼ਰ ਪੰਜਾਬ ਨਾਲ ਲੱਗਦੇ ਅੰਬਾਲਾ ਜ਼ਿਲ੍ਹੇ ਦੇ ਕੁਝ ਪਿੰਡਾਂ ਵਿੱਚ ਇੰਟਰਨੈੱਟ ਸੇਵਾ 9 ਦਸੰਬਰ ਤੱਕ ਬੰਦ ਕੀਤੀ ਗਈ ਹੈ।ਅੰਬਾਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਭਾਰਤੀ ਸਿਵਲ ਡਿਫੈਂਸ ਕੋਡ ਦੀ ਧਾਰਾ 163 ਦੇ ਤਹਿਤ ਹੁਕਮ ਜਾਰੀ ਕਰਕੇ, ਜ਼ਿਲ੍ਹੇ ਵਿੱਚ ਪੰਜ ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਕਿਸੇ ਵੀ ਕਿਸਮ ਦੇ ਇਕੱਠ ’ਤੇ ਪਾਬੰਦੀ ਲਗਾਈ ਗਈ ਹੈ।

**ਰਾਹੁਲ ਗਾਂਧੀ ਨੇ ਕੀ ਕਿਹਾ**

ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਆਪਣੇ ਫੇਸਬੁੱਕ ਖਾਤੇ ’ਤੇ ਕਿਸਾਨਾਂ ਨੂੰ ਲੈ ਕੇ ਪੋਸਟ ਸਾਂਝੀ ਕੀਤੀ ਹੈ।ਇਸ ਵਿੱਚ ਉਨ੍ਹਾਂ ਲਿਖਿਆ, ÷ਕਿਸਾਨ ਸਰਕਾਰ ਦੇ ਸਾਹਮਣੇ ਆਪਣੀਆਂ ਮੰਗਾਂ ਰੱਖਣ ਅਤੇ ਆਪਣੀਆਂ ਮੁਸ਼ਕਲਾਂ ਨੂੰ ਦੱਸਣ ਲਈ ਦਿੱਲੀ ਆਉਣਾ ਚਾਹੁੰਦੇ ਹਨ। ਉਨ੍ਹਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗਣਾ ਅਤੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਨਾਲ ਰੋਕਣ ਦਾ ਯਤਨ ਕਰਨਾ ਨਿੰਦਣਯੋਗ ਹੈ। ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਨਾ ਚਾਹੀਦਾ ਹੈ।ਅੰਨਦਾਤਾਵਾਂ ਦੀ ਤਕਲੀਫ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅੱਜ ਦੇਸ਼ ਵਿੱਚ ਹਰ ਘੰਟੇ ਇੱਕ ਕਿਸਾਨ ਖੁਦਕੁਸ਼ੀ ਕਰਨ ਨੂੰ ਮਜਬੂਰ ਹੁੰਦਾ ਹੈ। ਮੋਦੀ ਸਰਕਾਰ ਦੀ ਘੋਰ ਲਾਪਰਵਾਹੀ ਦੇ ਕਾਰਨ ਪਹਿਲੇ ਕਿਸਾਨ ਅੰਦੋਲਨ ਵਿੱਚ 700 ਤੋਂ ਵੱਧ ਕਿਸਾਨਾਂ ਦੀ ਸ਼ਹਾਦਤ ਨੂੰ ਵੀ ਦੇਸ਼ ਭੁੱਲਿਆ ਨਹੀਂ ਹੈ।ਅਸੀਂ ਕਿਸਾਨਾਂ ਦੇ ਦਰਦ ਨੂੰ ਸਮਝਦੇ ਹਾਂ ਅਤੇ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਕਰਦੇ ਹਾਂ। ਐੱਮਐੱਸਪੀ ਦੀ ਕਾਨੂੰਨੀ ਗਰੰਟੀ, ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ਾਂ ਦੇ ਅਨੁਸਾਰ ਖੇਤੀ ਦੀ ਵਿਆਪਕ ਲਾਗਤ ਦਾ 1.5 ਗੁਣਾ ਐੱਮਐੱਸਪੀ, ਕਰਜ਼ ਮੁਆਫੀ ਸਣੇ ਸਾਰੀਆਂ ਮੰਗਾਂ ’ਤੇ ਸਰਕਾਰ ਨੂੰ ਤੁਰੰਤ ਅਮਲ ਕਰਨਾ ਚਾਹੀਦਾ।ਜਦੋਂ ਅੰਨਦਾਤਾ ਖੁਸ਼ਹਾਲ ਹੋਣਗੇ ਉਦੋਂ ਹੀ ਦੇਸ਼ ਖੁਸ਼ਹਾਲ ਹੋਵੇਗਾ।ਅੰਬਾਲਾ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਅਗਲੇ ਹੁਕਮਾਂ ਤੱਕ ਪੈਦਲ, ਵਾਹਨ ਜਾਂ ਕਿਸੇ ਹੋਰ ਸਾਧਨ ਰਾਹੀਂ ਜਲੂਸ ਕੱਢਣ ’ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ।ਵੀਰਵਾਰ ਨੂੰ ਅੰਬਾਲਾ ਪੁਲਿਸ ਨੇ ਦਿੱਲੀ ਵੱਲ ਕਿਸਾਨਾਂ ਦੇ ਮਾਰਚ ਦੀ ਵਿਉਂਤਬੰਦੀ ਕਾਰਨ ਅਲਰਟ ਜਾਰੀ ਕੀਤਾ ਸੀ। ਕਿਸਾਨਾਂ ਦੇ ਜਥਿਆਂ ਨੂੰ ਰੋਕਣ ਲਈ ਹਰਿਆਣਾ ਦੀ ਸਰਹੱਦ ’ਤੇ ਕੇਂਦਰੀ ਨੀਮ ਫ਼ੌਜੀ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ। ਕਈ ਥਾਵਾਂ ’ਤੇ ਬੈਰੀਕੇਡਿੰਗ ਵੀ ਕੀਤੀ ਹੋਈ ਹੈ।

**ਹਰਿਆਣਾ ਦੇ ਮੰਤਰੀ ਅਨਿਲ ਵਿਜ ਦੀ ਕਿਸਾਨਾਂ ਨੂੰ ਸਲਾਹ**

ਹਰਿਆਣਾ ਦੇ ਮੰਤਰੀ ਅਨਿਲ ਵਿਜ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਬਿਨਾਂ ਇਜਾਜ਼ਤ ਦੇ ਨਹੀਂ ਜਾਣ ਦਿੱਤਾ ਜਾ ਸਕਦਾ, ਉਨ੍ਹਾਂ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਕਿਸਾਨ ਦਿੱਲੀ ਜਾਣ ਲਈ ਪਹਿਲਾਂ ਇਜਾਜ਼ਤ ਲੈਣ,ਜੇਕਰ ਮਨਜ਼ੂਰੀ ਲੈਣਗੇ ਫਿਰ ਜਾਣ ਦੇਵਾਂਗੇ।ਕਿਸਾਨ 13 ਫ਼ਰਵਰੀ, 2024 ਤੋਂ ਸ਼ੰਭੂ ਅਤੇ ਖਨੌਰੀ ਬਾਰਡਰ ’ਤੇ ਧਰਨਾ ਲਾਈ ਬੈਠੇ ਹਨ।ਜ਼ਿਕਰਯੋਗ ਹੈ ਕਿ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਜਾਰੀ ਅੰਦੋਲਨ ਨੂੰ ਅੱਗੇ ਵਧਾਉਂਦਿਆਂ ਕਿਸਾਨ ਮਜ਼ਦੂਰ ਮੋਰਚਾ (ਭਾਰਤ) ਅਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਿਕ) ਦੇ ਆਗੂਆਂ ਨੇ 6 ਦਸੰਬਰ ਨੂੰ ਦਿੱਲੀ ਕੂਚ ਦਾ ਐਲਾਨ ਕੀਤਾ ਸੀ।ਅੰਬਾਲਾ ਦੇ ਸੁਪਰੀਟੈਂਡੈਂਟ ਪੁਲਿਸ ਨੇ ਕਿਸਾਨ ਜਥੇਬੰਦੀਆਂ ਵੱਲੋਂ ਸ਼ੰਭੂ ਸਰਹੱਦ ਤੋਂ ਦਿੱਲੀ ਤੱਕ ਮਾਰਚ ਕਰਨ ਦੇ ਐਲਾਨ ’ਤੇ ਪ੍ਰਤੀਕਿਰਿਆ ਦਿੱਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਕਿਸਾਨਾਂ ਨੂੰ ਨੂੰ ਉਚਿਤ ਇਜਾਜ਼ਤ ਨਾਲ ਜਾਣਾ ਚਾਹੀਦਾ ਹੈ।ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਸੀ , ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

**ਕਿਸਾਨਾਂ ਦਾ ਸ਼ੰਭੂ ਅਤੇ ਖਨੌਰੀ ਬਾਰਡਰ ਉੱਤੇ ਧਰਨਾ ਲਾਉਣ ਦਾ ਮਕਸਦ ਕੀ ਹੈ ?**

ਕਰੀਬ 10 ਮਹੀਨਿਆਂ ਤੋਂ ਚਲੇ ਆ ਰਹੇ ਮੌਜੂਦਾ ਕਿਸਾਨ ਅੰਦੋਲਨ ਦੀਆਂ ਤੰਦਾਂ ਵੀ ਸਾਲ ਭਰ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ 2020 ਦੇ ਕਿਸਾਨ ਅਦੋਲਨ ਨਾਲ ਜੁੜਦੀਆਂ ਹਨ।ਜਦੋਂ ਪੰਜਾਬ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਦਿੱਲੀ ਦੀਆਂ ਸਰਹੱਦਾਂ ’ਤੇ ਕੇਂਦਰ ਵਿੱਚ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦੌਰਾਨ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਧਰਨਾ ਦਿੱਤਾ ਸੀ। ਇਹ ਧਰਨਾ ਇਸ ਕਦਰ ਚਰਚਾ ਦਾ ਵਿਸ਼ਾ ਬਣਿਆ ਕਿ ਸਰਕਾਰ ਨੇ ਨਵੰਬਰ 2021 ਵਿੱਚ ਇਹ ਤਿੰਨੇ ‘ਵਿਵਾਦਤ’ ਕਾਨੂੰਨ ਵਾਪਸ ਲੈ ਲਏ ਸਨ।ਦਸੰਬਰ 2021 ਵਿੱਚ ਜਦੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾ ਕੇ ਅਤੇ ਅੰਦੋਲਨ ਨੂੰ ਮੁਲਤਵੀ ਕਰਕੇ ਕਿਸਾਨ ਦਿੱਲੀ ਦੀਆਂ ਸਰਹੱਦਾਂ ਤੋਂ ਵਾਪਸ ਪਰਤੇ, ਉਸ ਸਮੇਂ ਤਾਂ ਸਰਕਾਰ ਨੇ ਉਨ੍ਹਾਂ ਨੂੰ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ, ਅੰਦੋਲਨ ਦੌਰਾਨ ਦਰਜ ਕੀਤੇ ਗਏ ਕੇਸ ਵਾਪਸ ਲੈਣ, ਲਖੀਮਪੁਰ ਖੀਰੀ ਕਾਂਡ ਦੇ ਪੀੜ੍ਹਤਾਂ ਨੂੰ ਨਿਆਂ ਦਾ ਭਰੋਸਾ ਦੇਣ ਸਣੇ ਕੁਝ ਹੋਰ ਮੰਗਾਂ ਪੂਰੀਆਂ ਕਰਨ ਦਾ ਯਕੀਨ ਦਿਵਾਇਆ ਸੀ।ਪਰ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਕੋਈ ਸਮਾਂ-ਸੀਮਾ ਨਿਸ਼ਚਿਤ ਨਹੀਂ ਸੀ ਕੀਤੀ ਗਈ।ਇਸ ਅੰਦੋਲਨ ਦੇ ਖ਼ਤਮ ਹੋਣ ਦੇ ਐਲਾਨ ਤੋਂ ਬਾਅਦ ਵੀ ਸੰਯੁਕਤ ਕਿਸਾਨ ਮੋਰਚਾ ਇਨ੍ਹਾਂ ਹੀ ਮੰਗਾਂ ਨੂੰ ਲੈ ਕੇ ਕਈ ਤਰ੍ਹਾਂ ਦੇ ਐਕਸ਼ਨ ਕਰਦਾ ਰਿਹਾ ਹੈ।ਇਸੇ ਦੌਰਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੀ ਅਗਵਾਈ ਹੇਠ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਇੱਕ ਧੜੇ ਨੇ ਕੇਂਦਰ ਸਰਕਾਰ ਖ਼ਿਲਾਫ਼ ‘ਦਿੱਲੀ ਚਲੋ’ ਦੇ ਸੱਦੇ ਹੇਠ 13 ਫਰਵਰੀ ਨੂੰ ਦਿੱਲੀ ਵੱਲ ਕੂਚ ਕਰਨਾ ਸ਼ੁਰੂ ਕੀਤਾ ਸੀ।ਸੈਂਕੜਿਆਂ ਦੀ ਗਿਣਤੀ ਵਿੱਚ ਪੰਜਾਬ ਦੇ ਕਿਸਾਨ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਬੈਨਰ ਹੇਠ ਦਿੱਲੀ ਕੂਚ ਲਈ ਇਕੱਠੇ ਹੋਏ।ਪਰ, ਕਿਸਾਨ ਜਦੋਂ ਪੰਜਾਬ ਤੋਂ ਦਿੱਲੀ ਵੱਲ ਚੱਲੇ ਤਾਂ ਹਰਿਆਣਾ ਪੁਲਿਸ ਨੇ ਭਾਰੀ ਪੁਲਿਸ ਬਲ਼ ਨਾਲ ਇਨ੍ਹਾਂ ਨੂੰ ਪੰਜਾਬ ਹਰਿਆਣਾ ਦੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਉੱਤੇ ਰੋਕ ਲਿਆ ਗਿਆ।

ਪੁਲਿਸ ਅਤੇ ਕਿਸਾਨਾਂ ਦੇ ਟਕਰਾਅ ਦਰਮਿਆਨ 21 ਫ਼ਰਵਰੀ ਨੂੰ 22 ਸਾਲਾ ਕਿਸਾਨ ਸ਼ੁਭ ਕਰਨ ਸਿੰਘ ਦੀ ਕਥਿਤ ਤੌਰ ਤੇ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ।ਇਸ ਤੋਂ ਬਾਅਦ ਇਹ ਕਿਸਾਨ ਸੰਭੂ ਅਤੇ ਖਨੌਰੀ ਬਾਰਡਰ ਉੱਤੇ ਹੀ ਧਰਨਾ ਲਾ ਕੇ ਬੈਠ ਗਏ ਸਨ। ਹੁਣ ਇਸ ਧਰਨੇ ਦੇ 10 ਮਹੀਨੇ ਹੋਣ ਵਾਲੇ ਹਨ। ਇਸ ਲਈ ਹੁਣ ਇਨ੍ਹਾਂ ਕਿਸਾਨ ਜਥੇਬੰਦੀਆਂ ਨੇ ਇੱਕ ਵਾਰ ਫ਼ਿਰ ਦਿੱਲੀ ਕੂਚ ਦਾ ਐਲਾਨ ਕੀਤਾ ਸੀ।ਕਿਸਾਨਾਂ ਵੱਲੋਂ 6 ਦਸੰਬਰ ਨੂੰ ਦਿੱਲੀ ਵੱਲ ਰਵਾਨਾ ਹੋਣ ਦਾ ਪ੍ਰੋਗਰਾਮ ਹੈ ਅਤੇ ਉਸ ਤੋਂ ਪਹਿਲਾਂ 26 ਨਵੰਬਰ ਤੋਂ ਕੁਝ ਕਿਸਾਨਾਂ ਵੱਲੋਂ ਵਾਰੀ ਸਿਰ ਮਰਨ ਵਰਤ ਉੱਤੇ ਬੈਠਣ ਦਾ ਐਲਾਨ ਵੀ ਕੀਤਾ ਗਿਆ ਸੀ।





# ਹਿੰਦੂ ਭਾਈਚਾਰਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ 'ਚ ਘਰਾਂ ਵਿੱਚ ਦੀਵੇ ਜਗਾਉਣ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

- ਵਣਜਾਰੇ ਸਿੱਖ, ਲੁਬਾਣਾ ਸਿੱਖ ਅਤੇ ਸਿਕਲੀਗਰ ਆਦਿ ਜੋ ਸਿੱਖੀ ਦਾ ਅਨਿੱਖੜਵਾਂ ਅੰਗ, ਇਨ੍ਹਾਂ ਦੀ ਬਾਂਹ ਫੜਨ ਦੀ ਲੋੜ
- ਸਿੱਖ ਧਰਮ ਵਰਗਾ ਨਿਵੇਕਲਾ ਧਰਮ ਦੁਨੀਆ ਵਿੱਚ ਕਿਤੇ ਵੀ ਨਹੀਂ ਮਿਲੇਗਾ
- ਸਿੱਖ ਧਰਮ ਕਿਸੇ ਨਾਲ ਨ.ਫਰਤ ਨਹੀਂ ਕਰਦਾ, ਨ.ਫਰਤ ਦੂਈ ਦਵੈਤ ਦੀਆਂ ਕੰਧਾਂ ਸਿੱਖ ਧਰਮ ਨੇ ਕਦੇ ਵੀ ਨਹੀਂ ਉਸਾਰੀਆਂ ਹਨ





ਚਾਂਦਨੀ ਚੌਕ ਦਿੱਲੀ / ਚੌਕ ਮਹਿਤਾ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਨਿਮਰਤਾ ਸਹਿਤ ਹਿੰਦੂ ਭਾਈਚਾਰੇ ਦੇ ਵੀਰਾਂ ਨੂੰ ਕਿਹਾ ਕਿ ਅੱਜ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਨਤਮਸਤਕ ਹੋਣ ਦਾ ਸਮਾਂ ਹੈ, ਉਹਨਾਂ ਦੀ ਯਾਦ ਮਨਾਉਣ ਦਾ ਸਮਾਂ ਹੈ ਅਤੇ ਤੁਹਾਡੇ ਦੇਵੀ ਦੇਵਤੇ ਤੁਹਾਡੇ ਇਸ਼ਟ ਤੁਹਾਡੇ 'ਤੇ ਤਾਂ ਹੀ ਪ੍ਰਸੰਨ ਹੋਣਗੇ ਜੇ ਤੁਹਾਡੇ ਘਰਾਂ ਵਿੱਚ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿੱਚ ਦੀਵੇ ਜਗੇਗਾ।

ਦਮਦਮੀ ਟਕਸਾਲ ਦੇ ਮੁਖੀ ਧੰਨ ਸ਼੍ਰੀ ਗੁਰੂ ਤੇ.ਗ ਬਹਾਦਰ ਸਾਹਿਬ ਜੀ ਮਹਾਰਾਜ ਦੇ 349 ਵੇਂ ਸ਼ਹੀਦੀ ਗੁਰਪੁਰਬ ਦਿਹਾੜੇ 'ਤੇ ਗੁਰਦੁਆਰਾ ਸ਼੍ਰੀ ਸੀਸ ਗੰਜ ਸਾਹਿਬ ਜੀ ਦਿੱਲੀ ਵਿਖੇ ਵਿਸ਼ੇਸ਼ ਸ਼ਹੀਦੀ ਸਮਾਗਮ ਦੌਰਾਨ ਗੁਰ ਇਤਿਹਾਸ ਚੋਂ ਸ਼ਹੀਦੀ ਪ੍ਰਸੰਗ ਦੀ ਕਥਾ ਸਰਵਨ ਕਰਾ ਰਹੇ ਸਨ। ਇਸ ਤੋਂ ਪਹਿਲਾਂ ਸੰਗਤਾਂ ਨਾਲ ਮਿਲ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ।ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ 12 ਵੱਜ ਕੇ 25 ਮਿੰਟ 'ਤੇ ਹੋਈ ਸੀ, ਉਸ ਤੋਂ ਪਹਿਲਾਂ ਗੁਰੂ ਸਾਹਿਬ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੀਤਾ ਸੀ। ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਦੁਨੀਆ ਅੰਦਰ ਧਾਰਮਿਕ ਹੱਕਾਂ ਦੀ ਖ਼ਾਤਰ ਮਹਾਨ ਸ਼ਹਾਦਤ ਦਿੱਤੀ ਅਤੇ ਬਾਦਸ਼ਾਹ ਔਰੰਗਜ਼ੇਬ ਦੇ ਹਰ ਜ਼ੁਲਮ ਨੂੰ ਖਿੜੇ ਮੱਥੇ ਸਹਾਰਦਿਆਂ ਸ਼ਾਂਤੀ ਨਾਲ ਹਿੰਦੂ ਧਰਮ ਦੀ ਰੱਖਿਆ ਲਈ ਮਹਾਨ ਸ਼ਹਾਦਤ ਦਿੱਤੀ। ਉਹਨਾਂ ਕਿਹਾ ਕਿ ਦਸਮੇਸ਼ ਪਿਤਾ ਨੇ ਵੀ ਕਿਹਾ ਹੈ ਕਿ ਕਲਯੁਗ ਵਿੱਚ ਇੰਨਾ ਵੱਡਾ ਸਾਕਾ ਕਦੀ ਨਹੀਂ ਦੇਖਿਆ ਗਿਆ। ਉਹਨਾਂ ਕਿਹਾ ਕਿ ਕਿਸੇ ਵੀ ਪੀਰ, ਪੈਗ਼ੰਬਰ, ਅਵਤਾਰ ਜਾਂ ਰਹਿਬਰ ਵੱਲੋਂ ਕਿਸੇ ਦੂਸਰੇ ਧਰਮ ਲਈ ਇੰਨੀ ਵੱਡੀ ਕੁਰਬਾਨੀ ਜਾਂ ਸ਼ਹਾਦਤ ਨਹੀਂ ਦਿੱਤੀ ਗਈ। ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪ੍ਰਸੰਗ ਨੂੰ ਦੁਨੀਆ ਭਰ 'ਚ ਪਹੁੰਚਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਵਰਗਾ ਨਿਵੇਕਲਾ ਧਰਮ ਦੁਨੀਆ ਵਿੱਚ ਕਿਤੇ ਵੀ ਨਹੀਂ ਮਿਲੇਗਾ। ਖ਼ਾਲਸਾ ਰੱਬੀ ਮੌਜ ਤੋਂ ਪੈਦਾ ਹੋਇਆ ਹੈ, ਸਿੱਖੀ ਨੂੰ ਦੁਨੀਆ ਦੀ ਕੋਈ ਵੀ ਤਾਕਤ ਮੇਟ ਨਹੀਂ ਸਕੇਗੀ। ਸਿੱਖੀ ਜੁੱਗੋ ਜੁਗ ਰਹੇਗੀ ਤੇ ਨਿਸ਼ਾਨ ਸਾਹਿਬ ਝੂਲਦੇ ਰਹਿਣਗੇ। ਸਿੱਖ ਧਰਮ ਸਾਰੀ ਦੁਨੀਆ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਕਿਸੇ ਨਾਲ ਨ.ਫਰਤ ਨਹੀਂ ਕਰਦਾ, ਨ.ਫਰਤ ਦੂਈ ਦਵੈਤ ਦੀਆਂ ਕੰਧਾਂ ਸਿੱਖ ਧਰਮ ਨੇ ਕਦੇ ਵੀ ਨਹੀਂ ਉਸਾਰੀਆਂ ਹਨ। ਖ਼ਾਲਸੇ ਦੇ ਹੱਥ ਤਾਕਤ ਆਈ ਤਾਂ ਸਿੱਖਾਂ ਨੇ ਦੂਜਿਆਂ ਦੇ ਧਾਰਮਿਕ ਅਸਥਾਨਾਂ ਦਾ ਸਤਿਕਾਰ ਕੀਤਾ, ਬੇਕਦਰੀ ਕਦੀ ਨਹੀਂ ਕੀਤੀ। ਉਨ੍ਹਾਂ ਅ.ਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਛੋਟੇ ਛੋਟੇ ਦੁਨਿਆਵੀ ਮਤਲਬ ਲਈ ਸਿੱਖੀ ਛੱਡਣ ਲੱਗਿਆਂ ਸਾਨੂੰ ਰੰਜਕ ਵੀ ਸ਼ਰਮ ਨਹੀਂ ਆਉਂਦੀ, ਪਰ ਵਣਜਾਰੇ ਸਿੱਖ, ਲੁਬਾਣਾ ਸਿੱਖ ਅਤੇ ਸਿਕਲੀਗਰ ਆਦਿ ਜੋ ਸਿੱਖੀ ਦਾ ਅਨਿੱਖੜਵਾਂ ਅੰਗ ਹਨ, ਜਿਨ੍ਹਾਂ ਨੇ ਸਿੱਖੀ ਬਦਲੇ ਆਪਣਾ ਰਾਜ ਭਾਗ ਗਵਾ ਦਿੱਤੇ ਹਨ। ਜਿਨ੍ਹਾਂ ਨੂੰ ਮੁ.ਗਲੀਆ ਹਕੂਮਤ ਨੇ ਬਰਬਾਦ ਕੀਤਾ ਅਤੇ ਇਨ੍ਹਾਂ ਲੋਕਾਂ ਨੂੰ ਜੰਗਲ ਬੇਲਿਆਂ ਵਿੱਚ ਸਮਾਂ ਗੁਜ਼ਾਰਨਾ ਪਿਆ। ਅਸਲ ਚ ਇਹ ਵੱਡੇ ਵਪਾਰੀ ਸਨ ਪਰ ਅੱਜ ਸਿੱਖੀ ਬਦਲੇ ਕੰਗਾਲਾਂ ਵਾਂਗ ਬਤੀਤ ਕਰ ਰਹੇ ਹਨ। ਅੱਜ ਵੀ ਇਹ ਟੱਪਰੀਵਾਸ ਬਣੇ ਨਾਨਕ ਪੰਥੀ ਅਖਵਾ ਰਹੇ ਹਨ । ਇਹ .ਗਰੀਬ ਸਿੱਖ ਭਾਰਤ ਵਿੱਚ ਜਿੱਥੇ ਵੀ ਬੈਠੇ ਹਨ .ਗਰੀਬੀ ਰੇਖਾ ਤੋਂ ਹੇਠਾਂ ਜੀਵਨ ਗੁਜ਼ਾਰ ਲਈ ਮਜਬੂਰ ਹਨ। ਜਿਨ੍ਹਾਂ ਦੀ ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਗਿਣਤੀ ਕਰੋੜਾਂ ਵਿੱਚ ਹੈ। ਇਹਨਾਂ ਲੋਕਾਂ ਦੀ ਬਾਂਹ ਫੜਨ ਦੀ ਲੋੜ ਹੈ। ਉਹਨਾਂ ਕਿਹਾ ਕਿ ਖ਼ਾਲਸੇ ਦੀ ਜ਼ੁਲਮ ਨਾਲ ਟੱਕਰ ਰਹੀ ਅਤੇ ਰਹੇਗੀ।ਉਹਨਾਂ ਬਚਿਆਂ ਨੂੰ ਗੁਰਸਿੱਖੀ ਅਤੇ ਵਿਰਸੇ ਨਾਲ ਜੋੜੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਸੰਗਤ ਨੂੰ ਅੰਮ੍ਰਿਤਧਾਰੀ ਹੋਣ ਅਤੇ ਗੁਰਸਿੱਖੀ 'ਚ ਪਰਪੱਕ ਹੋਣ ਲਈ ਪ੍ਰੇਰਿਆ। ਇਸ ਤੋਂ ਪਹਿਲਾਂ ਉਹਨਾਂ ਗੁਰਦਵਾਰਾ ਸੀਸਗੰਜ ਸਾਹਿਬ ਤੋਂ ਗੁਰਦਵਾਰਾ ਰਕਾਬਗੰਜ ਤਕ ਦੇ ਨਗਰ ਕੀਰਤਨ ਦੀ ਆਰੰਭਤਾ ਮੌਕੇ ਹਿੱਸਾ ਲਿਆ।

# ਰਣਜੀਤ ਸਿੰਘ ਢੱਡਰੀਆਂਵਾਲੇ ਖਿਲਾ.ਫ ਕਥਿਤ ਬਲਾਤਕਾਰ ਤੇ ਕਤਲ ਦਾ ਪੂਰਾ ਮਾਮਲਾ ਕੀ ਹੈ

ਪੰਜਾਬ ਦੇ ਪਟਿਆਲਾ ਜਿਲ੍ਹੇ ਵਿੱਚ ਪੈਂਦੇ ਗੁਰਦੁਆਰਾ ਪਰਮੇਸ਼ਵਰ ਦੁਆਰ ਦੇ ਮੁਖੀ ਰਣਜੀਤ ਸਿੰਘ ਢੱਡਰੀਆਂ ਵਾਲੇ ਖਿਲਾਫ 12 ਸਾਲ ਪੁਰਾਣੇ ਕਥਿਤ ਬਲਾਤਕਾਰ ਅਤੇ ਕਤਲ ਦੇ ਮਾਮਲੇ ਵਿੱਚ ਕੇਸ ਦਰਜ ਕੀਤਾ ਗਿਆ ਹੈ।ਇਸ ਮਾਮਲੇ ਦੀ ਪੁਸ਼ਟੀ ਪੰਜਾਬ ਦੇ ਪੁਲਿਸ ਮੁਖੀ ਗੌਰਵ ਯਾਦਵ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਬਕਾਇਦਾ ਹਲ.ਫਨਾਮਾ ਦਾਇਰ ਕਰਕੇ ਕੀਤੀ ਗਈ ਹੈ।ਇਸ ਮਾਮਲੇ ਦੀ ਪਟੀਸ਼ਨਕਰਤਾ ਪੀੜ੍ਹਤਾ ਦੇ ਭਰਾ ਹਨ।ਰਣਜੀਤ ਸਿੰਘ ਢੱਡਰੀਵਾਲੇ ਪਹਿਲਾਂ ਹੀ ਅਜਿਹੇ ਇਲਜ਼ਾਮਾਂ ਨੂੰ ਰੱਦ ਕਰ ਚੁੱਕੇ ਹਨ। ਜਦੋਂ ਇਹ ਮਾਮਲਾ ਪਿਛਲੇ ਦਿਨੀਂ ਮੁੜ ਚਰਚਾ ਵਿੱਚ ਆਇਆ ਸੀ ਤਾਂ ਉਨ੍ਹਾਂ ਸੋਸ਼ਲ ਮੀਡੀਆ ਉੱਤੇ ਵੀਡੀਓ ਪਾਕੇ ਆਪਣਾ ਪੱਖ਼ ਰੱਖਿਆ ਸੀ।

**ਪੀੜ੍ਹਤ ਧਿਰ ਦੇ ਵਕੀਲ ਦਾ ਦਾਅਵਾ**

ਪੀੜਤ ਧਿਰ ਦੀ ਵਕੀਲ ਨਵਨੀਤ ਕੌਰ ਨੇ ਹਾਈ ਕੋਰਟ ਤੋਂ ਬਾਹਰ ਮੀਡੀਆ ਨਾਲ ਗੱਲ ਕਰਦਿਆਂ ਦੱਸਿਆ, ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਨੇ ਅਦਾਲਤ ਵਿੱਚ ਹਲਫੀਆ ਬਿਆਨ ਦਾਇਰ ਕਰਕੇ ਰਣਜੀਤ ਸਿੰਘ ਢੱਡਰੀਆਂ ਵਾਲੇ ਖਿਲਾ.ਫ ਬਲਾਤਕਾਰ ਅਤੇ ਕਤਲ ਦਾ ਮੁਕੱਦਮਾ ਦਰਜ ਕੀਤਾ ਹੈ।ਮਾਮਲੇ ਭਾਵੇਂ ਇਹ 12 ਸਾਲ ਪੁਰਾਣਾ ਹੈ, ਪਰ ਕੋਰਟ ਵਿੱਚ ਪੀੜਤਾ ਦੇ ਭਰਾ ਦੀ ਪਟੀਸ਼ਨ ਤੋਂ ਬਾਅਦ 7 ਦਸੰਬਰ 2024 ਨੂੰ ਪਟਿਆਲਾ ਦੇ ਪਾਸਿਆਣਾ ਪੁਲਿਸ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ।ਨਵਨੀਤ ਕੌਰ ਨੇ ਦੱਸਿਆ, ਐਫ਼ਆਈਆਰ ਤੋਂ ਬਾਅਦ ਕੇਸ ਦੀ ਜਾਂਚ ਹੁੰਦੀ ਹੈ, ਅਤੇ ਮਾਮਲਾ ਅਦਾਲਤ ਵਿੱਚ ਜਾਂਦਾ ਹੈ। ਇਸ ਕੇਸ ਦਾ ਪਹਿਲਾ ਪੜ੍ਹਾਅ ਐੱ.ਫਆਈਆਰ ਦਰਜ ਹੋਣ ਨਾਲ ਪੂਰਾ ਹੋਇਆ ਹੈ। ਇਹ ਅਜਿਹਾ ਕੇਸ ਸੀ, ਜਿਸ ਵਿੱਚ ਪੁਲਿਸ ਅਦਾਲਤ ਦੇ ਹੁਕਮ ਤੋਂ ਬਿਨਾਂ ਜਾਂਚ ਨਹੀਂ ਕਰ ਸਕਦੀ ਸੀ।ਵਕੀਲ ਨੇ ਦੱਸਿਆ ਕਿ ਡੀਜੀਪੀ ਵੱਲੋਂ ਦਾਇਰ ਹਲ.ਫਨਾਮੇ ਮੁਤਾਬਕ ਆਈਪੀਸੀ ਦੀ ਧਾਰਾ 302, 376 ਅਤੇ 506 ਤਹਿਤ ਕੇਸ ਦਰਜ ਕੀਤਾ ਗਿਆ ਹੈ।ਉਨ੍ਹਾਂ ਕਿਹਾ, ਇਸ ਤਰ੍ਹਾਂ ਦੇ ਘਿਨਾਉਣੇ ਅਪਰਾਧ ਵਿੱਚ ਹੁਣ ਪੁਲਿਸ ਦੀ ਡਿਊਟੀ ਬਣਦੀ ਹੈ ਕਿ ਉਹ ਮੁਲਜ਼ਮ ਨੂੰ ਗ੍ਰਿ.ਫਤਾਰ ਕਰੇ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇ।ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ ਬੁੱਧਵਾਰ 11 ਦਸੰਬਰ ਨੂੰ ਹੋਵੇਗੀ।

**ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਵਕੀਲ ਨੇ ਕੀ ਕਿਹਾ ?**

ਢੱਡਰੀਆਂ ਵਾਲੇ ਦੇ ਵਕੀਲ ਜੀ .ਐੱਸ ਘੁੰਮਣ ਦਾ ਕਹਿਣਾ ਕਿ ਇਸ ਮਾਮਲੇ ਵਿੱਚ ਹੁਣ 12 ਸਾਲ ਬਾਅਦ ਕੋਰਟ ਵਿੱਚ ਪਟੀਸ਼ਨ ਪਾਈ ਗਈ ਹੈ, ਜੋ ਕਿ ਸਾਡੇ ਲਈ ਬਹੁਤ ਹੈਰਾਨੀਜਨਕ ਹੈ।ਇਸ ਕੇਸ ਵਿੱਚ ਪਹਿਲਾਂ ਵੀ ਇਨਕੁਆਰੀ ਹੋ ਚੁੱਕੀ ਹੈ, ਜਿਸ ਦੇ ਵਿੱਚ ਅਜਿਹਾ ਕੁਝ ਸਾਹਮਣੇ ਨਹੀਂ ਆਇਆ ਸੀ। ਹੁਣ ਹਾਈ ਕੋਰਟ ਵੱਲੋਂ ਜੋ ਵੀ ਜਾਂਚ ਕੀਤੀ ਜਾਵੇਗੀ ਅਸੀਂ ਉਸਦੇ ਵਿੱਚ ਪੂਰੀ ਤਰ੍ਹਾਂ ਸਹਿਯੋਗ ਕਰਾਂਗੇ।ਭਾਈ ਰਣਜੀਤ ਸਿੰਘ ਢੱਡਰੀਆਂਵਾਲੇ ਲੰਬੇ ਸਮੇਂ ਤੋਂ ਪੰਜਾਬ ਚ ਇੱਕ ਚਰਚਿਤ ਧਰਮ ਪ੍ਰਚਾਰਕ ਬਣੇ ਹੋਏ ਹਨ।

**ਪੰਜਾਬ ਪੁਲਿਸ ਦੇ ਹਲ.ਫਨਾਮੇ ਵਿੱਚ ਹੋਰ ਕੀ ਹੈ**

ਡੀਜੀਪੀ ਨੇ ਆਪਣੇ ਹਲਫਨਾਮੇ ਵਿੱਚ ਮੰਨਿਆ ਹੈ ਕਿ ਕੇਸ ਦੀ ਜਾਂਚ ਵਿੱਚ ਕੋਤਾਹੀ ਹੋਈ ਹੈ ਅਤੇ ਇਸ ਮਾਮਲੇ ਦੀ ਜਾਂਚ ਕਰਨ ਵਾਲੇ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ।ਇਨ੍ਹਾਂ ਵਿੱਚ ਪਸਿਆਣਾ ਥਾਣੇ ਦੇ ਤਤਕਾਲੀ ਐੱਸਐੱਚਓ ਤੇ ਮੌਜੂਦਾ ਐੱਸਪੀ ਅਸ਼ੋਕ ਕੁਮਾਰ, ਸੇਵਮੁਕਤ ਐੱਸਪੀ ਅਤੇ ਤਤਕਾਲੀ ਡੀਐੱਸਪੀ ਸਮਾਣਾ ਸੇਵਾ ਸਿੰਘ ਮੱਲ੍ਹੀ ਦਾ ਨਾਂ ਸ਼ਾਮਲ ਹੈ।

**ਢੱਡਰੀਆਂਵਾਲੇ ਨੇ ਕੀ ਦਿੱਤਾ ਸੀ ਸਪੱਸ਼ਟੀਕਰਨ-** 14 ਨਵੰਬਰ ਨੂੰ ਜਾਰੀ ਕੀਤੀ ਵੀਡੀਓ ਵਿੱਚ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਕਿ ਇਹ ਘਟਨਾ 13 ਸਾਲ ਪੁਰਾਣੀ ਹੈ, ਉਸ ਵੇਲ਼ੇ ਇਹ ਵਾਪਰੀ ਸੀ, ਉਸ ਵੇਲੇ ਉਹ ਪੰਜਾਬ ਤੋਂ ਬਾਹਰ ਸੀ।ਉਨ੍ਹਾਂ ਦਾਅਵਾ ਕੀਤਾ, ਇੱਥੇ ਇੱਕ ਔਰਤ ਨੇ ਆ ਕੇ ਪਰਮੇਸ਼ਵਰ ਦੁਆਰ ਦੇ ਗੇਟ ਤੋਂ ਬਾਹਰ ਕੋਈ ਜ਼ਹਿਰੀਲੀ ਦਵਾਈ ਖਾ ਲ਼ਈ ਸੀ। ਇਸ ਤੋਂ ਬਾਅਦ ਸਾਡੇ ਬੰਦਿਆਂ ਨੇ ਸੜਕ ਉੱਤੇ ਪ੍ਰਾਈਵੇਟ ਗੱਡੀ ਰੋਕ ਕੇ ਉਸ ਨੂੰ ਹਸਪਤਾਲ ਪਹੁੰਚਾਇਆ ਸੀ। ਐਬੂਲੈਂਸ ਨੂੰ ਫੋਨ ਵੀ ਕੀਤਾ ਸੀ। ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ ਸੀ।ਢੱਡਰੀਆਂਵਾਲੇ ਨੇ ਅੱਗੇ ਕਿਹਾ, ਉਸ ਵੇਲੇ ਮ੍ਰਿਤਕਾ ਦੀ ਭੈਣ ਨੇ ਇਹ ਕੋਸ਼ਿਸ਼ ਕੀਤੀ ਸੀ ਕਿ ਸਾਡੇ ਉੱਤੇ ਇਹ ਕੇਸ ਦਰਜ ਹੋਵੇ, ਪਰ ਪੋਸਟ ਮਾਰਟਮ ਦੀ ਰਿਪੋਰਟ ਵਿੱਚ ਸਾ.ਫ ਹੋ ਗਿਆ ਸੀ। ਉਸ ਦਾ ਸਾਡੇ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਸਬੰਧ ਨਹੀਂ ਨਿਕਲਿਆ ਸੀ।ਇੱਥੇ ਹਜਾਰਾਂ ਸੰਗਤਾਂ ਆਉਂਦੀਆਂ ਹਨ। ਇਸ ਮਾਮਲੇ ਵਿੱਚ ਸਾਡਾ ਕੋਈ ਕਸੂਰ ਨਹੀਂ ਨਿਕਲਿਆ ਸੀ। ਹੁਣ 13 ਸਾਲ ਬਾਅਦ ਉਸ ਦੇ ਭਰਾ ਨੇ ਹਾਈਕੋਰਟ ਵਿੱਚ ਪਟੀਸ਼ਨ ਪਾਈ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਕੋਈ ਦਿੱਕਤ ਨਹੀਂ, ਭਾਵੇਂ ਇਸ ਦੀ ਜਾਂਚ ਸੀਬੀਆਈ ਕਰੇ ਜਾਂ ਕੋਈ ਹੋਰ ਏਜੰਸੀ। ਸਾਡਾ ਇਸ ਵਿੱਚ ਕੋਈ ਰੱਤੀ ਜਿੰਨਾ ਕਸੂਰ ਨਹੀਂ ਨਿਕਲੇਗਾ।

**ਕੌਣ ਹੈ ਰਣਜੀਤ ਸਿੰਘ ਢੱਡਰੀਆਂਵਾਲਾ**

16 ਸਾਲ ਦੀ ਉਮਰ ਚ ਉਹ ਸਿੱਖੀ ਪ੍ਰਚਾਰ ਦੇ ਖੇਤਰ ਚ ਆਏ ਸਨ। ਉਨ੍ਹਾਂ ਨੇ ਪਟਿਆਲਾ ਤੋਂ ਸੰਗਰੂਰ ਮਾਰਗ ਤੇ 15 ਕਿਲੋਮੀਟਰ ਦੂਰ ਸ਼ੇਖੂਪੁਰਾ ਪਿੰਡ ਚ ਗੁਰਦੁਆਰਾ ਪਰਮੇਸ਼ਵਰ ਦੁਆਰ ਬਣਾਇਆ ਹੋਇਆ ਹੈ।ਇਸ ਵੇਲੇ ਇਸ ਵਿਸ਼ਾਲ ਡੇਰੇ ਦੇ ਨਾਂ ਉੱਤੇ 32 ਏਕੜ ਦੇ ਲਗਪਗ ਜ਼ਮੀਨ ਹੈ। ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦਾ ਪੂਰੇ ਪੰਜਾਬ ਚ ਵੱਡਾ ਜਨ-ਆਧਾਰ ਹੈ।ਰਣਜੀਤ ਸਿੰਘ ਢੱਡਰੀਆਂਵਾਲੇ ਕਦੇ ਸੰਪਰਦਾਈ, ਕਦੇ ਟਕਸਾਲੀ, ਕਦੇ ਅਖੰਡ ਕੀਰਤਨੀ ਅਤੇ ਕਦੇ ਨਿਹੰਗ ਸਿੰਘ ਰਵਾਇਤੀ ਬਾਣੇ ਬਦਲਣ ਕਾਰਨ ਵੀ ਚਰਚਾ ਦਾ ਕੇਂਦਰ ਬਣਦੇ ਰਹੇ ਹਨ।17 ਮਈ 2016 ਦੀ ਸ਼ਾਮ ਨੂੰ ਇੱਕ ਧਾਰਮਿਕ ਦੀਵਾਨ ਵਿੱਚ ਜਾਣ ਵੇਲੇ ਰਣਜੀਤ ਸਿੰਘ ਢੱਡਰੀਆਂ ਵਾਲੇ ਤੇ ਲੁਧਿਆਣਾ ਚ 2 ਦਰਜਨ ਦੇ ਕਰੀਬ ਹਥਿਆਰਬੰਦ ਵਿਅਕਤੀਆਂ ਨੇ ਜਾਨਲੇਵਾ ਹਮਲਾ ਕਰ ਦਿੱਤਾ ਸੀ।ਇਸ ਦੌਰਾਨ ਰਣਜੀਤ ਸਿੰਘ ਢੱਡਰੀਆਂਵਾਲੇ ਦਾ ਇੱਕ ਸਾਥੀ ਭੁਪਿੰਦਰ ਸਿੰਘ ਖਾਸੀ ਕਲਾਂ ਦੀ ਮੌਤ ਹੋ ਗਈ ਸੀ ਤੇ ਢੱਡਰੀਆਂਵਾਲੇ ਵਾਲ-ਵਾਲ ਬਚ ਗਏ।ਇਸ ਹਮਲੇ ਤੋਂ ਬਾਅਦ ਰਣਜੀਤ ਸਿੰਘ ਢੱਡਰੀਆਂਵਾਲੇ ਨੇ ਹਰਨਾਮ ਸਿੰਘ ਧੁੰਮਾ ਤੇ ਇਹ ਹਮਲਾ ਕਰਵਾਉਣ ਦਾ ਦੋਸ਼ ਲਗਾਤਾਰ ਜਨਤਰ ਤੌਰ ਉੱਤੇ ਲਗਾਉਂਦੇ ਰਹੇ ਹਨ।ਹਰਨਾਮ ਸਿੰਘ ਧੁੰਮਾ, ਦਮਦਮੀ ਟਕਸਾਲ ਦੇ ਮੁਖੀ ਹਨ। ਦਮਦਮੀ ਟਕਸਾਲ ਦਾ ਮੁੱਖ ਕਾਰਜ ਸਿੱਖ ਪ੍ਰਚਾਰਕ ਤਿਆਰ ਕਰਨੇ ਅਤੇ ਗੁਰਬਾਣੀ ਦਾ ਪ੍ਰਚਾਰ ਪਸਾਰ ਹੈ। ਜਰਨੈਲ ਸਿੰਘ ਭਿੰਡਰਾਂਵਾਲੇ ਇਸੇ ਸੰਸਥਾ ਦੇ ਮੁਖੀ ਹਨ।ਦੋਵਾਂ ਧਿਰਾਂ ਵਿਚਾਲੇ ਵਿਚਾਰਧਾਰਕ ਮਤਭੇਦ ਸਮੇਂ-ਸਮੇਂ ਉੱਤੇ ਸੁਰਖੀਆਂ ਬਣਦੇ ਰਹੇ ਹਨ।

# ਅਕਲਾਂ ਬਾਝੋਂ ਖੂਹ ਖਾਲੀ

ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ- 90414-98009.

ਅੱਜ ਦਾ ਜ਼ਮਾਨਾ ਤਕਨੀਕ ਦਾ ਜ਼ਮਾਨਾ ਹੈ। ਮਸ਼ੀਨਾਂ ਨੇ ਮਨੁੱਖ ਨੂੰ ਵਿਹਲਾ ਕਰਕੇ ਰੱਖ ਦਿੱਤਾ ਹੈ। ਦਿਨਾਂ ਦੇ ਕੰਮ ਘੰਟਿਆਂ ਵਿੱਚ ਅਤੇ ਘੰਟਿਆਂ ਦੇ ਕੰਮ ਮਿੰਟਾਂ ਵਿੱਚ ਹੋਣ ਲੱਗੇ ਹਨ। ਮਨੁੱਖ ਦੀ ਜ਼ਿੰਦਗੀ ਪਹਿਲਾਂ ਨਾਲੋਂ ਤੇਜ ਅਤੇ ਆਰਾਮਦਾਇਕ ਹੋ ਗਈ ਹੈ। ਪ੍ਰੰਤੂ ! ਇੰਨਾ ਕੁਝ ਹੋਣ ਦੇ ਬਾਵਜੂਦ ਵੀ ਅੱਜ ਦਾ ਮਨੁੱਖ ਆਪਣੇ ਮਨ ਦਾ ਚੈਨ ਗੁਆ ਬੈਠਾ ਹੈ। ਸਮਾਜ ਦੀ ਮੌਜੂਦਾ ਸਥਿਤੀ ਵੱਲ ਨਜ਼ਰ ਮਾਰੀਏ ਤਾਂ ਇੰਝ ਲੱਗਦਾ ਹੈ ਕਿ ਅਜੋਕਾ ਮਨੁੱਖ ਜਿੱਥੇ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਗਿਆ ਹੈ ਉੱਥੇ ਹੀ ਮਾਨਸਿਕ ਰੋਗਾਂ ਦਾ ਸ਼ਿਕਾਰ ਵੀ ਵੱਡੀ ਗਿਣਤੀ ਵਿੱਚ ਹੋ ਰਿਹਾ ਹੈ। ਇਸਦਾ ਮੂਲ ਕਾਰਨ ਹੈ ਮਨੁੱਖ ਵਿੱਚੋਂ ਕੋਮਲ ਸੰਵੇਦਨਾਵਾਂ ਦਾ ਅਲੋਪ ਹੋ ਜਾਣਾ/ ਮਨੁੱਖ ਦਾ 'ਮਸ਼ੀਨ' ਬਣ ਜਾਣਾ। ਖ਼ੈਰ !

ਯਕੀਨਨ, ਸੋਸ਼ਲ- ਮੀਡੀਆ ਦੀ ਆਮਦ ਨੇ ਲੋਕਾਂ ਦੇ ਬੌਧਿਕ ਪੱਧਰ ਨੂੰ ਪੂਰੀ ਦੁਨੀਆਂ ਸਾਹਮਣੇ ਲਿਆ ਕੇ ਰੱਖ ਦਿੱਤਾ ਹੈ। ਅੱਜ ਲੋਕ ਬੇਸ਼ੱਕ ! ਪੜ੍ਹ- ਲਿਖ ਗਏ ਹਨ ਪਰ ! ਲਿਆਕਤ, ਸਮਝ ਅਤੇ ਵਿਹਾਰ ਪੱਖੋਂ ਬਿਲਕੁਲ ਫਾਡੀ ਹੀ ਕਹੇ ਜਾ ਸਕਦੇ ਹਨ। ਮਨੁੱਖ ਵਿੱਚੋਂ ਸਮਾਜਿਕਤਾ ਖ਼ਤਮ ਹੋ ਗਈ ਜਾਪਦੀ ਹੈ। ਨਿੱਜਤਾ ਦੇ ਨਾਂਅ ਤੇ ਮਨੁੱਖ ਇੱਕਲਾਪੇ ਦਾ ਸ਼ਿਕਾਰ ਹੋ ਗਿਆ ਹੈ। ਸਾਂਝੇ ਪਰਿਵਾਰ ਬੀਤੇ ਵਕਤ ਦੀਆਂ ਬਾਤਾਂ ਹੋ ਗਈਆਂ ਹਨ।

ਲੋਕਾਂ (ਖ਼ਾਸ ਕਰਕੇ ਸਾਡੇ ਪੰਜਾਬੀਆਂ) ਨੂੰ ਮੁਫ਼ਤ ਦੀ ਕੋਈ ਚੀਜ਼ ਹਜ਼ਮ ਨਹੀਂ ਹੁੰਦੀ ਜਾਂ ਇੰਝ ਕਹਿ ਲਓ ਕਿ ਵਰਤਨੀ ਨਹੀਂ ਆਉਂਦੀ। ਪਹਿਲੀ ਗੱਲ ਤਾਂ ਇਹ (ਪੰਜਾਬੀ ਲੋਕ) ਮੁਫ਼ਤ ਮਿਲੀ ਚੀਜ਼ ਨੂੰ ਮੂੰਹ ਹੀ ਨਹੀਂ ਲਾਉਂਦੇ ਜਾਂ ਫਿਰ ਇੰਨੀ ਵਰਤਦੇ ਹਨ ਕਿ ਦੁਰਵਰਤੋਂ ਹੀ ਸ਼ੁਰੂ ਕਰ ਦਿੰਦੇ ਹਨ। ਅੱਜ ਦੇ ਦੌਰ ਵਿੱਚ ਸੋਸ਼ਲ- ਮੀਡੀਆ ਇਸਦੀ ਜਿਉਂਦੀ- ਜਾਗਦੀ ਮਿਸਾਲ ਕਹੀ ਜਾ ਸਕਦੀ ਹੈ।

ਆਮ ਹੀ ਕਹਾਵਤ ਹੈ; ਬਾਂਦਰ ਦੇ ਹੱਥ ਤੀਲੀ ਆ ਜਾਵੇ ਤਾਂ ਉਹ ਸ਼ਹਿਰ ਦੇ ਸ਼ਹਿਰ/ ਬਸਤੀਆਂ ਦੀਆਂ ਬਸਤੀਆਂ ਸਾੜ ਕੇ ਸੁਆਹ ਕਰ ਦੇਵੇਗਾ। ਬੱਸ ਇਹੋ ਹਾਲ ਸਾਡਾ ਲੋਕਾਂ ਦਾ ਹੋਇਆ ਪਿਆ ਹੈ। ਇਹਨਾਂ ਕੋਲ ਸੋਸ਼ਲ- ਮੀਡੀਆ ਨਾਂਅ ਦੀ ਮਾਚਿਸ ਦੀ ਤੀਲੀ ਹੱਥ ਲੱਗੀ ਹੋਈ ਹੈ, ਇਹਨਾਂ ਨੇ ਸਮਾਜ ਨੂੰ ਸਾੜ ਕੇ ਸੁਆਹ ਕਰ ਦੇਣਾ ਹੈ।

ਅੱਜ ਇੰਝ ਜਾਪਦਾ ਹੈ ਕਿ ਸੋਸ਼ਲ- ਮੀਡੀਆ ਦੀ ਵਰਤੋਂ ਕਰਕੇ ਹਰ ਕੋਈ ਕਲਾਕਾਰ/ ਪੱਤਰਕਾਰ ਬਣ ਗਿਆ ਹੈ। ਹਰ ਰੋਜ਼ ਹਜ਼ਾਰਾਂ ਹੀ ਪੋਸਟਾਂ ਅਤੇ ਵੀਡੀਓਜ਼ ਇੰਟਰਨੈੱਟ ਤੇ ਅਪਲੋਡ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਸਿਰ- ਪੈਰ ਨਹੀਂ ਹੁੰਦਾ। ਜਿਨ੍ਹਾਂ ਵਿੱਚ 'ਕਲਾ' ਨਾਂਅ ਦੀ ਕੋਈ ਸ਼ੈਅ ਨਹੀਂ ਹੁੰਦੀ। ਇਹਨਾਂ ਪੋਸਟਾਂ ਅਤੇ ਵੀਡੀਓਜ਼ ਵਿੱਚ ਕਿਸੇ ਤਰ੍ਹਾਂ ਦਾ ਕੋਈ ਸਾਰਥਕ ਸੁਨੇਹਾ ਵੀ ਨਹੀਂ ਹੁੰਦਾ। ਪਰ ! ਪੰਜਾਬੀਆਂ ਨੇ ਇਸ ਦੇ ਵਾਧੂ ਕੰਮ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ ਹੈ। ਇਹ ਸੱਚਮੁੱਚ ! ਬਹੁਤ ਮੰਦਭਾਗੀ ਅਤੇ ਨਾਮੋਸ਼ੀ ਭਰੀ ਗੱਲ ਹੈ।

ਅੱਜ; ਕੀ ਬੱਚਾ ਤੇ ਕੀ ਬੁੱਢਾ ? ਘੰਟਿਆਂ- ਬੱਧੀ ਮੋਬਾਇਲ ਫੋਨਾਂ 'ਤੇ ਆਪਣਾ ਕੀਮਤੀ ਟਾਈਮ ਖ਼ਰਾਬ ਕਰਦੇ ਦੇਖੇ ਜਾ ਸਕਦੇ ਹਨ। ਹਾਂ; ਪੜ੍ਹਾਈ ਅਤੇ ਸਿੱਖਿਆ ਪੱਖੋਂ ਇੰਟਰਨੈੱਟ ਅਤੇ ਸੋਸ਼ਲ- ਮੀਡੀਆ ਦੀ ਵਰਤੋਂ ਲਾਹੇਵੰਦ ਕਹੀ ਜਾ ਸਕਦੀ ਹੈ ਪ੍ਰੰਤੂ ! ਫ਼ਿਜ਼ੂਲ ਦੇ ਕੰਮਾਂ ਕਰਕੇ ਆਪਣੇ ਜੀਵਨ ਦਾ ਕੀਮਤੀ ਵਕਤ ਖ਼ਰਾਬ ਕਰਨਾ ਕਿਸੇ ਪਾਸੇ ਤੋਂ ਵੀ ਸਿਆਣਪ ਨਹੀਂ ਹੈ। ਖ਼ੈਰ !

ਸੋਸ਼ਲ- ਮੀਡੀਆ ਕਰਕੇ ਅਕਸਰ ਹੀ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਂਦਾ ਹੈ। ਲੋਕ ਬਿਨਾਂ ਜਾਂਚ- ਪੜਤਾਲ ਕੀਤਿਆਂ ਕੁਮੈਂਟ ਅਤੇ ਟਿੱਪਣੀਆਂ ਕਰਨ ਲੱਗਦੇ ਹਨ। ਇਸ ਨਾਲ ਕਈ ਵਾਰ ਸ਼ਹਿਰ, ਸੂਬੇ ਅਤੇ ਮੁਲਕ ਦਾ ਮਾਹੌਲ ਖ਼ਰਾਬ ਹੋ ਜਾਂਦਾ ਹੈ। ਇਸੇ ਲਈ ਦੰਗੇ ਜਾਂ ਫਿਰਕੂ ਹਿੰਸਾ ਦੇ ਮਾਮਲੇ ਵਿੱਚ ਸਰਕਾਰਾਂ ਸਭ ਤੋਂ ਪਹਿਲਾਂ ਇੰਟਰਨੈੱਟ 'ਤੇ ਹੀ ਪਾਬੰਦੀ ਲਗਾਉਂਦੀਆਂ ਹਨ ਤਾਂ ਕਿ ਅਫ਼ਵਾਹਾਂ 'ਤੇ ਕਾਬੂ ਪਾਇਆ ਜਾ ਸਕੇ ਅਤੇ ਸ਼ਰਾਰਤੀ ਅਨਸਰ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਾ ਹੋ ਸਕਣ।

ਅੱਜ ਸੋਸ਼ਲ- ਮੀਡੀਆ 'ਤੇ ਝੱਲਿਆਂ, ਸ਼ਦਾਈਆਂ ਅਤੇ ਬੇਵਕੂਫਾਂ ਦੀਆਂ ਪੋਸਟਾਂ ਅਤੇ ਵੀਡੀਓਜ਼ ਨੂੰ ਸਭ ਤੋਂ ਵੱਧ ਵੇਖਿਆ ਜਾਂਦਾ ਹੈ, ਪ੍ਰਚਾਰਿਆ ਜਾਂਦਾ ਹੈ। ਹਾਸੇ- ਠੱਠੇ ਵਿੱਚ ਹੀ ਇਹ 'ਕਮਲੇ' ਸਾਡੇ ਬੱਚਿਆਂ ਦੇ ਰੋਲ- ਮਾਡਲ ਬਣ ਗਏ ਹਨ। ਅੱਜ ਬੱਚਿਆਂ ਨੂੰ ਦਸ ਗੁਰੂ ਸਾਹਿਬਾਨ ਦੇ ਨਾਮ ਭਾਵੇਂ ਨਹੀਂ ਪਤਾ ਪਰ ! ਫਿਲਮੀ ਐਕਟਰਾਂ ਦੀ ਪੂਰੀ ਜਾਣਕਾਰੀ ਹੈ। ਖ਼ੈਰ ! ਇਹ ਤਾਂ ਆਮ ਲੋਕਾਂ ਦੀ ਗੱਲ ਹੋਈ। ਪਰ ਹੁਣ ਪੜ੍ਹੇ- ਲਿਖੇ ਅਤੇ ਸਿਆਣੇ ਲੋਕ ਵੀ ਪਿੱਛੇ ਨਹੀਂ ਰਹੇ।

ਕੁਝ ਦਿਨ ਪਹਿਲਾਂ ਇੱਕ ਵੀਡੀਓ ਵਾਇਰਲ ਹੋਈ। ਇੱਕ ਪਸ਼ੂ ਦੀ ਲੱਤ ਟੁੱਟੀ ਹੋਈ ਹੈ। ਉਹ ਸੜਕ ਦੇ ਕਿਨਾਰੇ 'ਤੇ ਬੈਠਾ ਹੈ। ਇੱਕ 'ਸਿਆਣੇ' ਨੇ ਲਿਖਿਆ; "ਕੁਮੈਂਟ ਵਿੱਚ (ਧਾਰਮਿਕ ਸ਼ਬਦ) ਲਿਖੋ ਤਾਂ ਕਿ ਇਸ 'ਵਿਚਾਰੇ' ਦਾ ਦਰਦ ਘੱਟ ਹੋ ਜਾਵੇ !!"ਹੁਣ ਉਸ ਭੱਦਰ-ਪੁਰਸ਼ ਨੂੰ ਚਾਹੀਦਾ ਸੀ ਕਿ ਜਖ਼ਮੀ ਪਸ਼ੂ ਦਾ ਇਲਾਜ ਕਰਵਾਉਂਦਾ। ਪਰ ਸੋਸ਼ਲ- ਮੀਡੀਆ ਤੇ ਵੀਡੀਓ ਪਾਉਣ ਨਾਲ ਉਸ ਜਾਨਵਰ ਦਾ ਦਰਦ ਕਿਵੇਂ ਘੱਟ ਹੋ ਸਕਦਾ ਹੈ ?

ਸੋਸ਼ਲ- ਮੀਡੀਆ 'ਤੇ ਵਾਇਰਲ ਵੀਡੀਓ ਚੀਨ ਜਾਂ ਜਪਾਨ ਦੀ ਹੁੰਦੀ ਹੈ। ਨਵੀਂ ਤਕਨੀਕ ਦੀ ਗੱਲ ਹੋ ਰਹੀ ਹੁੰਦੀ ਹੈ। ਪਰ ਸਾਡੇ ਲੋਕ ਧਾਰਮਿਕ (ਗੀਤ) ਐਡਿਟ ਕਰ- ਕਰਕੇ ਪਰਮਾਤਮਾ ਤੋਂ ਬਲਿਹਾਰੇ ਜਾ ਰਹੇ ਹੁੰਦੇ ਹਨ। ਚੀਨ, ਜਪਾਨ ਵਾਲਿਆਂ ਨੂੰ ਭਾਵੇਂ ਚਿੱਤ- ਚੇਤਾ ਵੀ ਨਾ ਹੋਵੇ ਕਿ ਉਹ ਕਿਸੇ 'ਰੱਬੀ ਨਿਆਮਤ' ਦੀ ਵਰਤੋਂ ਕਰ ਰਹੇ ਹਨ।

ਪਿੱਛੇ ਜਿਹੇ ਇੱਕ ਮਸਜਦ (ਜਿਸਦਾ ਨਾਂਅ ਅੱਲ ਨਬਵੀ) ਮਸਜਿਦ ਹੈ ਅਤੇ ਇਹ ਸਾਉਦੀ ਅਰਬ ਵਿੱਚ ਸਥਿਤ ਹੈ, ਦੀ ਵੀਡੀਓ ਵਾਇਰਲ ਹੋਈ। ਦਰਅਸਲ ਇਸ ਮਸਜਿਦ ਦੀ ਛੱਤ ਖੁੱਲ੍ਹ ਜਾਂਦੀ ਹੈ, ਇਹ ਕੋਈ ਕ੍ਰਿਸ਼ਮਾ, ਕਰਾਮਾਤ ਜਾਂ ਅਗੰਮੀ ਸ਼ਕਤੀ ਦਾ ਪ੍ਰਭਾਵ ਨਹੀਂ ਬਲਕਿ ਕਾਰੀਗਰਾਂ ਦੀ ਮਿਹਨਤ ਦਾ ਕਮਾਲ ਹੈ। ਇੰਗਲੈਂਡ ਵਿੱਚ ਇੱਕ ਪੁਲ਼ ਹੈ; ਜਿਸਨੂੰ 'ਲੰਡਨ ਬ੍ਰਿਜ' ਕਹਿੰਦੇ ਹਨ; ਉਹ ਵੀ ਖੁੱਲ੍ਹ ਜਾਂਦਾ ਹੈ। ਇਹ ਕੋਈ ਰੱਬੀ ਚਮਤਕਾਰ ਦਾ ਨਤੀਜਾ ਨਹੀਂ ਹੈ ਬਲਕਿ ਮਨੁੱਖੀ ਮਿਹਨਤ ਦਾ ਸਿੱਟਾ ਹੈ। ਪਰ ! ਸਾਡੇ ਲੋਕਾਂ ਨੇ ਧਾਰਮਿਕ ਗੀਤਾਂ 'ਤੇ ਵੀਡੀਓਜ਼ ਐਡਿਟ ਕਰ- ਕਰਕੇ 'ਅਗੰਮੀ ਸ਼ਕਤੀਆਂ' ਦਾ ਧੰਨਵਾਦ ਕਰਨ ਪੱਖੋਂ ਕੋਈ ਕਸਰ ਨਹੀਂ ਛੱਡੀ। ਭਾਰਤ ਵਿੱਚ ਹਰ ਰੋਜ਼ ਐਸੇ ਸੈਂਕੜੇ ਪਾਖੰਡੀ ਬਾਬਿਆਂ ਦੀਆਂ ਵੀਡੀਓਜ਼ ਵਾਇਰਲ ਹੁੰਦੀਆਂ ਹਨ ਜਿਹੜੇ ਅਖੌਤੀ ਚਮਤਕਾਰ ਕਰਕੇ ਆਮ ਲੋਕਾਂ ਨੂੰ ਮੂਰਖ਼ ਬਣਾ ਰਹੇ ਹੁੰਦੇ ਹਨ। ਲੋਕ ਧੜਾਧੜ ਅਜਿਹੀਆਂ ਵੀਡੀਓਜ਼ ਨੂੰ ਸ਼ੇਅਰ ਵੀ ਕਰਦੇ ਹਨ। ਦੂਜੇ ਪਾਸੇ ਹੈਰਾਨੀ ਅਤੇ ਹੱਦ ਉਦੋਂ ਹੁੰਦੀ ਹੈ ਜਦੋਂ ਵਿਦਵਾਨਾਂ ਦੇ ਲੇਖ, ਲੈਕਚਰ, ਵੀਡੀਓਜ਼ ਅਤੇ ਹੋਰ ਲਾਹੇਵੰਦ ਵਿਚਾਰਾਂ ਨੂੰ ਕੋਈ ਸੁਣਦਾ- ਦੇਖਦਾ ਨਹੀਂ। ਫੇਰ ਸਿਆਣਪ ਕਿੱਥੋਂ ਆਉਣੀ ਹੈ ? ਫੇਰ ਤਾਂ ਬੇਵਕੂਫਾਂ ਨੇ ਹੀ ਸਾਡੇ ਮਨਾਂ 'ਤੇ ਪ੍ਰਭਾਵ ਪਾਉਣਾ ਹੈ ਅਤੇ ਅਸੀਂ ਮੂਰਖ਼ ਬਣਨਾ ਹੈ। ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਸੋਸ਼ਲ- ਮੀਡੀਆ ਅਸਲੋਂ ਹੀ ਮਾੜਾ ਹੈ। ਪ੍ਰੰਤੂ ! ਬਿਨਾਂ ਸੋਚੇ- ਸਮਝੇ, ਅੰਨ੍ਹੇਵਾਹ ਪੋਸਟਾਂ ਅਤੇ ਵੀਡੀਓਜ਼ ਨੂੰ ਫਾਰਵਡ ਕਰੀ ਜਾਣਾ; ਅਫ਼ਵਾਹਾਂ ਦੇ ਭਾਗੀਦਾਰ ਬਣੀ ਜਾਣਾ; ਨਿਰੀ ਮੂਰਖ਼ਤਾ ਹੈ ਹੋਰ ਕੁਝ ਨਹੀਂ। ਸਭ ਤੋਂ ਪਹਿਲਾਂ ਪੋਸਟ ਜਾਂ ਵੀਡੀਓ ਦੀ ਪ੍ਰਮਾਣਿਕਤਾ ਜਾਂਚ ਲੈਣੀ ਚਾਹੀਦੀ ਹੈ ਫੇਰ ਹੀ ਅੱਗੇ ਭੇਜਣੀ ਚਾਹੀਦੀ ਹੈ। ਦੂਜੀ ਗੱਲ, ਮਿਹਨਤੀ ਲੋਕਾਂ ਦੀਆਂ ਪੋਸਟਾਂ, ਲੇਖ, ਲੈਕਚਰ ਜਾਂ ਵੀਡੀਓਜ਼ ਹੀ ਦੇਖਣੀਆਂ ਚਾਹੀਦੀਆਂ ਹਨ ਜਿਨ੍ਹਾਂ ਵਿੱਚ ਕੋਈ ਸੇਧ ਹੋਵੇ, ਸਿੱਖਿਆ ਹੋਵੇ। ਐਵੇਂ ਕਿਸੇ 'ਲੱਲੂ' ਨੂੰ ਆਪਣੇ ਅਤੇ ਆਪਣੇ ਬੱਚਿਆਂ ਦੇ ਮਨਾਂ 'ਤੇ ਪ੍ਰਭਾਵ ਨਾ ਪਾਉਣ ਦਿਓ। ਚੰਗੇ ਸਮਾਜ ਦੀ ਸਿਰਜਣਾ ਵਿੱਚ ਸੋਸ਼ਲ- ਮੀਡੀਆ ਦੀ ਵਰਤੋਂ ਰਾਹੀਂ ਆਪਣਾ ਹਿੱਸਾ ਪਾਓ। ਪਰ ਇਹ ਹੁੰਦਾ ਕਦੋਂ ਹੈ ? ਇਹ ਅਜੇ ਭਵਿੱਖ ਦੀ ਕੁੱਖ ਵਿੱਚ ਹੈ।

# ਆਓ ਬਜ਼ੁਰਗਾਂ ਦੀ ਸੁਰੱਖਿਆ ਹੇਠ ਇਕੱਠੇ ਰਹਿਣ ਦੇ ਭਾਰਤੀ ਸੱਭਿਆਚਾਰ ਨੂੰ ਲੁਪਤ ਹੋਣ ਤੋਂ ਬਚਾਈਏ

**ਜਦੋਂ ਤੱਕ ਫੈਸਲਾ ਬਜ਼ੁਰਗਾਂ ਦੇ ਹੱਥ ਵਿੱਚ ਹੋਵੇ ਘਰ ਨਹੀਂ ਟੁੱਟਦਾ -ਜੇਕਰ ਹਰ ਕੋਈ ਵੱਡਾ ਹੋਣ ਲੱਗ ਜਾਵੇ ਤਾਂ ਘਰ ਟੁੱਟਣ ਵਿੱਚ ਦੇਰ ਨਹੀਂ ਲਗਦੀ।**

ਕੁਦਰਤ ਦੁਆਰਾ ਰਚੀ ਗਈ ਅਨਮੋਲ ਖ਼ੂਬਸੂਰਤ ਰਚਨਾ ਵਿੱਚ ਭਾਰਤ ਆਦਿ ਕਾਲ ਤੋਂ ਹੀ ਇੱਕ ਵਿਸ਼ਾਲ ਬੋਹੜ ਦੇ ਦਰਖਤ ਵਾਂਗ ਪ੍ਰਫੁੱਲਤ ਹੁੰਦਾ ਆ ਰਿਹਾ ਹੈ, ਸੱਭਿਆਚਾਰ, ਸੱਭਿਅਤਾ, ਬਜ਼ੁਰਗਾਂ ਦਾ ਆਦਰ, ਸਤਿਕਾਰ, ਸੰਯੁਕਤ ਪਰਿਵਾਰਕ ਪਰੰਪਰਾ ਆਦਿ ਸਾਡੇ ਬਜ਼ੁਰਗਾਂ ਨੇ ਸੁਨਹਿਰੀ ਸੰਸਾਰ ਨੂੰ ਅਨੁਭਵ ਕੀਤਾ ਹੈ।ਧਰਤੀ 'ਤੇ ਆਪਣੇ ਅਜ਼ੀਜ਼ਾਂ ਦੇ ਨਾਲ ਇਸ ਰਚਨਾ ਵਿੱਚ ਸਵਰਗ ਨੂੰ ਦੇਖਿਆ ਅਤੇ ਅਨੁਭਵ ਕੀਤਾ ਹੈ.ਉਨ੍ਹਾਂ ਬੇਅੰਤ ਖੁਸ਼ੀਆਂ ਦੇ ਫੁੱਲਾਂ ਵਿੱਚੋਂ ਇੱਕ ਹੈ ਘਰ, ਪਰਿਵਾਰ, ਸਾਂਝਾ ਪਰਿਵਾਰ, ਜੋ ਖੁਸ਼ੀਆਂ ਦੀ ਮਜ਼ਬੂਤ ? ?ਰੰਗਤ ਪ੍ਰਦਾਨ ਕਰਦਾ ਹੈ, ਇੱਕ ਸੰਯੁਕਤ ਪਰਿਵਾਰ, ਇੱਕ ਘਰੇਲੂ ਪਰਿਵਾਰ, ਜਿੱਥੇ ਵਿਅਕਤੀ ਬਜ਼ੁਰਗਾਂ ਦੀ ਸੁਰੱਖਿਆ ਵਿੱਚ ਜੀਵਨ ਬਤੀਤ ਕਰ ਸਕਦਾ ਹੈ, ਉਨ੍ਹਾਂ ਦੇ ਫੈਸਲਿਆਂ ਨੂੰ ਲਾਗੂ ਕਰ ਸਕਦਾ ਹੈ, ਅੱਗੇ ਵਧ ਸਕਦਾ ਹੈ ਅਤੇ ਸਮਰਪਣ ਨਾਲ ਜ਼ਿੰਦਗੀ ਜਿਊਣ ਦਾ ਆਨੰਦ, ਅਨਮੋਲ ਪਲਾਂ ਦੇ ਪਰਛਾਵੇਂ ਵਿੱਚ ਜ਼ਿੰਦਗੀ ਜਿਊਣ ਦਾ ਆਨੰਦ ਹੀ ਕੁਝ ਹੋਰ ਹੈ।ਪਰ ਅਜੋਕੇ ਸੰਦਰਭ ਵਿੱਚ ਹੌਲੀ-ਹੌਲੀ ਸਾਡੇ ਦੇਸ਼ ਦੇ ਬਹੁਤੇ ਨੌਜਵਾਨ ਪੱਛਮੀ ਸੱਭਿਆਚਾਰ ਦੇ ਪਰਛਾਵੇਂ ਹੇਠ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ 'ਏਕਲਾ ਚੱਲੋ ਰੇ' ਦੀ ਨੀਤੀ 'ਤੇ ਚੱਲਦੇ ਜਾ ਰਹੇ ਹਨ, ਮੈਂ ਕਿਸੇ ਦਾ ਲਿਖਿਆ ਇੱਕ ਖ਼ੂਬਸੂਰਤ ਵਾਕੰਸ਼ ਦਾ ਹਵਾਲਾ ਦਿੰਦਾ ਹਾਂ। ਉਦੋਂ ਤੱਕ ਘਰ ਨਹੀਂ ਟੁੱਟਦਾ 'ਹੁਣ ਤੱਕ ਫੈਸਲਾ ਬਜ਼ੁਰਗਾਂ ਦੇ ਹੱਥ 'ਚ ਹੈ, ਜੇਕਰ ਪਰਿਵਾਰ ਦਾ ਹਰ ਮੈਂਬਰ ਵੱਡਾ ਹੋਣ ਲੱਗ ਜਾਵੇ ਤਾਂ ਘਰ ਟੁੱਟਣ 'ਚ ਦੇਰ ਨਹੀਂ ਲੱਗਦੀ, ਇਸ ਲਈ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਬਜ਼ੁਰਗਾਂ ਦੀਆਂ ਹਿਦਾਇਤਾਂ ਅਤੇ ਉਨ੍ਹਾਂ ਦੀ ਸੁਰੱਖਿਆ ਹੇਠ ਰਹਿਣ ਦੀ ਸ਼ੈਲੀ ਸਿੱਖੋ। ਇਸ ਲਈ ਅਤਿਅੰਤ ਲੋੜ ਹੈ, ਇਸ ਲੇਖ ਰਾਹੀਂ ਵਿਚਾਰ ਕਰੀਏ ਕਿ ਬਜ਼ੁਰਗਾਂ ਦੀ ਸੁਰੱਖਿਆ ਹੇਠ ਇਕੱਠੇ ਰਹਿਣ ਦੇ ਭਾਰਤੀ ਸੱਭਿਆਚਾਰ ਨੂੰ ਕਿਵੇਂ ਲੁਪਤ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਦੋਸਤੋ, ਜੇਕਰ ਅਸੀਂ ਬਜ਼ੁਰਗਾਂ ਦੇ ਹੱਥੋਂ ਲਏ ਜਾਣ ਵਾਲੇ ਮਹੱਤਵਪੂਰਨ ਫੈਸਲਿਆਂ ਦੀ ਗੱਲ ਕਰੀਏ ਤਾਂ ਉਮਰ ਦੇ ਫਰਕ ਦੇ ਨਾਲ-ਨਾਲ ਬਜ਼ੁਰਗਾਂ ਅਤੇ ਬੱਚਿਆਂ ਦੀਆਂ ਕਦਰਾਂ-ਕੀਮਤਾਂ ਵਿੱਚ ਵੀ ਅੰਤਰ ਹੁੰਦਾ ਹੈ, ਉਦਾਹਰਣ ਵਜੋਂ, ਜੇਕਰ ਬਜ਼ੁਰਗ ਬਹੁਤ ਧਾਰਮਿਕ ਹੁੰਦੇ ਹਨ ਅਤੇ ਉਨ੍ਹਾਂ ਕੋਲ ਬੱਚਿਆਂ ਨੂੰ ਵੀ ਇਹੀ ਗੱਲਾਂ ਸਿਖਾਈਆਂ ਜਾਂਦੀਆਂ ਹਨ, ਇਹ ਜ਼ਰੂਰੀ ਨਹੀਂ ਕਿ ਬੱਚੇ ਉਹੀ ਕਦਰਾਂ-ਕੀਮਤਾਂ ਦੀ ਪਾਲਣਾ ਕਰਨ, ਇੱਥੋਂ ਹੀ ਟਕਰਾਅ ਸ਼ੁਰੂ ਹੁੰਦਾ ਹੈ।ਵਿਛੋੜੇ ਦੀ ਸਥਿਤੀ ਪੈਦਾ ਹੋ ਜਾਂਦੀ ਹੈ, ਇਹ ਵੀ ਦੇਖਿਆ ਗਿਆ ਹੈ ਕਿ ਵਿਛੋੜੇ ਦੇ ਕਾਰਨਾਂ ਨੂੰ ਲੈ ਕੇ ਆਮ ਤੌਰ 'ਤੇ ਮਾਪਿਆਂ ਅਤੇ ਬੱਚਿਆਂ ਵਿਚਕਾਰ ਕੋਈ ਸੰਚਾਰ ਨਹੀਂ ਹੁੰਦਾ, ਇਸ ਲਈ ਇਹ ਪਤਾ ਨਹੀਂ ਹੁੰਦਾ ਕਿ ਇਸ ਤੋਂ ਇਲਾਵਾ ਭੈਣ-ਭਰਾ ਦੇ ਵੱਖੋ-ਵੱਖਰੇ ਸੁਭਾਅ ਹਨ ਮਾਂ-ਬਾਪ ਦਾ ਇੱਕ ਬੱਚੇ ਪ੍ਰਤੀ ਲਗਾਵ ਵੀ ਵਿਛੋੜੇ ਦਾ ਕਾਰਨ ਬਣ ਜਾਂਦਾ ਹੈ, ਅਜਿਹਾ ਨਹੀਂ ਹੈ ਕਿ ਪਰਿਵਾਰ ਵਿੱਚ ਵਿਛੋੜਾ ਰਾਤੋ-ਰਾਤ ਹੋ ਰਿਹਾ ਹੈ, ਸਗੋਂ ਇਹ ਬਹੁਤ ਹੌਲੀ-ਹੌਲੀ ਹੋ ਰਿਹਾ ਹੈ। ਕਈ ਵਾਰ ਛੋਟੀ ਜਿਹੀ ਘਟਨਾ ਵੀ ਪਰਿਵਾਰ ਨੂੰ ਤੋੜ ਦਿੰਦੀ ਹੈ। ਇਸ ਲਈ ਗੱਲ ਕਰੀਏ ਤਾਂ ਇਹ ਇੱਕ ਘਟਨਾ ਹੈ ਪਰ ਇਸ ਦੇ ਨਤੀਜੇ ਬਹੁਤ ਦੂਰਗਾਮੀ ਹਨ, ਜਿਨ੍ਹਾਂ ਨੂੰ ਰੇਖਾਂਕਿਤ ਕਰਨਾ ਜ਼ਰੂਰੀ ਹੈ।

ਦੋਸਤੋ, ਜੇਕਰ ਅਸੀਂ ਘਰ ਵਿੱਚ ਹਰ ਕਿਸੇ ਦੇ ਵੱਡੇ ਹੋਣ ਦੇ ਦੋ ਮੁੱਖ ਕਾਰਨਾਂ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਸਾਲਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਵਿਸ਼ਵੀਕਰਨ ਕਾਰਨ ਉਨ੍ਹਾਂ ਦੇਸ਼ਾਂ ਵਿੱਚ ਵੀ ਪਰਿਵਾਰ ਟੁੱਟ ਰਹੇ ਹਨ ਜਿੱਥੇ ਇਕੱਲੇ ਰਹਿਣ ਦਾ ਰਿਵਾਜ ਨਹੀਂ ਹੈ, ਭਾਰਤ ਦੀ ਗੱਲ ਕਰੀਏ ਤਾਂ ਵੱਡੀ ਗਿਣਤੀ ਵਿਚ ਲੋਕ ਰੁਜ਼ਗਾਰ ਦੀ ਭਾਲ ਵਿਚ ਪਿੰਡਾਂ ਤੋਂ ਸ਼ਹਿਰਾਂ ਜਾਂ ਵਿਦੇਸ਼ਾਂ ਵਿਚ ਜਾ ਰਹੇ ਹਨ।ਜਦੋਂ ਕਿ ਜਿਨ੍ਹਾਂ ਦੇਸ਼ਾਂ ਵਿੱਚ ਸਰਕਾਰਾਂ ਵੱਲੋਂ ਬਿਹਤਰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ, ਉੱਥੇ ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਵਿੱਚ ਇੱਕ ਦੂਜੇ ਲਈ ਮਜ਼ਬੂਤ ? ?ਰਿਸ਼ਤੇ ਅਤੇ ਸਨੇਹ ਦੇਖਣ ਨੂੰ ਮਿਲਦਾ ਹੈ, ਇਸ ਦੀਆਂ ਉਦਾਹਰਣਾਂ ਅਸੀਂ ਯੂਰਪ ਦੇ ਕੁਝ ਦੇਸ਼ਾਂ ਵਿੱਚ ਦੇਖ ਸਕਦੇ ਹਾਂ।ਰੁਜ਼ਗਾਰ ਲਈ ਵੱਡੇ ਸ਼ਹਿਰਾਂ ਜਾਂ ਵਿਦੇਸ਼ਾਂ ਵਿਚ ਜਾਣ ਨਾਲ ਮਾਪਿਆਂ ਤੋਂ ਦੂਰੀ ਬਣ ਜਾਂਦੀ ਹੈ, ਅਜਿਹੇ ਪਰਿਵਾਰਾਂ ਵਿਚ ਵੀ ਲੋਕ ਆਰਥਿਕ ਤੌਰ 'ਤੇ ਇਕ-ਦੂਜੇ 'ਤੇ ਨਿਰਭਰ ਨਹੀਂ ਹੁੰਦੇ, ਕੁਦਰਤੀ ਤੌਰ 'ਤੇ ਉਹ ਆਪਣੇ ਫੈਸਲੇ ਖੁਦ ਲੈਣੇ ਸ਼ੁਰੂ ਕਰ ਦਿੰਦੇ ਹਨ, ਇਸ ਲਈ ਉਨ੍ਹਾਂ ਨੂੰ ਵੱਖ ਹੋਣ ਵਿਚ ਕੋਈ ਝਿਜਕ ਨਹੀਂ ਹੁੰਦੀ।ਇਹ ਵੀ ਦੇਖਿਆ ਗਿਆ ਹੈ ਕਿ ਇੱਕ ਸਮਾਜ ਦੇ ਲੋਕ ਜੋ ਇੱਕ ਦੂਜੇ ਦੇ ਬਹੁਤ ਨੇੜੇ ਰਹਿੰਦੇ ਹਨ, ਵੱਡੇ ਪਰਿਵਾਰ ਵੀ ਇੱਕ ਛੱਤ ਹੇਠਾਂ ਰਹਿਣ ਨੂੰ ਤਰਜੀਹ ਦਿੰਦੇ ਹਨ, ਅਜਿਹਾ ਵੀ ਹੋ ਸਕਦਾ ਹੈ ਕਿ ਅਸੁਰੱਖਿਆ ਦੀ ਭਾਵਨਾ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕਰਦੀ ਹੈ।ਸ਼ਹਿਰਾਂ ਵਿਚ ਵੱਡੇ ਪਰਿਵਾਰ ਨੂੰ ਇਕੱਠੇ ਰੱਖਣਾ ਆਸਾਨ ਨਹੀਂ ਹੈ, ਹਰ ਕੋਈ ਵੱਡਾ ਹੋ ਕੇ ਫੈਸਲੇ ਲੈਣਾ ਚਾਹੁੰਦਾ ਹੈ, ਇਸ ਲਈ ਬਜ਼ੁਰਗਾਂ ਵਿਚ ਬੇਗਾਨਗੀ ਦੀ ਸਥਿਤੀ ਪੈਦਾ ਕੀਤੀ ਜਾ ਰਹੀ ਹੈ ਅਤੇ ਸਮਾਂ ਬੀਤਣ ਨਾਲ ਇਹ ਸਥਿਤੀ ਹੋਰ ਮਜ਼ਬੂਤ ? ?ਹੁੰਦੀ ਜਾਵੇਗੀ।ਪਰ ਸੱਭਿਆਚਾਰਕ ਕਦਰਾਂ-ਕੀਮਤਾਂ ਜੋ ਕਿਸੇ ਵੀ ਸਮਾਜ ਵਿੱਚ ਬਹੁਤ ਮਜ਼ਬੂਤ ? ?ਹੁੰਦੀਆਂ ਹਨ, ਆਸਾਨੀ ਨਾਲ ਅਲੋਪ ਨਹੀਂ ਹੁੰਦੀਆਂ, ਇਸ ਲਈ ਉਨ੍ਹਾਂ ਸਮਾਜਾਂ ਵਿੱਚ ਜਿੱਥੇ ਪਰਿਵਾਰ ਨਾਲ ਰਹਿਣ ਦਾ ਰੁਝਾਨ ਪ੍ਰਚਲਿਤ ਹੈ, ਇਹ ਕਾਇਮ ਰਹੇਗਾ, ਪਰ ਸੰਭਵ ਹੈ ਕਿ ਸਥਿਤੀ ਪੂਰੀ ਤਰ੍ਹਾਂ ਬਦਲ ਜਾਵੇਗੀ। ਆਉਣ ਵਾਲੇ 20 ਸਾਲ.

ਦੋਸਤੋ, ਜੇਕਰ ਅਸੀਂ ਉਸ ਪੁਰਾਣੇ ਯੁੱਗ ਦੀ ਗੱਲ ਕਰੀਏ ਜਿੱਥੇ ਸੰਜਮ, ਬਜ਼ੁਰਗਾਂ ਅਤੇ ਸਾਂਝੇ ਪਰਿਵਾਰ ਦਾ ਸਤਿਕਾਰ ਅਤੇ ਫੈਸਲੇ ਲੈਣ ਦੀ ਜ਼ਿੰਮੇਵਾਰੀ ਬਜ਼ੁਰਗਾਂ ਦੇ ਹੱਥਾਂ ਵਿੱਚ ਸੀ ਤਾਂ ਉਸ ਯੁੱਗ ਵਿੱਚ ਸੰਜਮ, ਵੱਡਿਆਂ ਦਾ ਸਤਿਕਾਰ,ਛੋਟੇ ਅਤੇ ਵੱਡੇ ਦਾ ਰਾਜ ਸੀ।ਨਿਯੰਤਰਣ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਪ੍ਰਭਾਵ ਸੀ।ਇਸੇ ਤਰ੍ਹਾਂ ਸੰਯੁਕਤ ਪਰਿਵਾਰਾਂ ਤੋਂ ਇੱਕ ਸਾਂਝਾ ਸਮਾਜ ਬਣਾਇਆ ਗਿਆ ਅਤੇ ਸਾਰਾ ਇਲਾਕਾ ਅਤੇ ਪਿੰਡ ਇੱਕ ਪਰਿਵਾਰ ਵਾਂਗ ਰਹਿੰਦਾ ਸੀਪਰਿਵਾਰ ਦਾ ਨਹੀਂ, ਸਭ ਦਾ ਬਜ਼ੁਰਗ ਮੰਨਿਆ ਜਾਂਦਾ ਸੀ ਅਤੇ ਕਿਸੇ ਵਿੱਚ ਵੀ ਅਜਿਹੇ ਲੋਕਾਂ ਦੇ ਸਾਹਮਣੇ ਬੋਲਣ ਦੀ ਹਿੰਮਤ ਨਹੀਂ ਹੁੰਦੀ ਸੀ। ਬਜ਼ੁਰਗਾਂ ਜਾਂ ਕੋਈ ਅਣਸੁਖਾਵਾਂ ਕੰਮ ਕਰਨਾ ਕਿਸੇ ਦਾ ਨਹੀਂ ਸੀ।ਉਨ੍ਹਾਂ ਸਮਿਆਂ ਵਿੱਚ ਮੁਹੱਲਿਆਂ ਵਿੱਚ ਅਜਿਹਾ ਮਾਹੌਲ ਅਤੇ ਸਾਂਝ ਸੀ ਕਿ ਲੋਕ ਆਪਣੇ ਇਲਾਕੇ ਦੇ ਜਵਾਈ ਨੂੰ 'ਪਿੰਡ ਦਾ ਜਵਾਈ' ਜਾਂ 'ਜਵਾਈ' ਕਹਿ ਕੇ ਬੁਲਾਉਂਦੇ ਸਨ। ਜੇਕਰ ਕੋਈ ਭਤੀਜਾ ਹੈ ਤਾਂ ਉਹ ਕਿਸੇ ਪਰਿਵਾਰ ਦਾ ਨਹੀਂ, ਸਗੋਂ ਪੂਰੇ ਇਲਾਕੇ ਅਤੇ ਪਿੰਡ ਦਾ ਭਤੀਜਾ ਹੈ ਅਤੇ ਇਹੀ ਕਾਰਨ ਸੀ ਕਿ ਲੋਕ ਔਰਤ ਨੂੰ 'ਦੀ ਧੀ' ਕਹਿ ਕੇ ਸੰਬੋਧਨ ਕਰਦੇ ਸਨ ਪਿੰਡ' ਜਾਂ 'ਪਿੰਡ ਦੀ ਨੂੰਹ' ਜੋ ਰੇਖਾਂਕਿਤ ਕਰਨ ਵਾਲੀ ਗੱਲ ਹੈ। ਦੋਸਤੋ, ਜੇਕਰ ਘਰ ਨੂੰ ਟੁੱਟਣ ਤੋਂ ਬਚਾਉਣ ਦੇ ਸੌਖੇ ਉਪਾਵਾਂ ਦੀ ਗੱਲ ਕਰੀਏ ਤਾਂ ਕੀ ਸੰਯੁਕਤ ਪਰਿਵਾਰ ਅਤੇ ਬਜ਼ੁਰਗਾਂ ਦੀ ਰਹਿਨੁਮਾਈ ਵਿੱਚ ਰਹਿਣ ਦਾ ਸਹੀ ਤਰੀਕਾ ਹੈ ?ਸੁਆਰਥ ਤੋਂ ਦੂਰ ਰਹਿ ਕੇ ਆਪਣੇ ਤੋਂ ਪਹਿਲਾਂ ਦੂਸਰਿਆਂ ਦੀ ਖੁਸ਼ੀ ਦਾ ਖਿਆਲ ਰੱਖਣਾ ਹੈ ਅਤੇ ਆਪਣੇ ਪਰਿਵਾਰ ਦੀ ਖੁਸ਼ੀ ਦਾ ਖਿਆਲ ਰੱਖਣਾ ਚਾਹੀਦਾ ਹੈ। ਵੱਡਿਆਂ ਦਾ ਸਤਿਕਾਰ ਅਤੇ ਛੋਟਿਆਂ ਲਈਪਿਆਰ ਹੋਣਾ ਚਾਹੀਦਾ ਹੈ। ਘਰ ਭਾਵੇਂ ਛੋਟਾ ਹੋਵੇ ਜਾਂ ਵੱਡਾ ਪਰ ਦਿਲ ਹਮੇਸ਼ਾ ਵੱਡਾ ਹੋਣਾ ਚਾਹੀਦਾ ਹੈ।ਤੁਹਾਡੀਆਂ ਇੱਛਾਵਾਂ ਤੋਂ ਪਹਿਲਾਂ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਸੰਯੁਕਤ ਪਰਿਵਾਰ 'ਚ ਮੇਰਾ ਕੁਝ ਨਹੀਂ ਹੈ, ਜੋ ਕੁਝ ਵੀ ਹੁੰਦਾ ਹੈ, ਉਹ ਸਭ ਨਾਲ ਹੁੰਦਾ ਹੈ। ਕੁਝ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਦੂਜਿਆਂ ਵੱਲ ਧਿਆਨ ਦੇਣ ਦੀ ਕਲਾ ਸਿੱਖਣੀ ਚਾਹੀਦੀ ਹੈ। ਸੰਯੁਕਤ ਪਰਿਵਾਰ ਵਿੱਚ ਹਰ ਖੁਸ਼ੀ ਵੱਡੀ ਅਤੇ ਹਰ ਦੁੱਖ ਛੋਟਾ ਹੋ ਜਾਂਦਾ ਹੈ।ਇਕੱਠੇ ਬੈਠ ਕੇ ਖਾਣਾ ਖਾਣ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਕਿਉਂਕਿ ਇੱਕ ਦੂਜੇ ਦਾ ਹੱਥ ਫੜ ਕੇ ਚੱਲਣਾ ਸਿੱਖੋ। ਤੁਸੀਂ ਤਾਲਮੇਲ ਕਰਨਾ ਵੀ ਜਾਣਦੇ ਹੋ।ਦੋਸਤੋ, ਇਹ ਮੇਰਾ ਨਿੱਜੀ ਅਨੁਭਵ ਹੈ ਕਿ ਮੇਰਾ ਪਰਿਵਾਰ ਇੱਕ ਸਾਂਝਾ ਪਰਿਵਾਰ ਹੈ ਅਤੇ ਇਸ ਲਈ ਮੈਂ ਇਸ ਸਵਾਲ ਦਾ ਜਵਾਬ ਦੇਣਾ ਚਾਹੁੰਦਾ ਸੀ।ਹਰ ਕਿਸੇ ਦਾ ਉਚਿਤ ਸਤਿਕਾਰ ਹੋਣਾ ਚਾਹੀਦਾ ਹੈ, ਖਾਸ ਕਰਕੇ ਛੋਟੇ ਦਾ, ਹਮੇਸ਼ਾ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕੰਮਾਂ ਦੀ ਸਹੀ ਵੰਡ ਹੋਣੀ ਚਾਹੀਦੀ ਹੈ ਤਾਂ ਜੋ ਕੋਈ ਟਕਰਾਅ ਨਾ ਹੋਵੇ।ਇੱਕ ਪੁਰਾਣੀ ਕਹਾਵਤ ਹੈ ਕਿ - ਜਿੱਥੇ ਚਾਰ ਭਾਂਡੇ ਹੋਣ, ਉੱਥੇ ਕਲੇਸ਼ ਹੈ, ਇਹ ਕਲੇਸ਼ ਵੀ ਮਿੱਠਾ ਹੋਣਾ ਚਾਹੀਦਾ ਹੈ।ਬਾਹਰਲੀਆਂ ਗੱਪਾਂ ਅਤੇ ਚਾਪਲੂਸੀ ਵੱਲ ਕੋਈ ਧਿਆਨ ਨਾ ਦਿਓ,ਕਿਉਂਕਿ ਇਹ ਸਾਡੇ ਭਾਰਤੀਆਂ ਦਾ ਜਨਮ-ਸਿੱਧ ਅਧਿਕਾਰ ਹੈ, ਉਹ ਜ਼ਰੂਰ ਕਰਨਗੇ। ਅੰਤ ਵਿੱਚ ਸਭ ਤੋਂ ਮਹੱਤਵਪੂਰਨ -

ਇੱਕ ਦੂਜੇ ਨੂੰ ਪਿਆਰ ਕਰੋ, ਨਹੀਂ ਤਾਂ ਉੱਪਰ ਲਿਖੀਆਂ ਸਾਰੀਆਂ ਗੱਲਾਂ ਬੇਕਾਰ ਹਨ।

ਆਪਣੇ ਮਨ ਨਾਲ ਮੱਥਾ ਟੇਕ, ਇਹ ਪੂਜਾ ਬਣ ਜਾਵੇਗੀ।

ਬਜ਼ੁਰਗਾਂ ਦੀ ਸੇਵਾ ਟਰੱਸਟ ਬਣ ਜਾਵੇਗੀ।

ਜਦੋਂ ਤੇਰੇ ਗੁਨਾਹਾਂ ਦਾ ਲੇਖਾ-ਜੋਖਾ ਹੋਵੇਗਾ।

ਇਸ ਲਈ ਬਜ਼ੁਰਗਾਂ ਦੀ ਸੇਵਾ ਸੁਰੱਖਿਆ ਬਣ ਜਾਵੇਗੀ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਆਓ ਬਜ਼ੁਰਗਾਂ ਦੀ ਸੁਰੱਖਿਆ ਹੇਠ ਇਕੱਠੇ ਰਹਿਣ ਦੇ ਭਾਰਤੀ ਸੱਭਿਆਚਾਰ ਨੂੰ ਅਲੋਪ ਹੋਣ ਤੋਂ ਬਚਾਈਏ। ਘਰ ਉਦੋਂ ਤੱਕ ਨਹੀਂ ਟੁੱਟਦਾ ਜਦੋਂ ਤੱਕ ਫੈਸਲਾ ਬਜ਼ੁਰਗਾਂ ਦੇ ਹੱਥ ਵਿੱਚ ਨਾ ਹੋਵੇ, ਜੇਕਰ ਹਰ ਕੋਈ ਵੱਡਾ ਹੋਣ ਲੱਗ ਜਾਵੇ ਤਾਂ ਘਰ ਟੁੱਟਣ ਵਿੱਚ ਦੇਰ ਨਹੀਂ ਲੱਗਦੀ।ਆਧੁਨਿਕ ਯੁੱਗ ਵਿਚ, ਕੁਝ ਲੋਕ ਪਰਿਵਾਰ ਵਿਚ ਬਜ਼ੁਰਗਾਂ ਲਈ ਤਰਸਦੇ ਹਨ, ਜਦੋਂ ਕਿ ਕੁਝ ਬਜ਼ੁਰਗਾਂ 'ਤੇ ਗੁੱਸੇ ਹੁੰਦੇ ਹਨ.

-ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕ
ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ
31(1"3) ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ
ਗੋਂਡੀਆ ਮਹਾਰਾਸ਼ਟਰ 9284141425

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

******************************
Sunil Kumar Gund
(Journalist) India
**********************************
Raj Rani
Video editor
**************************************
Jagmeet Kaur
97817-41631
******************************

ADVISORY BOARD

Joga Singh
*******************************
Jaswinder Singh New Jersey
*******************************
Mindi Manak
NewYork
*********************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
*******************
Sarabjit Kaur Punjab
**********************
Sukhmandar Brar
(Bhagata Bhaika) Vancouver,


ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਆਉ ਸਰਬੱਤ ਦੇ ਭਲੇ ਦੀ ਅਰਦਾਸ ਕਰੀਏ

**ਸੁਰਜੀਤ ਸਿੰਘ ਫਲੋਰਾ**

ਇਸ ਸਾਲ ਨਵੰਬਰ ਦੇ ਅੱਧ ਵਿੱਚ ਭਾਰਤ ਅਤੇ ਦੁਨੀਆ ਭਰ ਵਿੱਚ ਗੁਰੁ ਨਾਨਕ ਦੇਵ ਜੀ ਦਾ ਬਹੁਤ ਪਿਆਰ ਅਤੇ ਸ਼ਰਧਾ ਨਾਲ ਗੁਰਪੁਰਬ ਦਿਵਸ ਮਨਾਇਆ।

ਇਹ ਦਿਨ ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਹੈ। 1469 ਵਿਚ ਤਲਵੰਡੀ, ਪਾਕਿਸਤਾਨ ਵਿਚ ਜਨਮੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਇਕ 5ਕਾਰ', ਭਾਵ 'ਇਕ ਪਰਮਾਤਮਾ' ਦਾ ਸੰਦੇਸ਼ ਫੈਲਾਇਆ ਜੋ ਆਪਣੀ ਹਰ ਰਚਨਾ ਵਿਚ ਨਿਵਾਸ ਕਰਦਾ ਹੈ ਅਤੇ ਸਦੀਵੀ ਸੱਚ ਦਾ ਗਠਨ ਕਰਦਾ ਹੈ।

'ਇਕ 5ਕਾਰ' ਮੂਲ ਮੰਤਰ ਦਾ ਪਹਿਲਾ ਸ਼ਬਦ ਹੈ ਅਤੇ ਸਿੱਖ ਧਰਮ ਵਿਚ ਸਭ ਤੋਂ ਮਹੱਤਵਪੂਰਨ ਹਿੱਸਾ ਮੰਨਿਆ ਜਾਂਦਾ ਹੈ। ਮੂਲ ਮੰਤਰ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ੁਰੂਆਤੀ ਪਾਠ ਹੈ, ਜਿਸ ਵਿੱਚ ਸਾਰੇ ਦਸ ਸਿੱਖ ਗੁਰੂਆਂ ਦੀ ਰਚਨਾ ਅਤੇ ਬਾਣੀ ਸ਼ਾਮਲ ਹੈ।

ਪ੍ਰਕਾਸ਼ ਉਤਸਵ, ਜੋ ਕਿ ਪ੍ਰਕਾਸ਼ ਦੇ ਜਨਮ ਨੂੰ ਦਰਸਾਉਂਦਾ ਹੈ, ਨਾ ਸਿਰਫ ਮਨਾਉਣ ਦਾ ਮੌਕਾ ਹੈ, ਸਗੋਂ ਆਪਣੇ ਆਪ ਨੂੰ ਏਕ 5ਕਾਰ - ਸਰਵਉੱਚਤਾ ਦੀ ਏਕਤਾ ਲਈ ਸਮਰਪਿਤ ਕਰਨ ਦਾ ਵੀ ਮੌਕਾ ਹੈ।

ਗੋਂਦੀਆ–ਵਿਸ਼ਵ ਪੱਧਰ ’ਤੇ ਦੁਨੀਆ ਦੇ ਕਈ ਲੋਕਤੰਤਰੀ ਦੇਸ਼ਾਂ ਵਿਚ ਅਸੀਂ ਟੀਵੀ ਚੈਨਲਾਂ ਰਾਹੀਂ ਹੇਠਲੇ ਅਤੇ ਉਪਰਲੇ ਸਦਨ ਲਈ ਚੁਣੇ ਗਏ ਮੈਂਬਰਾਂ ਵਿਚ ਜੁੱਤੀਆਂ,ਚੱਪਲਾਂ ਸੁੱਟਣ, ਕੁਰਸੀਆਂ ਸੁੱਟਣ ਅਤੇ ਆਪਸੀ ਲੜਾਈ–ਝਗੜੇ ਦੇ ਕਈ ਮਾਮਲੇ ਵੇਖੇ ਹਨ, ਜੋ ਕਿ ਮੰਦਰ ਹੈ। ਲੋਕਤੰਤਰ ਦਾ ਜਿੱਥੇ ਇਸ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਇਹ ਉਨ੍ਹਾਂ ਲੋਕਾਂ ਦਾ ਅਪਮਾਨ ਹੈ ਜਿਨ੍ਹਾਂ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਚੁਣਿਆ ਹੈ। ਅੱਜ ਅਸੀਂ ਇਸ ਵਿਸ਼ੇ ’ਤੇ ਚਰਚਾ ਕਰ ਰਹੇ ਹਾਂ ਕਿਉਂਕਿ 25 ਨਵੰਬਰ ਤੋਂ 20 ਦਸੰਬਰ 2024 ਤੱਕ ਚੱਲਣ ਵਾਲੇ ਭਾਰਤੀ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਅਸੀਂ ਪਹਿਲੇ ਦਿਨ ਤੋਂ ਹੀ ਦੇਖ ਰਹੇ ਹਾਂ ਕਿ ਬਹੁਤ ਹੰਗਾਮਾ ਹੋਇਆ ਹੈ, ਸਦਨ ਕੰਮ ਨਹੀਂ ਕਰ ਰਿਹਾ ਹੈ ਅਤੇ ਹੈ ।ਜਿਸ ਨੂੰ ਅੱਜ 10 ਦਸੰਬਰ 2024 ਨੂੰ ਦਿਨ ਭਰ ਮੁਲਤਵੀ ਕੀਤਾ ਗਿਆ ਅਤੇ 11 ਦਸੰਬਰ 2024 ਤੱਕ ਮੁਲਤਵੀ ਕਰ ਦਿੱਤਾ ਗਿਆ ।ਵਿਰੋਧੀ ਧਿਰ ਲਗਾਤਾਰ ਉਦਯੋਗਪਤੀ ਦੇ ਮੁੱਦੇ ’ਤੇ ਜੇਪੀਸੀ ਦੀ ਮੰਗ ਕਰ ਰਹੀ ਹੈ ਜਿਸ ’ਤੇ ਸਦਨ ’ਚ ਚਰਚਾ ਹੋਣੀ ਚਾਹੀਦੀ ਹੈ ਪਰ ਹੁਣ ਸੱਤਾਧਾਰੀ ਧਿਰ ਨੇ ਵੀ ਜ਼ਾਰ ਸੋਰੋਨ ਦਾ ਮੁੱਦਾ ਚੁੱਕ ਕੇ ਵੱਡੀ ਧਿਰ ਨੂੰ ਘੇਰ ਲਿਆ ਹੈ, ਜਿਸ ਕਾਰਨ ਸਥਿਤੀ ਹੋਰ ਵੀ ਗੰਭੀਰ ਹੁੰਦੀ ਜਾ ਰਹੀ ਹੈ ਲੋਕ ਅਤੀਤ ਨੂੰ ਦੇਖ ਰਹੇ ਹਨ, ਕੁਝ ਸੈਸ਼ਨਾਂ ਤੋਂ, ਅਸੀਂ ਦੇਖ ਰਹੇ ਹਾਂ ਕਿ ਲੋਕ ਸਭਾ ਦੇ ਸੈਸ਼ਨ ਦੌਰਾਨ ਹੀ, ਕੋਈ ਨਾ ਕੋਈ ਗੰਭੀਰ ਮੁੱਦਾ ਉੱਠਦਾ ਹੈ ਅਤੇ ਇਸ ਨੂੰ ਲੈ ਕੇ ਹੰਗਾਮਾ ਸ਼ੁਰੂ ਹੋ ਜਾਂਦਾ ਹੈ ਅਤੇ ਭਾਰਤੀ ਸੰਸਦ ਦੇ ਸਰਦ ਰੁੱਤ ਸੈਸ਼ਨ ਤੋਂ ਜਨਤਾ ਦੀ ਮਿਹਨਤ ਦੀ ਕਮਾਈ ਬਰਬਾਦ ਹੋ ਜਾਂਦੀ ਹੈ 25 ਤੋਂ 20 ਨਵੰਬਰ ਤੱਕ ਹੈ ਅਡਾਨੀ ਤੇ ਸੋਰੋਸ ਰਾਹੀਂ ਦਸੰਬਰ 2024 ਤੱਕ ਪਾਰਲੀਮੈਂਟ ਦੀ ਲੜਾਈ ਚੱਲ ਰਹੀ ਹੈ– ਦੁਨੀਆ ਦੇ ਲੋਕ ਦੇਖਦੇ ਰਹੇ। ਦੋਸਤੋ, ਜੇਕਰ ਤੂਫਾਨੀ ਸਰਦ ਰੁੱਤ ਸੈਸ਼ਨ ਦੀ ਗੱਲ ਕਰੀਏ ਤਾਂ ਸਰਦੀਆਂ ਦੇ ਮੌਸਮ ਵਿੱਚ ਦਿੱਲੀ ਦਾ ਤਾਪਮਾਨ ਡਿੱਗ ਰਿਹਾ ਹੈ ਪਰ ਸੰਸਦ ਵਿੱਚ ਰਾਜਨੀਤਿਕ ਤਾਪਮਾਨ ਬਹੁਤ ਵੱਧ ਗਿਆ ਹੈ, ਜਿਸ ਤੋਂ ਬਾਅਦ ਪੰਜ ਦੇ ਪਹਿਲੇ ਛੇ ਦਿਨ ਹੰਗਾਮੇ ਨਾਲ ਕੰਮ ਚੱਲ ਰਿਹਾ ਸੀ ਮੁੜ ਲੀਹ ’ਤੇ ਆ ਗਿਆ ਜਦੋਂ ਦੋਵੇਂ ਸਦਨ ਹੀ ਮੁੜ ਪਟੜੀ ਤੋਂ ਉਤਰ ਗਏ ।ਜਿੱਥੇ ਲੋਕ ਸਭਾ ਤੋਂ ਲੈ ਕੇ ਰਾਜ ਸਭਾ ਤੱਕ ਵਿਰੋਧੀ ਧਿਰ ਅਡਾਨੀ ਮੁੱਦੇ ’ਤੇ ਹਮਲਾਵਰ ਹੈ, ਉੱਥੇ ਹੀ ਹੁਣ ਦੋਵਾਂ ਸਦਨਾਂ ’ਚ ਖਜ਼ਾਨਾ ਬੈਂਚ ਵੀ ਫਰੰਟ ਫੁੱਟ ’ਤੇ ਆ ਗਿਆ ਹੈ,ਜੋ ਸੰਸਦ ’ਚ ਅਡਾਨੀ ਮੁੱਦੇ ਨੂੰ ਲੈ ਕੇ ਸ਼ੁਰੂ ਹੋਈ ਲੜਾਈ ਹੁਣ ਜਾਰਜ ਸੋਰੋਸ ’ਤੇ ਆ ਗਈ ਹੈ ਸੰਸਦ ਦੇ ਸ਼ੁਰੂਆਤੀ ਹਫ਼ਤੇ ਜਿੱਥੇ ਅਡਾਨੀ ’ਤੇ ਹਮਲਾਵਰ ਰਵੱਈਆ ਸਦਨ ਦੀ ਕਾਰਵਾਈ ’ਚ ਅੜਿੱਕਾ ਬਣ ਗਿਆ, ਉੱਥੇ ਹੀ ਹੁਣ ਸੱਤਾਧਾਰੀ ਪਾਰਟੀ ਦੇ ਮੈਂਬਰ ਜਾਰਜ ਸੋਰੋਸ ਦੇ ਇਸ ਮੁੱਦੇ ’ਤੇ ਸੰਸਦ ’ਚ ਹੰਗਾਮਾ ਕਰ ਰਹੇ ਹਨ ਸੋਮਵਾਰ ਨੂੰ ਸੋਰੋਸ ਮੁੱਦੇ ’ਤੇ ਚਰਚਾ ਦੀ ਮੰਗ ਕੀਤੀ। ਜਿਸ ਕਾਰਨ ਰਾਜ ਸਭਾ ਦੀ ਕਾਰਵਾਈ ਪਹਿਲਾਂ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਅਤੇ ਫਿਰ 2 ਵਜੇ ਤੱਕ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਜੇਕਰ ਤੁਸੀਂ ਇਹ ਫੈਸਲਾ ਲੈ ਕੇ ਆਏ ਹੋ ਕਿ ਸਦਨ ਦੀ ਕਾਰਵਾਈ ਨਹੀਂ ਚੱਲਣ ਦਿੱਤੀ ਜਾਵੇਗੀ ਕੇਰਲ ਦੇ ਸੰਸਦ ਮੈਂਬਰ ਨੇ ਕਿਹਾ ਕਿ ਸੋਰੋਸ ਦੇ ਮੁੱਦੇ ’ਤੇ ਚਰਚਾ ਹੋਣੀ ਚਾਹੀਦੀ ਹੈ ਪਰ ਇਸ ਦੇ ਨਾਲ ਹੀ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਅਡਾਨੀ ਨੂੰ ਬਚਾਉਣ ਦੀ ਕੋਸ਼ਿਸ਼ ਕਰਾਰ ਦਿੱਤਾ। ਸੰਸਦ ਦੇ ਦੋਵੇਂ ਸਦਨਾਂ ਸਦਨ ਦੀ ਕਾਰਵਾਈ ਸੋਮਵਾਰ ਨੂੰ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ।ਵਿਰੋਧੀ ਧਿਰ ਦੇ ਮੈਂਬਰਾਂ ਦਾ ਦਾਅਵਾ ਹੈ ਕਿ ਸੱਤਾਧਾਰੀ ਧਿਰ ਵੱਲੋਂ ਵੱਖ–ਵੱਖ ਮੁੱਦਿਆਂ ’ਤੇ ਚਰਚਾ ਲਈ ਉਨ੍ਹਾਂ ਦੀਆਂ ਬੇਨਤੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ।ਇਨ੍ਹਾਂ ਵਿੱਚ ਦਿੱਲੀ ਵਿੱਚ ਕਿਸਾਨਾਂ ਦਾ ਵਿਰੋਧ ਅਤੇ ਮਨੀਪੁਰ ਵਿੱਚ ਚੱਲ ਰਿਹਾ ਸੰਘਰਸ਼ ਸ਼ਾਮਲ ਹੈ ।ਦੂਜੇ ਪਾਸੇ ਸੱਤਾਧਾਰੀ ਪਾਰਟੀ ਨੇ ਸੀਨੀਅਰ ਕਾਂਗਰਸੀ ਆਗੂ ਦੇ ਫੋਰਮ ਆਫ ਡੈਮੋਕਰੇਟਿਕ ਲੀਡਰਜ਼ ਇਨ ਏਸ਼ੀਆ ਪੈਸੀਫਿਕ (ਐਫਡੀਐਲ– ਏਪੀ) ਫਾਊਂਡੇਸ਼ਨ ਅਤੇ ਜਾਰਜ ਸੋਰੋਸ ਫਾਊਂਡੇਸ਼ਨ ਨਾਲ ਕਥਿਤ ਸਬੰਧਾਂ ਬਾਰੇ ਦਾਅਵਾ ਕੀਤਾ ਹੈ। ਦੋਸਤੋ, ਜੇਕਰ ਅਡਾਨੀ ਬਨਾਮ ਸੋਰੋਸ ਦੀ ਗੱਲ ਕਰੀਏ ਤਾਂ ਸੋਰੋਸ ਦਾ ਮੁੱਦਾ ਅੱਜ ਪਾਰਲੀਮੈਂਟ ਵਿੱਚ ਇੱਕ ਡੈੱਡਲਾਕ ਦੇ ਰੂਪ ਵਿੱਚ ਸਾਹਮਣੇ ਆਇਆ ਹੈ, ਪਰ ਇਹ ਅਧਿਆਏ ਅੱਜ ਹੀ ਸ਼ੁਰੂ ਨਹੀਂ ਹੋਇਆ ਹੈ, ਇਸਦੀ ਝਲਕ 6 ਦਸੰਬਰ ਸ਼ੁੱਕਰਵਾਰ ਨੂੰ ਹੀ ਦੇਖਣ ਨੂੰ ਮਿਲੀ। ਅਡਾਨੀ ਮੁੱਦੇ ’ਤੇ ਵਿਰੋਧੀ ਧਿਰ ਅਤੇ ਕਾਂਗਰਸ ਨੂੰ ਕਟਹਿਰੇ ’ਚ ਖੜ੍ਹਾ ਕਰਦੇ ਹੋਏ ਸੱਤਾਧਾਰੀ ਪਾਰਟੀ ਦੇ ਇਕ ਸੰਸਦ ਮੈਂਬਰ ਨੇ ਸੋਰੋਸ ਦਾ ਮੁੱਦਾ ਉਠਾਉਂਦੇ ਹੋਏ ਵਿਰੋਧੀ ਧਿਰ ਕਾਂਗਰਸ ਨੂੰ 10 ਸਵਾਲ ਪੁੱਛੇ ਸਨ। ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਦੇ ਭਾਰਤ ਜੋੜੋ ਦੌਰੇ ਦੌਰਾਨ ਸੋਰੋਸ ਦੇ ਕਰੀਬੀ ਵਿਅਕਤੀ ਸ਼ੈਂਟੀ ਦਾ ਨਾਂ ਲੈਂਦਿਆਂ ਇਕ ਸਵਾਲ ਵੀ ਪੁੱਛਿਆ ਸੀ, ਜਿਸ ਦੌਰਾਨ ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਦੇ ਹੰਗਾਮੇ ਕਾਰਨ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਸੀ ਇਹ ਕਹਿਣ ਤੋਂ ਪਹਿਲਾਂ ਕਿ ਕੁਝ ਮੁੱਦੇ ਅਜਿਹੇ ਹਨ ਜਿਨ੍ਹਾਂ ਨੂੰ ਸਿਆਸੀ ਨਜ਼ਰੀਏ ਤੋਂ ਨਹੀਂ ਦੇਖਿਆ ਜਾਣਾ ਚਾਹੀਦਾ ।ਜਾਰਜ ਸੋਰੋਸ ਅਤੇ ਉਨ੍ਹਾਂ ਦੇ ਸਬੰਧ ਜੋ ਸਾਹਮਣੇ ਆਏ ਹਨ, ਅਸੀਂ ਇਸ ਨੂੰ ਵਿਰੋਧੀ ਪਾਰਟੀ ਜਾਂ ਵਿਰੋਧੀ ਧਿਰ ਦੇ ਨੇਤਾ ਨਾਲ ਸਬੰਧਤ ਮੁੱਦੇ ਵਜੋਂ ਨਹੀਂ ਦੇਖਦੇ, ਸਾਨੂੰ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਇਹ ਭਾਰਤ ਵਿਰੋਧੀ ਤਾਕਤਾਂ ਨਾਲ ਸਬੰਧਤ ਹੈ, ਅਸੀਂ ਕਾਂਗਰਸ ਅਤੇ ਹੋਰਾਂ ਨੂੰ ਕਿਹਾ ।ਪਾਰਟੀਆਂ ਨੇ ਕਿਹਾ ਕਿ ਅਸੀਂ 13–14 ਦਸੰਬਰ (ਲੋਕ ਸਭਾ ਵਿੱਚ) ਅਤੇ 16–17ਦਸੰਬਰ ਨੂੰ (ਰਾਜ ਸਭਾ ਵਿੱਚ) ਸੰਵਿਧਾਨ ਬਾਰੇ ਚਰਚਾ ਕਰਾਂਗੇ ਦੇ ਭਾਰਤ ਵਿਰੋਧੀ ਤਾਕਤਾਂ ਨਾਲ ਵੀ ਸਬੰਧ ਪਾਏ ਗਏ ਹਨ ਜੇਕਰ ਅਜਿਹਾ ਹੈ ਤਾਂ ਉਨ੍ਹਾਂ ਨੂੰ ਵੀ ਆਵਾਜ਼ ਉਠਾਉਣੀ ਚਾਹੀਦੀ ਹੈ। ਦੋਸਤੋ, ਜੇਕਰ ਜਾਰਜ ਸੋਰੋਸ ਨੂੰ ਜਾਣਨ ਦੀ ਗੱਲ ਕਰੀਏ ਤਾਂ ਭਾਰਤੀ ਰਾਜਨੀਤੀ ਵਿੱਚ ਇਨ੍ਹੀਂ ਦਿਨੀਂ ਅਮਰੀਕੀ ਅਰਬਪਤੀ ਕਾਰੋਬਾਰੀ ਜਾਰਜ ਸੋਰੋਸ ਦਾ ਨਾਮ ਚਰਚਾ ਵਿੱਚ ਹੈ ।ਭਾਜਪਾ ਨੇ ਵਿਰੋਧੀ ਧਿਰ ਦੇ ਨੇਤਾ ਸਮੇਤ ਬਾਦਲ ਦਲ ਅਤੇ ਉਨ੍ਹਾਂ ਦੇਪਰਿਵਾਰ ਦੀ ਆਲੋਚਨਾ ਕਰਨ ਲਈ ਸੋਰੋਸ ਦਾ ਨਾਂ ਲਿਆ ਹੈ। ਇੰਨਾ ਹੀ ਨਹੀਂ, ਭਾਜਪਾ ਨੇ ਸੋਮਵਾਰ ਨੂੰ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ’ਤੇ ਕਥਿਤ ਤੌਰ ’ਤੇ ਭਾਰਤ ਨੂੰ ਅਸਥਿਰ ਕਰਨ ਲਈ ਜਾਰਜ ਸੋਰੋਸ ਵਰਗੀਆਂ ਅੰਤਰਰਾਸ਼ਟਰੀ ਤਾਕਤਾਂ ਨਾਲ ਮਿਲੀਭੁਗਤ ਕਰਨ ਦਾ ਦੋਸ਼ ਲਗਾਇਆ ।ਸੱਤਾਧਾਰੀ ਧਿਰ ਲਗਾਤਾਰ ਸੋਰੋਜ਼ ਦਾ ਨਾਂ ਲੈ ਕੇ ਵਿਰੋਧੀ ਧਿਰ ਦੇ ਨੇਤਾ ਨੂੰ ਘੇਰ ਰਹੀ ਹੈ ।ਸੱਤਾਧਾਰੀ ਧਿਰ ਨੇ ਇਸ ਮੁੱਦੇ ’ਤੇ ਚਰਚਾ ਦੀ ਮੰਗ ਕੀਤੀ ਜਿਸ ਕਾਰਨ ਰਾਜ ਸਭਾ ਦੀ ਕਾਰਵਾਈ ਮੁਲਤਵੀ ਕਰਨੀ ਪਈ ।ਸੱਤਾਧਾਰੀ ਪਾਰਟੀ ਦਾ ਦੋਸ਼ ਹੈ ਕਿ ਕਾਂਗਰਸ ਨੇਤਾ ਸੋਰੋਸ ਤੋਂ ਫੰਡ ਲੈਣ ਵਾਲੇ ਸੰਗਠਨ ਨਾਲ ਜੁੜੇ ਹੋਏ ਹਨ, ਜੋ ਕਿ ਭਾਰਤ ਵਿਚ ਪਹਿਲੀ ਵਾਰ ਜਾਰਜ ਸੋਰੋਸ ਦਾ ਨਾਂ ਨਹੀਂ ਆਇਆ ਹੈ ।ਸੋਰੋਸ ਦਾ ਨਾਂ ਇਸ ਤੋਂ ਪਹਿਲਾਂ ਵੀ ਸਾਹਮਣੇ ਆ ਚੁੱਕਾ ਹੈ। ਇਸ ਤੋਂ ਪਹਿਲਾਂ ਉਹ ਅਡਾਨੀ ਮੁੱਦੇ ਅਤੇ ਮੋਦੀ ਸਰਕਾਰ ’ਤੇ ਟਿੱਪਣੀ ਕਰਕੇ ਵਿਵਾਦਾਂ ’ਚ ਆ ਗਏ ਸਨ। ਸੋਰੋਸ ਦਾ ਜਨਮ 1930 ਵਿੱਚ ਬੁਡਾਪੇਸਟ, ਹੰਗਰੀ ਵਿੱਚ ਹੋਇਆ ਸੀ ।ਸੋਰੋਸ ਵਿਵਾਦਾਂ ਨਾਲ ਜੁੜਿਆ ਰਿਹਾ ਹੈ। ਸੋਰੋਸ ਦਾ ਸਭ ਤੋਂ ਵਿਵਾਦਪੂਰਨ ਵਿੱਤੀ ਕਦਮ 1992 ਵਿੱਚ ਆਇਆ, ਜਦੋਂ ਉਸਨੇ ਬ੍ਰਿਟਿਸ਼ ਪੌਂਡ ਦੇ ਵਿਰੁੱਧ ਸੱਟਾ ਲਗਾਇਆ ਅਤੇ ਇੱਕ ਦਿਨ ਵਿੱਚ £1 ਬਿਲੀਅਨ ਤੋਂ ਵੱਧ ਕਮਾਏ ।ਇਸ ਤੋਂ ਬਾਅਦ ਉਸਨੂੰ ਦਾ ਉਪਨਾਮ ਵੀ ਦਿੱਤਾ ਗਿਆ, ਜਿਸਦਾ ਮਤਲਬ ਹੈ ਬੈਂਕ ਆਫ ਇੰਗਲੈਂਡ ਨੂੰ ਬਰਬਾਦ ਕਰਨ ਵਾਲਾ ਵਿਅਕਤੀ। ਪੀਐਮ ਮੋਦੀ ਦੇ ਕੱਟੜ ਆਲੋਚਕ, ਜਾਰਜ ਸੋਰੋਸ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ ਜੋ ਦੁਨੀਆ ਦੇ ਕਈ ਦੇਸ਼ਾਂ ਦੀ ਰਾਜਨੀਤੀ ਅਤੇ ਸਮਾਜ ਨੂੰ ਪ੍ਰਭਾਵਿਤ ਕਰਨ ਲਈ ਆਪਣਾ ਏਜੰਡਾ ਚਲਾਉਂਦਾ ਹੈ। ਸੋਰੋਸ ਨੂੰ ਭਾਰਤੀ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਦਾ ਕੱਟੜ ਆਲੋਚਕ ਵੀ ਮੰਨਿਆ ਜਾਂਦਾ ਹੈ। 2020 ਵਿੱਚ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ ਵਿੱਚ ਇੱਕ ਭਾਸ਼ਣ ਦੌਰਾਨ, ਸੋਰੋਸ ਨੇ ਪ੍ਰਧਾਨ ਮੰਤਰੀ ਅਤੇ ਉਸਦੀ ਸਰਕਾਰ ਦੀ ਭਾਰੀ ਆਲੋਚਨਾ ਕੀਤੀ ।ਉਨ੍ਹਾਂ ਸਰਕਾਰ ’ਤੇ ਤਾਨਾਸ਼ਾਹੀ ਨੂੰ ਬੜ੍ਹਾਵਾ ਦੇਣ ਦਾ ਵੀ ਦੋਸ਼ ਲਾਇਆ ।ਇਸ ਤੋਂ ਇਲਾਵਾ ਸਰਕਾਰ ’ਤੇ ਫੁੱਟ ਪਾਊ ਨੀਤੀਆਂ ਲਾਗੂ ਕਰਨ ਦਾ ਦੋਸ਼ ਲਾਇਆ ਗਿਆ। ਸੋਰੋਸ ਦੁਆਰਾ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਰਾਸ਼ਟਰਵਾਦੀ ਨੇਤਾਵਾਂ ਵਿੱਚੋਂ ਇੱਕ ਦੱਸਿਆ ਗਿਆ ਸੀ ਜੋ ਵਿਸ਼ਵ ਪੱਧਰ ’ਤੇ ਲੋਕਤੰਤਰ ਲਈ ਖ਼ਤਰਾ ਹੈ। ਸੋਰੋਸ ਦੇ ਇਸ ਬਿਆਨ ਦੀ ਭਾਰਤੀ ਨੇਤਾਵਾਂ ਨੇ ਸਖ਼ਤ ਆਲੋਚਨਾ ਕੀਤੀ ਸੀ। ਇਸ ਲਈ ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰੀਏ ਅਤੇ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗੇਗਾ ਕਿ ਭਾਰਤੀ ਸੰਸਦੀ ਸਰਦ ਰੁੱਤ ਸੈਸ਼ਨ 25 ਨਵੰਬਰ ਤੋਂ 20 ਦਸੰਬਰ 2024 – ਅਡਾਨੀ ਦੇ ਜ਼ਰੀਏ ਸੰਸਦ ਦੀ ਲੜਾਈ ਸੋਰੋਸ ’ਤੇ ਆਈ –ਦੁਨੀਆ ਦੇ ਲੋਕ ਦੇਖਦੇ ਰਹੇ ਕਿ ਦਿੱਲੀ ਦਾ ਪਾਰਾ ਚੜ੍ਹ ਗਿਆ ਸਰਦ ਰੁੱਤ ਸੈਸ਼ਨ ਚੱਲ ਰਿਹਾ ਹੈ ਪਰ ਡਿਜੀਟਲ ਮੀਡੀਆ ਦੇ ਦੌਰ ਵਿੱਚ ਕਰੋੜਾਂ ਅੱਖਾਂ ਸਤਿਕਾਰਯੋਗ ਸੰਸਦ ਮੈਂਬਰਾਂ ਨੂੰ ਲਾਈਵ ਦੇਖ ਰਹੀਆਂ ਹਨ,ਜਿਸ ਦਾ ਹਰ ਮੈਂਬਰ ਲਈ ਆਪਣੇ ਆਪ ਸੰਜੀਦਗੀ ਲੈਣਾ ਜ਼ਰੂਰੀ ਹੈ।

ਐਡਵੋਕੇਟ ਕਿਸ਼ਨ ਸਨਮੁਖਦਾਸ
ਭਵਨਾਨੀਨ ਗੋਂਡੀਆ ਮਹਾਰਾਸ਼ਟਰ
9284141425

# ਵਿਦਿਆਰਥੀ ਆਪਣੇ ਕੈਰੀਅਰ ਦੀ ਚੋਣ ਕਿਵੇਂ ਕਰਨ...



ਵਿਦਿਆਰਥੀ ਜੀਵਨ ਵਿੱਚ ਕੈਰੀਅਰ ਚੋਣ ਕਰਨਾ ਮਹੱਤਵਪੂਰਣ ਅਤੇ ਜਟਿਲ ਫੈਸਲਾ ਹੈ, ਇਸੇ ਫੈਸਲੇ ਨਾਲ ਵਿਦਿਆਰਥੀ ਦੀ ਜ਼ਿੰਦਗੀ ਦੇ ਅਗਲੇ ਹਿੱਸੇ ਦਾ ਨਿਰਮਾਣ ਹੁੰਦਾ ਹੈ। ਇਹ ਫੈਸਲਾ, ਜਿਹੜਾ ਅਕਸਰ ਬੱਚਿਆਂ ਅਤੇ ਮਾਪਿਆਂ ਨੂੰ ਚੋਨੋਤੀ ਭਰੀਆ ਮਹਿਸੂਸ ਹੁੰਦਾ ਹੈ, ਕੈਰੀਅਰ ਦਾ ਫੈਸਲਾ ਬਹੁਤ ਸੋਚ–ਵਿਚਾਰ ਅਤੇ ਯੋਜਨਾ ਦੇ ਨਾਲ ਲਿਆ ਜਾਂਦਾ ਹੈ। ਵਿਦਿਆਰਥੀ ਨੂੰ ਆਪਣੀ ਰੁਚੀ, ਕੌਸ਼ਲ, ਅਤੇ ਮਨੋਵਿਗਿਆਨਿਕ ਰੁਝਾਨਾਂ ਨੂੰ ਧਿਆਨ ਵਿੱਚ ਰੱਖਦਿਆਂ ਆਪਣਾ ਕੈਰੀਅਰ ਚੁਣਨਾ ਚਾਹੀਦਾ ਹੈ। ਜੇਕਰ ਵਿਦਿਆਰਥੀ ਇਹਨਾਂ ਨੁਕਤਿਆਂ ਤੇ ਧਿਆਨ ਦੇਵੇ ਤਾਂ ਉਸ ਦਾ ਕੈਰੀਅਰ ਚੋਣ ਕਰਨ ਦੇ ਵਿੱਚ ਆਸਾਨੀ ਹੋ ਸਕਦੀ,ਜਿਨ੍ਹਾਂ ਦੀ ਪਾਲਣਾ ਕਰਕੇ ਵਿਦਿਆਰਥੀ ਆਪਣੇ ਲਈ ਇੱਕ ਸਹੀ ਅਤੇ ਉਜਵਲਾ ਕੈਰੀਅਰ ਚੁਣ ਕੇ ਕੀਤਾ ਕਰ ਸਕਦੇ ਹਨ।

1. **ਆਪਣੀ ਰੁਚੀ ਅਤੇ ਮਨਪਸੰਦ ਅਨੁਸਾਰ**:- ਕੈਰੀਅਰ ਚੋਣ ਦਾ ਪਹਿਲਾ ਕਦਮ ਆਪਣੇ ਰੁਚੀ ਅਤੇ ਮਨਪਸੰਦ ਖੇਤਰ ਦਾ ਪਤਾ ਲਗਾਉਣਾ ਹੈ। ਵਿਦਿਆਰਥੀ ਨੂੰ ਇਸ ਗੱਲ ’ਤੇ ਖਾਸ ਵਿਚਾਰ ਕਰਨਾ ਚਾਹੀਦਾ ਹੈ ਕਿ ਉਹ ਕਿਸ ਕੰਮ ਨੂੰ ਆਪਣੀ ਰੁਚੀ ਅਤੇ ਖੁਸ਼ੀ ਨਾਲ ਕਰ ਸਕਦਾ। ਉਸ ਅੰਦਰ ਕਿਹੜੀਆਂ ਖਾਸ ਰੁਚੀਛੁਪੀਆਂ ਹਨ। ਜਿਨਾਂ ਕਰਕੇ ਉਹਨੂੰ ਕੰਮ ਕਰਨ ਦੇ ਵਿੱਚ ਮਜ਼ਾ ਆ ਸਕਦਾ ਹੈ ਜਾਂ ਉਹ ਉਸ ਖੇਤਰ ਵਿੱਚ ਆਪਣਾ ਵਧੀਆ ਵਕਤ ਗੁਜ਼ਾਰਨਾ ਪਸੰਦ ਕਰਦਾ ਹੈ, ਤਾਂ ਉਹ ਕੈਰੀਅਰ ਦੀ ਚੋਣ ਵਿੱਚ ਉਸ ਖੇਤਰ ਨੂੰ ਧਿਆਨ ਵਿੱਚ ਰੱਖ ਸਕਦਾ ਹੈ।

2. **ਮਹੱਤਵਪੂਰਣ ਸਲਾਹ**:– ਕੈਰੀਅਰ ਚੋਣ ਵਿਚ ਸਭ ਤੋਂ ਵੱਧ ਮਦਦ ਵਾਲਾ ਤੱਤ ਕਿਸੇ ਵਿਦਿਆਰਥੀ ਨੂੰ ਸਲਾਹ ਦੇਣ ਵਾਲੇ ਵਿਅਕਤੀ ਹਨ। ਇਸ ਲਈ, ਉਹਨਾਂ ਨੂੰ ਚੰਗੇ ਸਲਾਹਕਾਰ, ਅਧਿਆਪਕਾਂ, ਮਾਪਿਆਂ, ਪੇਸ਼ੇਵਰ ਮਾਹਿਰਾਂ ਤਜਰਬੇਕਾਰ ਤੋਂ ਸਲਾਹ ਲੈਣੀ ਚਾਹੀਦੀ ਹੈ। ਇਹਨਾਂ ਦੀ ਸਹਾਇਤਾ ਨਾਲ, ਵਿਦਿਆਰਥੀ ਆਪਣੀ ਚੋਣ ਬਾਰੇ ਸਹੀ ਫੈਸਲੇ ਲੈ ਸਕਦੇ ਹਨ ਅਤੇ ਉਹਨਾਂ ਨੂੰ ਸਹੀ ਦਿਸ਼ਾ ਮਿਲ ਸਕਦੀ ਹੈ।

3. **ਬਜ਼ਾਰ ਦੀ ਜ਼ਰੂਰਤ ਅਤੇ ਰੁਝਾਨ ਸਮਝੋ**:- ਸਿਰਫ ਆਪਣੀਆਂ ਰੁਚੀਆਂ ਤੇ ਆਧਾਰਿਤ ਕੈਰੀਅਰ ਚੁਣਨਾ ਨਹੀਂ ਚਾਹੀਦਾ, ਬਲਕਿ ਬਜ਼ਾਰ ਦੀ ਜ਼ਰੂਰਤ ਅਤੇ ਭਵਿੱਖ ਵਿੱਚ ਨੌਕਰੀਆਂ ਦੀ ਸਥਿਤੀ ਨੂੰ ਵੀ ਸਮਝਣਾ ਜਰੂਰੀ ਹੈ। ਉਦਾਹਰਨ ਵਜੋਂ, ਜੇਕਰ ਕਿਸੇ ਖੇਤਰ ਵਿੱਚ ਨੌਕਰੀਆਂ ਦੀ ਮੰਗ ਘੱਟ ਹੋ ਰਹੀ ਹੈ, ਤਾਂ ਉਹ ਖੇਤਰ ਕੈਰੀਅਰ ਲਈ ਚੰਗਾ ਨਹੀਂ ਰਹਿ ਸਕਦਾ। ਇਸ ਲਈ, ਵਿਦਿਆਰਥੀ ਨੂੰ ਉਹਨਾਂ ਖੇਤਰਾਂ ਦੀ ਪਹਿਲਾਂ ਹੀ ਪਛਾਣ ਕਰਨੀ ਚਾਹੀਦੀ ਹੈ ਜਿੱਥੇ ਭਵਿੱਖ ਵਿੱਚ ਜ਼ਿਆਦਾ ਨੌਕਰੀਆਂ ਦੀ ਮੰਗ ਹੋ ਸਕਦੀ ਹੈ, ਜਿਵੇਂ ਕਿ ਆਰਟਿਫੀਸ਼ੀਅਲ ਇੰਟੈਲੀਜੈਂਸ, ਡਾਟਾ ਵਿਗਿਆਨ, ਸਾਇਬਰ ਸੁਰੱਖਿਆ, ਆਦਿ।

4. **ਆਪਣੀਆਂ ਤਾਕਤਾਂ ਅਤੇ ਕੌਸ਼ਲ ਨੂੰ ਪਛਾਣੋ**:- ਹਰ ਵਿਦਿਆਰਥੀ ਦੇ ਅੰਦਰ ਕੁਝ ਖਾਸ ਤਾਕਤਾਂ ਹੁੰਦੀਆਂ ਹਨ। ਇਹ ਤਾਕਤਾਂ ਉਹਨਾਂ ਦੀ ਸਿੱਖਣ ਦੀ ਯੋਗਤਾ, ਮਸਲੇ ਸੁਲਝਾਉਣ ਦੀ ਸਮਰੱਥਾ, ਅਗਵਾਈ ਦੇ ਗੁਣ, ਜਾਂ ਕਿਸੇ ਖੇਤਰ ਵਿੱਚ ਵਿਸ਼ੇਸ਼ ਗਿਆਨ ਬਾਰੇ ਹੋ ਸਕਦੀਆਂ ਹਨ। ਵਿਦਿਆਰਥੀ ਨੂੰ ਆਪਣੇ ਕੌਸ਼ਲਾਂ ਅਤੇ ਤਾਕਤਾਂ ਦੀ ਪਛਾਣ ਕਰਨੀ ਚਾਹੀਦੀ ਹੈ, ਜਿਸ ਨਾਲ ਉਹ ਕੈਰੀਅਰ ਚੋਣ ਵਿਚ ਸਹਾਇਤਾ ਪ੍ਰਾਪਤ ਕਰ ਸਕਦਾ ਹੈ।

5. **ਨੈਤਿਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਨੂੰ ਧਿਆਨ ਵਿੱਚ ਰੱਖੋ**:- ਕੈਰੀਅਰ ਚੋਣ ਦੇ ਸਮੇਂ ਵਿਦਿਆਰਥੀ ਨੂੰ ਆਪਣੀ ਆਦਰਸ਼ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਹ ਕਿਸੇ ਇਸ ਤਰ੍ਹਾਂ ਦੀ ਨੌਕਰੀ ਵਿੱਚ ਨਾ ਜਾਵੇ ਜਿਸਦੇ ਨਾਲ ਉਸਦੀ ਇਮਾਨਦਾਰੀ ਜਾਂ ਜੀਵਨ ਦੇ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਦੇ ਵਿਰੁੱਧ ਟਕਰਾ ਹੋਵੇ। ਇਸ ਲਈ, ਨੈਤਿਕ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਨੂੰ ਧਿਆਨ ਵਿੱਚ ਰੱਖ ਕੈਰੀਅਰ ਦੀ ਚੋਣ ਕਰਨੀ ਚਾਹੀਦੀ ਹੈ।

6. **ਸਿੱਖਣ ਦੇ ਅਵਸਰ ਅਤੇ ਵਿਕਾਸ ਦੀ ਸੰਭਾਵਨਾ**:- ਹਰ ਕੈਰੀਅਰ ਰਾਸ਼ਟਰ ਵਿੱਚ ਉਪਲਬਧ ਨਵੇਂ ਸਿੱਖਣ ਦੇ ਅਵਸਰ ਅਤੇ ਵਿਕਾਸ ਦੇ ਮੌਕੇ ਦੇਖੇ ਜਾਣ ਚਾਹੀਦੇ ਹਨ। ਕੁਝ ਖੇਤਰ ਜਿਵੇਂ ਕਿ ਤਕਨੀਕੀ, ਇੰਜੀਨੀਅਰਿੰਗ, ਅਤੇ ਸਾਇੰਸ ਵਿੱਚ ਸਿੱਖਣ ਅਤੇ ਵਿਕਾਸ ਦੇ ਬਹੁਤ ਸਾਰੇ ਮੌਕੇ ਹਨ। ਇਸ ਤੋਂ ਇਲਾਵਾ, ਉਹ ਖੇਤਰ ਜਿੱਥੇ ਵਿਕਾਸ ਦੀ ਸੰਭਾਵਨਾ ਭਵਿੱਖ ਵਿੱਚ ਜ਼ਿਆਦਾ ਹੋਵੇ, ਉਹਨਾਂ ਨੂੰ ਵੀ ਚੁਣਣਾ ਚਾਹੀਦਾ ਹੈ

7. **ਸਹੀ ਫੈਸਲਾ ਲੈਣਾ**:– ਕੈਰੀਅਰ ਚੋਣ ਵਿੱਚ ਸਭ ਤੋਂ ਜਰੂਰੀ ਕਦਮ ਹੈ ਸਹੀ ਫੈਸਲਾ ਲੈਣਾ। ਵਿਦਿਆਰਥੀ ਨੂੰ ਕਾਫੀ ਸੋਚ–ਵਿਚਾਰ ਅਤੇ ਸਲਾਹ ਮਸ਼ਵਰੇ ਤੋਂ ਬਾਅਦ ਆਪਣਾ ਕੈਰੀਅਰ ਚੁਣਨਾ ਚਾਹੀਦਾ ਹੈ। ਇਸ ਕਦਮ ਦੇ ਬਾਅਦ ਉਸਨੂੰ ਆਪਣੇ ਕੰਮ ਨੂੰ ਲੈ ਕੇ ਪੂਰੀ ਮਿਹਨਤ ਅਤੇ ਦਿਲਚਸਪੀ ਨਾਲ ਕੰਮ ਕਰਨਾ ਚਾਹੀਦਾ ਹੈ।

8. **ਲਚੀਲਾਪਣ ਅਤੇ ਤਬਦੀਲੀਆਂ ਦਾ ਹੱਕ** :– ਇੱਕ ਚੰਗਾ ਕੈਰੀਅਰ ਸਿਰਫ ਇਕ ਰਸਤਾ ਨਹੀਂ ਹੁੰਦਾ, ਬਲਕਿ ਇਸਦੇ ਵਿੱਚ ਲਚੀਲਾਪਣ ਅਤੇ ਜ਼ਿੰਦਗੀ ਦੇ ਮੁੱਖ ਫੈਸਲਿਆਂ ਵਿੱਚ ਤਬਦੀਲੀਆਂ ਦਾ ਹੱਕ ਵੀ ਹੋਣਾ ਚਾਹੀਦਾ ਹੈ। ਜੇ ਕੋਈ ਵਿਦਿਆਰਥੀ ਆਪਣੇ ਚੁਣੇ ਹੋਏ ਕੈਰੀਅਰ ਵਿੱਚ ਖੁਸ਼ ਨਹੀਂ ਹੈ ਜਾਂ ਉਹ ਕਿਸੇ ਹੋਰ ਖੇਤਰ ਵਿੱਚ ਰੁਚੀ ਰੱਖਦਾ ਹੈ, ਤਾਂ ਉਸਨੂੰ ਆਪਣੇ ਫੈਸਲੇ ਨੂੰ ਸਮਝਦਾਰੀ ਨਾਲ ਬਦਲਣਾ ਚਾਹੀਦਾ ਹੈ।

9. **ਸਥਿਤੀ ਅਤੇ ਕਾਰਜ-ਜੀਵਨ ਸੰਤੁਲਨ**:- ਕੈਰੀਅਰ ਚੋਣ ਕਰਦਿਆਂ ਸਿਰਫ਼ ਆਰਥਿਕ ਪੱਖ ਤੋਂ ਹੀ ਨਹੀਂ, ਸਗੋਂ ਆਪਣੇ ਜੀਵਨ ਦੀ ਅੰਦਰੂਨੀ ਖੁਸ਼ੀ , ਮਨ ਦੀ ਸੰਤੁਸ਼ਟੀ ਅਤੇ ਤੰਦਰੁਸਤੀ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਵਿਦਿਆਰਥੀ ਆਪਣੇ ਕੰਮ ਅਤੇ ਜੀਵਨ ਵਿੱਚ ਸੰਤੁਲਨ ਬਣਾਈ ਰੱਖਣ। ਕਿਸੇ ਵਿਸ਼ੇਸ਼ ਕੈਰੀਅਰ ਵਿੱਚ ਕੰਮ ਕਰਨ ਦਾ ਤਰੀਕਾ ਅਤੇ ਘੰਟਿਆਂ ਦੀ ਲੰਬਾਈ ਵੀ ਇੱਕ ਖਾਸ ਮੁੱਦਾ ਹੋ ਸਕਦੀ ਹੈ, ਇਸ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

10. **ਮੁਸ਼ਕਲਾਂ ਅਤੇ ਚੁਣੌਤੀਆਂ ਨੂੰ ਸਵੀਕਾਰ ਕਰਨਾ**:-ਹਰ ਕੈਰੀਅਰ ਵਿੱਚ ਕੁਝ ਮੁਸ਼ਕਲਾਂ ਅਤੇ ਚੁਣੌਤੀਆਂ ਜ਼ਰੂਰ ਹੁੰਦੀਆਂ ਹਨ। ਵਿਦਿਆਰਥੀ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਕੈਰੀਅਰ ਦਾ ਰਸਤਾ ਆਸਾਨ ਨਹੀਂ ਹੁੰਦਾ , ਕਦੇ ਕਦੇ ਇਸ ਵਿੱਚ ਨਵੀਆਂ ਚੁਣੌਤੀਆਂ ਅਤੇ ਅਣਜਾਣ ਘਟਨਾਵਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਇਸ ਲਈ ਮਨੋਬਲ ਅਤੇ ਸੰਘਰਸ਼ ਕਰਨ ਦੀ ਸਮਰਥਾ ਵੀ ਅਹਿਮ ਹੁੰਦੀ ਹੈ।

11. **ਸਿਖਲਾਈ ਅਤੇ ਲੋੜੀਂਦੀ ਯੋਗਤਾ**:- ਕੈਰੀਅਰ ਦੀ ਚੋਣ ਕਰਦੇ ਸਮੇਂ ਵਿਦਿਆਰਥੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਕਿਸ ਖੇਤਰ ਵਿੱਚ ਕੰਮ ਕਰਨ ਲਈ ਕਿਹੜੀਆਂ ਵਿਸ਼ੇਸ਼ ਯੋਗਤਾਵਾਂ ਦੀ ਜ਼ਰੂਰਤ ਹੁੰਦੀ ਹੈ। ਕੁਝ ਕੈਰੀਅਰਾਂ ਲਈ ਖਾਸ ਤਰ੍ਹਾਂ ਦੀ ਤਕਨੀਕੀ ਜਾਂ ਅਕਾਦਮਿਕ ਸਿੱਖਿਆ ਅਤੇ ਪ੍ਰਸ਼ਿਖਣ ਦੀ ਜ਼ਰੂਰਤ ਹੋ ਸਕਦੀ ਹੈ, ਜਿਵੇਂ ਕਿ ਡਾਕਟਰੀ, ਇੰਜੀਨੀਅਰਿੰਗ, ਪੀ.ਸੀ.ਐਸ., ਆਈ.ਐ.ਐਸ., ਏ.ਐਸ ਆਈ.,ਪੁਲਿਸ, ਫੌਜ, ਬੈਂਕ , ਕਾਨੂੰਨ ਅਤੇ ਹੋਰ ਵੀ । ਇਸ ਲਈ, ਵਿਦਿਆਰਥੀਆਂ ਨੂੰ ਇਸ ਗੱਲ ਦਾ ਪੂਰੀ ਤਰ੍ਹਾਂ ਅੰਦਾਜ਼ਾ ਲਗਾਉਣਾ ਚਾਹੀਦਾ ਹੈ ਕਿ ਉਹ ਕਿਸ ਖੇਤਰ ਵਿੱਚ ਵਧੀਆ ਕਾਰਗੁਜ਼ਾਰੀ ਦੇਣ ਲਈ ਤਿਆਰ ਹਨ ਅਤੇ ਉਸ ਖੇਤਰ ਵਿੱਚ ਵਿਦਿਆਰਥੀ ਸਰਵੋਤਮ ਪਰਦਰਸ਼ਨ ਕਰੇ ।

ਪ੍ਰਿੰਸੀਪਲ ਰੰਧਾਵਾ ਸਿੰਘ,
ਪਟਿਆਲਾ 9417131332

# ਹਰਿਆਣੇ 'ਚ 2024 ਦੌਰਾਨ ਛਪੀਆਂ ਪੰਜਾਬੀ ਪੁਸਤਕਾਂ ਦਾ ਲੇਖਾ- ਜੋਖਾ
















ਪੰਜਾਬੀ ਸਾਹਿਤ ਦੇ ਖੇਤਰ ਵਿੱਚ ਹਰ ਸਾਲ ਬਹੁਤ ਸਾਰੀਆਂ ਪੰਜਾਬੀ ਪੁਸਤਕਾਂ ਛਪਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਮੁੱਖਧਾਰਾ ਦੇ ਪੰਜਾਬੀ ਸਾਹਿਤ (ਪੰਜਾਬ) ਦੇ ਨਾਲ- ਨਾਲ ਦੂਜੇ ਸੂਬਿਆਂ ਜਿਵੇਂ; ਹਰਿਆਣਾ, ਰਾਜਸਥਾਨ, ਜੰਮੂ- ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਵਿੱਚ ਵੀ ਕਾਫ਼ੀ ਗਿਣਤੀ ਵਿੱਚ ਪੰਜਾਬੀ ਪੁਸਤਕਾਂ ਦੀ ਪ੍ਰਕਾਸ਼ਨਾ ਹੁੰਦੀ ਹੈ। ਇਹ ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਇੱਕ ਸੂਬੇ ਤੱਕ ਸੀਮਤ ਜ਼ੁਬਾਨ ਨਹੀਂ; ਬਲਕਿ ਸਮੁੱਚੇ ਵਿਸ਼ਵ ਵਿੱਚ ਫੈਲੀ ਜ਼ੁਬਾਨ ਹੈ। ਖ਼ੈਰ!

ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ ਸਾਲ 2024 ਦੌਰਾਨ ਹਰਿਆਣੇ ਵਿੱਚ ਛਪੀਆਂ ਪੰਜਾਬੀ ਪੁਸਤਕਾਂ ਬਾਰੇ ਸੰਖੇਪ ਚਰਚਾ ਕਰਨਾ ਹੈ। ਇਸ ਲਈ ਕਿਸੇ ਹੋਰ ਪੱਖ ਬਾਰੇ ਚਰਚਾ ਕਰਨਾ ਸੰਬੰਧਤ ਵਿਸ਼ੇ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੋਵੇਗੀ। ਪ੍ਰੰਤੂ! ਸਾਲ 2024 ਵਿੱਚ ਹਰਿਆਣੇ 'ਚ ਪੰਜਾਬੀ ਲੇਖਕਾਂ ਨੂੰ ਐਲਾਨੇ ਗਏ ਇਨਾਮਾਂ ਦੀ ਗੱਲ ਕੀਤੇ ਬਿਨਾਂ ਇਹ ਲੇਖ ਅਧੂਰਾ ਹੀ ਮੰਨਿਆ ਜਾਵੇਗਾ।

**ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ :-**

ਸਾਲ 2024 ਵਿੱਚ 'ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕੈਡਮੀ' ਪੰਚਕੁਲਾ (ਹਰਿਆਣਾ ਸਰਕਾਰ) ਵੱਲੋਂ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਇਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹਾਲਾਂਕਿ ਇਨਾਮ ਅਜੇ ਨਹੀਂ ਮਿਲੇ ਪ੍ਰੰਤੂ! ਇਸ ਐਲਾਨ ਨਾਲ ਹਰਿਆਣੇ ਦੇ ਪੰਜਾਬੀ ਲੇਖਕਾਂ ਨੂੰ ਹੱਲਾਸ਼ੇਰੀ ਜ਼ਰੂਰ ਮਿਲੀ ਹੈ ਕਿਉਂਕਿ ਪਿਛਲੇ ਛੇ- ਸੱਤ ਵਰ੍ ?ਆਂ ਤੋਂ ਪੰਜਾਬੀ ਲੇਖਕਾਂ ਨੂੰ ਇਨਾਮ ਨਹੀਂ ਦਿੱਤੇ ਗਏ ਸਨ। ਹੁਣ ਸੰਨ 2017 ਤੋਂ 2022 ਤੱਕ ਦੇ ਇਨਾਮਾਂ ਦਾ ਐਲਾਨ ਕੀਤਾ ਗਿਆ ਹੈ।

**ਹਰਿਆਣੇ 'ਚ ਸਾਲ 2024 ਦੌਰਾਨ ਛਪੀਆਂ ਪੰਜਾਬੀ ਪੁਸਤਕਾਂ :-**

ਹਰਿਆਣੇ 'ਚ ਸਾਲ 2024 ਦੌਰਾਨ ਅਨੁਪਿੰਦਰ ਸਿੰਘ ਅਨੂਪ ਦੀਆਂ ਪੁਸਤਕਾਂ 'ਹਰਿਚੰਦਉਰੀ' ਤੇ 'ਘੁੰਗਰੂ ਟੁੱਟ ਗਏ', ਇਕਬਾਲ ਸਿੰਘ ਹਮਜਾਪੁਰ ਦੀਆਂ ਪੁਸਤਕਾਂ 'ਵਿਰਾਸਤੀ ਹਰਿਆਣਾ' ਤੇ 'ਮਿੰਟੂ ਦੀ ਸਿਆਣਪ', ਸੁਰਜੀਤ ਸਿੰਘ ਸਿਰੜੀ ਦੀ ਪੁਸਤਕ 'ਮਿੱਟੀ ਕਰੇ ਸੁਆਲ', ਹਰਨੂਰ ਦੀ 'ਮੁਹਬੱਤ ਕਰਕੇ ਵੇਖੀਏ', ਕੇਸਰਾ ਰਾਮ ਦਾ ਨਾਵਲ 'ਗੁੱਡੋ', ਕੁਲਵੰਤ ਕੌਰ ਸੰਧੂ ਦੀ ਪੁਸਤਕ 'ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ', ਡਾ. ਕੁਲਵਿੰਦਰ ਸਿੰਘ ਪਦਮ ਦਾ ਨਾਟਕ 'ਕੂਕਦੀ ਕੂੰਜ', ਗੁਰਦਿਆਲ ਸਿੰਘ ਨਿਮਰ ਦਾ ਮਹਾਂ- ਕਾਵਿ 'ਬੈਠਾ ਸੋਢੀ ਪਾਤਿਸਾਹ', ਚਰਨ ਪੁਆਧੀ ਦੀਆਂ ਪੁਸਤਕਾਂ 'ਵਿਸ਼ਵ ਬਾਲ ਲੋਕ- ਕਹਾਣੀਆਂ' ਤੇ 'ਭਾਰਤ ਦੇ ਵੀਰ ਬਾਲਕ', ਜੋਗਿੰਦਰ ਕੌਰ ਅਗਨੀਹੋਤਰੀ ਦੀਆਂ ਪੁਸਤਕਾਂ 'ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ' ਤੇ 'ਜੱਗਾ', ਤਰਲੋਚਨ ਮੀਰ ਦੀ ਪੁਸਤਕ 'ਖ਼ੰਜਰ', ਡਾ. ਬੀਰਬਲ ਸਿੰਘ ਦੀ 'ਕਥਾ ਦੀਪ', ਡਾ. ਬਲਵਾਨ ਔਜਲਾ ਦੀ ਪੁਸਤਕ 'ਅੰਤਰ ਯੁੱਧ', ਮੀਨਾ ਨਵੀਨ ਦੀ 'ਮਰਾਠੀ ਝਲਕਾਰਾ', ਰਜਨੀ ਦਾ ਕਹਾਣੀ- ਸੰਗ੍ਰਹਿ 'ਕੂਲੇ ਕੰਡੇ', ਲਖਵਿੰਦਰ ਸਿੰਘ ਬਾਜਵਾ ਦੀਆਂ ਪੁਸਤਕਾਂ 'ਮੈਂ ਲੇਖਕ ਕਿਵੇਂ ਬਣਿਆ' ਤੇ 'ਗ਼ਮਲੇ ਦਾ ਬੂਟਾ' ਪ੍ਰਕਾਸ਼ਿਤ ਹੋਈਆਂ ਹਨ।

ਆਓ! ਇਹਨਾਂ ਪੰਜਾਬੀ ਪੁਸਤਕਾਂ ਦੀ ਸੰਖੇਪ ਰੂਪ ਵਿੱਚ ਚਰਚਾ ਕਰੀਏ ਤਾਂ ਕਿ ਹਰਿਆਣੇ ਦੇ ਪੰਜਾਬੀ ਸਾਹਿਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ।

**ਅਨੁਪਿੰਦਰ ਸਿੰਘ ਅਨੂਪ- ਹਰਿਚੰਦਉਰੀ ਤੇ ਘੁੰਗਰੂ ਟੁੱਟ ਗਏ**

ਸ਼ਾਇਰ ਅਨੁਪਿੰਦਰ ਸਿੰਘ ਅਨੂਪ ਦੇ ਕਾਵਿ- ਸੰਗ੍ਰਹਿ 'ਹਰਿਚੰਦਉਰੀ' ਵਿੱਚ ਕੁੱਲ 48 ਕਵਿਤਾਵਾਂ, ਟੱਪੇ, ਦੋਹੇ ਅਤੇ ਬੋਲੀਆਂ ਸ਼ਾਮਿਲ ਹਨ। ਸ਼ਾਇਰ ਆਪਣੀਆਂ ਕਵਿਤਾਵਾਂ ਵਿੱਚ ਸਵਰਗ ਦਾ ਸੁਫ਼ਨਾ ਨਹੀਂ ਦੇਖਦਾ ਬਲਕਿ ਉਹ ਇਸ ਧਰਤੀ ਨੂੰ ਹੀ ਸਵਰਗ ਬਣਾਉਣਾ ਲੋਚਦਾ ਹੈ। ਦੂਜੀ ਪੁਸਤਕ 'ਘੁੰਗਰੂ ਟੁੱਟ ਗਏ' ਵਿੱਚ ਸ਼ਾਇਰ 'ਕ ?ਤੀਲ ਸ਼ਿਫਾਈ' ਦੀਆਂ ਉਰਦੂ ਗ਼ਜ਼ਲਾਂ ਦਾ ਪੰਜਾਬੀ ਉਲੱਥਾ ਕੀਤਾ ਗਿਆ ਹੈ।

**ਇਕਬਾਲ ਸਿੰਘ ਹਮਜਾਪੁਰ- ਵਿਰਾਸਤੀ ਹਰਿਆਣਾ ਤੇ ਮਿੰਟੂ ਦੀ ਸਿਆਣਪ**

ਇਕਬਾਲ ਸਿੰਘ ਹਮਜਾਪੁਰ ਦੀ 'ਵਿਰਾਸਤੀ ਹਰਿਆਣਾ' ਪੁਸਤਕ ਵਿੱਚ ਹਰਿਆਣੇ ਦੇ ਪੁਰਾਤਨ ਕਿਲ੍ਹਿਆਂ, ਹਵੇਲੀਆਂ ਅਤੇ ਇਮਾਰਤਾਂ ਬਾਰੇ ਸਚਿੱਤਰ ਲੇਖ ਲਿਖੇ ਗਏ ਹਨ। ਲੇਖਕ ਨੇ ਹਰਿਆਣੇ ਦੀਆਂ ਇਹਨਾਂ ਇਤਿਹਾਸਕ ਥਾਵਾਂ ਨੂੰ ਕਲਮ ਰਾਹੀਂ ਸਾਂਭਣ ਦਾ ਯਤਨ ਕੀਤਾ ਹੈ।

ਦੂਜੀ ਪੁਸਤਕ 'ਮਿੰਟੂ ਦੀ ਸਿਆਣਪ' ਵਿੱਚ ਬੱਚਿਆਂ ਨਾਲ ਸੰਬੰਧਤ ਮਨੋਵਿਗਿਆਨਕ ਕਹਾਣੀਆਂ ਨੂੰ ਕਲਮਬੱਧ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਵਿੱਚ ਬੱਚਿਆਂ ਨੂੰ ਕਰਾਮਾਤਾਂ ਤੋਂ ਦੂਰ, ਸਹੀ ਸੇਧ ਦੇਣ ਦਾ ਯਤਨ ਹੈ।

**ਸੁਰਜੀਤ ਸਿੰਘ ਸਿਰੜੀ- ਮਿੱਟੀ ਕਰੇ ਸੁਆਲ**

ਸੁਰਜੀਤ ਸਿੰਘ ਸਿਰੜੀ ਦਾ ਕਾਵਿ- ਸੰਗ੍ਰਹਿ 'ਮਿੱਟੀ ਕਰੇ ਸੁਆਲ' ਪੜ੍ਹਦਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਸ਼ਾਇਰ ਦਾ 'ਵਿਚਾਰ' ਕਿਸੇ ਇੱਕ ਧਰਮ ਜਾਂ ਫਿਰਕੇ ਤੀਕ ਸੀਮਤ ਨਹੀਂ ਹੈ ਬਲਕਿ ਉਹ ਸਮਾਜ ਦੇ ਹਰ ਵਰਗ ਦੀ ਗੱਲ ਕਰਦਾ ਹੈ;

**"ਦੇਸ ਮੇਰੇ ਦੀ ਜ਼ਰਖੇਜ਼ ਜ਼ਮੀਨੇ, ਅਸ਼ਕੇ!**

ਤੇਰੀ ਕੁੱਖੋਂ ਫ਼ਸਲਾਂ ਹੀ ਨਹੀਂ/ ਰੌਸ਼ਨ ਲੋਕ ਵੀ ਉਗਮਦੇ ਨੇ।"(ਮਿੱਟੀ ਕਰੇ ਸੁਆਲ)

ਸੁਰਜੀਤ ਸਿਰੜੀ ਦੀ ਸ਼ਾਇਰੀ ਗੰਭੀਰ ਅਤੇ ਪੁਖ਼ਤਾ ਸ਼ਾਇਰੀ ਕਹੀ ਜਾ ਸਕਦੀ ਹੈ। ਉਸਦੀਆਂ ਕਵਿਤਾਵਾਂ ਵਿੱਚ ਮਿੱਟੀ ਦਾ ਮੋਹ ਦੇਖਿਆ ਜਾ ਸਕਦਾ ਹੈ।

**ਹਰਨੂਰ- ਮੁਹਬੱਤ ਕਰਕੇ ਵੇਖੀਏ**

ਹਰਨੂਰ ਸਿੰਘ ਵਿਰਕ ਦੇ ਪਲੇਠੇ ਕਾਵਿ- ਸੰਗ੍ਰਹਿ 'ਮੁਹਬੱਤ ਕਰਕੇ ਵੇਖੀਏ' ਵਿੱਚ ਇਸ਼ਕ ਦੀਆਂ ਬਾਤਾਂ ਪੜ੍ਹੀਆਂ ਜਾ ਸਕਦੀਆਂ ਹਨ;

**"ਚੱਲ ਮੁਹੱਬਤ ਕਰ ਕੇ ਵੇਖੀਏ**

ਇਸ਼ਕ ਸਮੁੰਦਰ ਤਰ ਕੇ ਵੇਖੀਏ।"(ਮੁਹੱਬਤ ਕਰਕੇ ਵੇਖੀਏ)

ਡਾ. ਨਿਸ਼ਾਨ ਸਿੰਘ ਰਾਠੌਰ
ਮੋਬਾ: 90414-98009

ਹਰਨੂਰ ਦੀਆਂ ਕਵਿਤਾਵਾਂ ਤੇ ਬੋਲੀ ਵਿੱਚ ਲਹਿੰਦੇ ਪੰਜਾਬ ਦੀ ਝਲਕ ਮਿਲਦੀ ਹੈ। ਹਰਨੂਰ ਦੀ ਸ਼ਾਇਰੀ ਭਵਿੱਖ ਵਿੱਚ ਹੋਰ ਪੁਖ਼ਤਾ ਹੋਵੇਗੀ; ਇਹ ਉਮੀਦ ਹੈ।

**ਕੇਸਰਾ ਰਾਮ- ਗੁੱਡੋ**

ਕੇਸਰਾ ਰਾਮ ਦੇ ਨਾਵਲ 'ਗੁੱਡੋ' ਵਿੱਚ ਪੇਂਡੂ ਸਮਾਜ ਦੀਆਂ ਤਹਿਆਂ ਵਿੱਚ ਵੱਸੇ ਜਾਤੀ ਟਕਰਾਅ ਦੀਆਂ ਵਿਭਿੰਨ ਪਰਤਾਂ ਫਰੋਲਦਾ ਨਾਰੀ ਦਮਨ ਨਾਲ ਜੁੜਿਆ ਗਲਪੀ ਬਿਰਤਾਂਤ ਪੇਸ਼ ਹੋਇਆ ਹੈ। ਨਾਵਲ ਵਿੱਚ ਸਥਿਤੀਆਂ, ਪਾਤਰ ਅਤੇ ਇਹਨਾਂ ਦਾ ਨਿਭਾਅ ਯਥਾਰਥ ਦੇ ਨੇੜੇ ਹੈ।

ਕੇਸਰਾ ਰਾਮ ਆਪਣੇ ਕਹਾਣੀ- ਸੰਗ੍ਰਹਿ 'ਜ਼ਨਾਨੀ ਪੌਦ' ਤੇ ਸਾਲ- 2020 ਦਾ 'ਢਾਹਾਂ ਪੁਰਸਕਾਰ' ਜੇਤੂ ਕਹਾਣੀਕਾਰ ਹੈ।

**ਕੁਲਵੰਤ ਕੌਰ ਸੰਧੂ- ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ**

ਕੁਲਵੰਤ ਕੌਰ ਸੰਧੂ ਦੇ ਲੋਕ ਗੀਤ- ਸੰਗ੍ਰਹਿ 'ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ' ਵਿੱਚ ਵਿਆਹਾਂ ਤੇ ਗਾਏ ਜਾਂਦੇ ਸੁਹਾਗ, ਘੋੜੀਆਂ, ਗਿੱਧਾ ਬੋਲੀਆਂ ਅਤੇ ਭੈਣ- ਭਰਾ ਦੇ ਰਿਸ਼ਤੇ ਨੂੰ ਸਮਰਪਿਤ ਤਕਰੀਬਨ ਡੇਢ ਪੌਣੇ ਦੋ ਸੌ ਦੇ ਕਰੀਬ ਲੋਕ- ਗੀਤ ਸ਼ਾਮਿਲ ਕੀਤੇ ਗਏ ਹਨ;

**"ਨਿੱਕਿਆਂ ਹੁੰਦਿਆਂ ਦੇ ਮਾਪੇ ਤੁਰ ਗਏ ਵੀਰਾ**

ਮਾਪੇ ਤੁਰ ਗਏ ਵੀਰਾ / ਗਲ਼ੀਏ ਰੁਲ਼ ਗਏ ਵੇ ਰੰਗ ਸੂਹੇ।"(ਸੱਸਾਂ ਬਾਝ ਨਾ ਪੀੜ੍ਹੀਆਂ ਡਹਿੰਦੀਆਂ ਜੇ)










ਲੇਖਿਕਾ ਦਾ ਇਸ ਤੋਂ ਪਹਿਲਾਂ 'ਕਿਤੇ ਮਿਲ ਨੀ ਮਾਏਂ' ਲੋਕ ਗੀਤ- ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕਿਆ ਹੈ।

**ਡਾ. ਕੁਲਵਿੰਦਰ ਸਿੰਘ ਪਦਮ- ਕੂਕਦੀ ਕੂੰਜ**

ਡਾ. ਕੁਲਵਿੰਦਰ ਸਿੰਘ ਪਦਮ ਦੇ ਪੰਜਾਬੀ ਨਾਟਕ 'ਕੂਕਦੀ ਕੂੰਜ' ਵਿੱਚ 'ਖ਼ੂਨ ਦੇ ਰਿਸ਼ਤਿਆਂ ਦੀ ਪਾਕੀਜ਼ਗੀ' ਉੱਤੇ ਲੱਗੇ ਦਾਗਾਂ ਨੂੰ ਉਜਾਗਰ ਕੀਤਾ ਹੈ। ਇਸ ਤੋਂ ਪਹਿਲਾਂ ਕੁਲਵਿੰਦਰ ਪਦਮ ਦੇ (ਦੋ) ਪੰਜਾਬੀ ਨਾਟਕ 'ਖਜ਼ਾਨਾ ਖਾਲੀ ਹੈ' ਤੇ 'ਰਿਸ਼ਤੇ ਰੁਲਣ ਅਦਾਲਤੀਂ' ਪ੍ਰਕਾਸ਼ਿਤ ਹੋ ਚੁਕੇ ਹਨ। ਪਦਮ ਦੇ ਨਾਟਕ ਜਿੱਥੇ ਪੁਸਤਕ ਰੂਪ ਵਿੱਚ ਕਾਮਯਾਬ ਹਨ ਉੱਥੇ ਹੀ ਸਟੇਜ ਉੱਪਰ ਵੀ ਦਰਸ਼ਕਾਂ ਦੇ ਮਨਾਂ ਉੱਪਰ ਡੂੰਘੀ ਛਾਪ ਛੱਡਦੇ ਹਨ।

**ਗੁਰਦਿਆਲ ਸਿੰਘ ਨਿਮਰ- ਬੈਠਾ ਸੋਢੀ ਪਾਤਿਸਾਹ**

ਗੁਰਦਿਆਲ ਸਿੰਘ ਨਿਮਰ ਦੇ ਸੱਤਵੇਂ ਮਹਾਂ- ਕਾਵਿ 'ਬੈਠਾ ਸੋਢੀ ਪਾਤਸਾਹ' ਵਿੱਚ ਗੁਰੂ ਰਾਮਦਾਸ ਜੀ ਦੇ ਜੀਵਨ ਚਰਿੱਤਰ, ਕਾਰਜਾਂ, ਉਪਕਾਰਾਂ, ਮਾਨਵਤਾ ਅਤੇ ਸਿੱਖ ਧਰਮ ਦੀ ਪ੍ਰਗਤੀ ਤੇ ਹਰਮਨ ਪਿਆਰਤਾ ਲਈ ਕੀਤੇ ਉਪਰਾਲਿਆਂ, ਯਤਨਾਂ ਦਾ ਇਤਿਹਾਸਕ ਅਤੇ ਧਾਰਮਿਕ ਸੰਦਰਭ ਵਿੱਚ ਬਿਰਤਾਂਤ ਪੇਸ਼ ਕੀਤਾ ਹੈ।

**ਚਰਨ ਪੁਆਧੀ- ਵਿਸ਼ਵ ਬਾਲ ਲੋਕ- ਕਹਾਣੀਆਂ ਤੇ ਭਾਰਤ ਦੇ ਵੀਰ ਬਾਲਕ**

ਚਰਨ ਪੁਆਧੀ ਦੀ ਪੁਸਤਕ 'ਭਾਰਤ ਦੇ ਵੀਰ ਬਾਲਕ ਪੁਸਤਕ' ਵਿੱਚ ਦੇਸ਼ ਦੇ ਵੀਰ ਬਾਲਕਾਂ ਦੀਆਂ ਗਾਥਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। 'ਵਿਸ਼ਵ ਬਾਲ ਲੋਕ- ਕਹਾਣੀਆਂ' ਵਿੱਚ ਚੀਨੀ, ਜਪਾਨੀ ਲੋਕ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਖ਼ਾਸ ਗੱਲ ਇਹ ਹੈ ਕਿ ਇਹ ਦੋਵੇਂ ਪੁਸਤਕਾਂ ਹੀ ਬਾਲ- ਸਾਹਿਤ ਨਾਲ ਸੰਬੰਧਿਤ ਹਨ। ਚਰਨ ਪੁਆਧੀ ਦੀਆਂ ਰਚਨਾਵਾਂ ਵਿੱਚ ਪੁਆਧ ਦਾ ਰੰਗ ਵਿਸ਼ੇਸ਼ ਰੂਪ ਵਿੱਚ ਪੜ੍ਹਿ ਆ ਜਾ ਸਕਦਾ ਹੈ।

**ਜੋਗਿੰਦਰ ਕੌਰ ਅਗਨੀਹੋਤਰੀਆ- ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ ਤੇ ਜੱਗਾ**

ਜੋਗਿੰਦਰ ਕੌਰ ਅਗਨੀਹੋਤਰੀ ਨੇ ਆਪਣੀ ਪੁਸਤਕ 'ਆਜਾ ਮੇਰੇ ਪਿੰਡ ਦੀ ਨੁਹਾਰ ਦੇਖ ਲੈ' ਵਿੱਚ ਆਪਣੇ ਜੱਦੀ ਪਿੰਡ 'ਕੋਟ ਲੱਲੂ' ਦਾ ਇਤਿਹਾਸ ਬਿਆਨਿਆ ਹੈ। ਦੂਜੀ ਪੁਸਤਕ ਬਾਲ- ਨਾਵਲ 'ਜੱਗਾ' ਵਿੱਚ ਬਾਲ ਮਨਾਂ ਵਿੱਚ ਉਤਪੰਨ ਵਿਚਾਰਾਂ ਅਤੇ ਮਨੋਭਾਵਾਂ ਨੂੰ ਚਿੱਤਰਿਆ ਗਿਆ ਹੈ। ਚੰਗੀ ਸਕੂਲੀ ਸਿੱਖਿਆ ਕਰਕੇ ਜੱਗਾ (ਨਾਵਲ ਦਾ ਕੇਂਦਰੀ ਪਾਤਰ) ਜਿੱਥੇ ਆਪ ਸੁਧਰ ਗਿਆ ਉੱਥੇ ਉਸਨੇ ਆਪਣੇ ਪਿਤਾ ਤੇ ਭੈਣ ਨੂੰ ਵੀ ਸਹੀ ਰਾਹ ਤੇ ਤੋਰ ਲਿਆ।

**ਤਰਲੋਚਨ ਮੀਰ- ਖ਼ੰਜਰ**

ਤਰਲੋਚਨ ਮੀਰ ਦੇ ਗ਼ਜ਼ਲ- ਸੰਗ੍ਰਹਿ 'ਖ਼ੰਜਰ' ਨੂੰ ਪੜ੍ਹਦਿਆਂ ਇੰਝ ਲਗਦਾ ਹੈ ਕਿ ਉਸਦੇ ਅੰਦਰ ਵਿਦਰੋਹ ਦੀ ਭਾਵਨਾ ਪ੍ਰਚੰਡ ਰੂਪ ਵਿੱਚ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਇਨਸਾਨੀ ਕਦਰਾਂ- ਕੀਮਤਾਂ ਦੇ ਹੁੰਦੇ ਘਾਣ ਤੋਂ ਅਸਹਿਜ ਮਹਿਸੂਸ ਕਰਦਾ ਹੈ;

**"ਗੁੱਸੇ ਵਿੱਚ ਸੂਰਜ ਖ਼ਫਾ ਨਦੀ**

**ਹੋਈ ਕਿੰਨੀ ਭਿਆਨਕ ਸਦੀ।"(ਖ਼ੰਜਰ)**

ਮੀਰ ਦੀ ਕਲਮ ਡੂੰਘੇ ਅਰਥ ਸਿਰਜਦੀ ਹੈ। ਉਹ ਆਪਣੇ ਆਸੇ- ਪਾਸੇ ਨੂੰ ਭ੍ਰਿਸ਼ਟਾਚਾਰ, ਰਿਸ਼ਵਤਖੋਰੀ ਅਤੇ ਮੁਨਾਫਾਖੋਰੀ ਤੋਂ ਮੁਕਤ ਕਰਨਾ ਚਾਹੁੰਦਾ ਹੈ।

**ਡਾ. ਬੀਰਬਲ ਸਿੰਘ- ਕਥਾ ਦੀਪ**

ਡਾ. ਬੀਰਬਲ ਸਿੰਘ ਵੱਲੋਂ ਸੰਪਾਦਤ ਕਹਾਣੀ- ਸੰਗ੍ਰਹਿ 'ਕਥਾ ਦੀਪ' 'ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ' ਦੇ ਬੀ. ਏ. ਦੇ ਸਿਲੇਬਸ ਵਿੱਚ ਲੱਗਾ ਹੋਇਆ ਹੈ। ਡਾ. ਬੀਰਬਲ ਸਿੰਘ ਹਰਿਆਣਾ ਦੇ ਵਸਨੀਕ ਹਨ।

**ਡਾ. ਬਲਵਾਨ ਔਜਲਾ- ਅੰਤਰ ਯੁੱਧ**

ਡਾ. ਬਲਵਾਨ ਔਜਲਾ ਦੇ ਕਾਵਿ- ਸੰਗ੍ਰਹਿ 'ਅੰਤਰ ਯੁੱਧ' ਵਿੱਚ ਅਜੋਕੇ ਸਮਾਜ ਦੇ ਵਿਭਿੰਨ ਪਸਾਰਾਂ ਨੂੰ ਪੇਸ਼ ਕੀਤਾ ਹੈ। ਉਸਨੇ ਕਿਰਸਾਨੀ ਸਮੱਸਿਆਵਾਂ ਨੂੰ ਭਾਵਾਤਮਕ ਸ਼ਬਦਾਂ ਵਿੱਚ ਬਿਆਨ ਕੀਤਾ ਹੈ;

"ਤੂੜੀ ਵਾਲੇ ਕੋਠੇ ਮੈਂ ਝਾਕਿਆ / ਵਾਪਰ ਗਿਆ ਉੱਥੇ ਹੋਰ ਹੀ ਵਾਕਿਆ

**ਇੱਕ ਖੂੰਜੇ ਵਿੱਚ ਪਇਆ ਕਰਮ ਸਿਉਂ / ਮਿੱਟੀ ਤੇ ਕਰਜੇ ਨਾਲ ਖੇਡਦਾ।"(ਅੰਤਰ ਯੁੱਧ)**

ਬਲਵਾਨ ਔਜਲਾ ਦੀ ਸ਼ਾਇਰੀ ਮਨੁੱਖਤਾ ਦੀ ਆਪਣੀ ਸ਼ਾਇਰੀ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚ ਜਿੱਥੇ ਮੁਹੱਬਤ ਦੀ ਗੱਲ ਕਰਦਾ ਹੈ ਉੱਥੇ ਹੀ ਭਰੂਣ- ਹੱਤਿਆ, ਵਾਤਾਵਰਨ ਸੰਭਾਲ, ਆਪਣੀਆਂ ਜੜ੍ਹਾਂ ਨਾਲ ਜੁੜਨ ਦਾ ਸੁਨੇਹਾ, ਅੱਲੜ੍ਹ ਉਮਰ ਦੇ ਇਸ਼ਕ ਅਤੇ ਕਿਰਸਾਨੀ ਮੁਸ਼ਕਿਲਾਂ ਦੀ ਗੱਲ ਵੀ ਸ਼ਿੱਦਤ ਨਾਲ ਕਰਦਾ ਹੈ।

**ਮੀਨਾ ਨਵੀਨ- ਮਰਾਠੀ ਝਲਕਾਰਾ**

ਮੀਨਾ ਨਵੀਨ ਦੀ ਅਨੁਵਾਦ ਪੁਸਤਕ 'ਮਰਾਠੀ ਝਲਕਾਰਾ' ਵਿੱਚ ਕੁੱਲ 14 ਮਰਾਠੀ ਕਹਾਣੀਆਂ ਹਨ। ਇਹਨਾਂ ਵਿੱਚ 'ਕੁੰਦਾ ਜੋਗਵਾਲ' ਦੀਆਂ ਸੱਤ ਕਹਾਣੀਆਂ, 'ਜੈ ਸ਼ ?ਰੀ ਜੋਸ਼ੀ' ਦੀਆਂ ਚਾਰ ਕਹਾਣੀਆਂ ਤੇ 'ਡਾ. ਉਮਾ ਕੰਪੂਵਾਲੇ' ਦੀਆਂ ਤਿੰਨ ਕਹਾਣੀਆਂ ਸ਼ਾਮਿਲ ਹਨ।

'ਮਰਾਠੀ ਝਲਕਾਰਾ' ਪੜ੍ਹਦਿਆਂ ਲਗਦਾ ਹੈ; ਜਿਹੜੇ ਸਰੋਕਾਰ ਅਤੇ ਸਮੱਸਿਆਵਾਂ ਪੰਜਾਬੀ ਸੱਭਿਆਚਾਰ ਵਿੱਚ ਪਏ ਹਨ ਉਹੀ ਸਰੋਕਾਰ ਅਤੇ ਸਮੱਸਿਆਵਾਂ ਮਰਾਠੀ ਸੱਭਿਆਚਾਰ ਵਿੱਚ ਵੀ ਮਿਲਦੇ ਹਨ।

**ਰਜਨੀ- ਕੂਲੇ ਕੰਡੇ**

ਰਜਨੀ ਦੇ ਪਲੇਠੇ ਕਹਾਣੀ- ਸੰਗ੍ਰਹਿ 'ਕੂਲੇ ਕੰਡੇ' ਵਿੱਚ ਕੁੱਲ 50 ਪੰਜਾਬੀ ਕਹਾਣੀਆਂ ਸ਼ਾਮਿਲ ਹਨ। 'ਕੂਲੇ ਕੰਡੇ' ਪੜ੍ਹਦਿਆਂ ਪਾਠਕ ਦੀ ਮਾਨਵੀ ਚੇਤਨਾ ਜਾਗ੍ਰਤ ਹੁੰਦੀ ਹੈ। ਇਹ ਕਹਾਣੀ- ਸੰਗ੍ਰਹਿ ਕੋਮਲ ਮਨੋਭਾਵਾਂ, ਸੂਖਮ ਸੰਵੇਦਨਾਵਾਂ ਅਤੇ ਡੂੰਘੇ ਵਿਚਾਰਾਂ ਦੀਆਂ ਪਰਤਾਂ ਫਰੋਲਦਾ ਜਾਪਦਾ ਹੈ।

**ਲਖਵਿੰਦਰ ਸਿੰਘ ਬਾਜਵਾ- ਮੈਂ ਲੇਖਕ ਕਿਵੇਂ ਬਣਿਆ ਤੇ ਗ਼ਮਲੇ ਦਾ ਬੂਟਾ**

ਲਖਵਿੰਦਰ ਸਿੰਘ ਬਾਜਵਾ ਦੇ ਕਹਾਣੀ- ਸੰਗ੍ਰਹਿ 'ਗ਼ਮਲੇ ਦਾ ਬੂਟਾ' ਦੀਆਂ ਕਹਾਣੀਆਂ ਦੇ ਪਾਤਰ ਆਮ ਪੇਂਡੂ ਜੀਵਨ ਵਿੱਚੋਂ ਹਨ। ਕਹਾਣੀਕਾਰ ਨੂੰ ਪੇਂਡੂ ਜੀਵਨ ਦਾ ਡੂੰਘਾ ਅਨੁਭਵ ਹੈ। ਉਹ ਆਪ ਕਿਰਸਾਨੀ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਉਸਦੀਆਂ ਕਹਾਣੀਆਂ ਆਮ ਮਨੁੱਖ ਦੀਆਂ ਕਹਾਣੀਆਂ ਹੁੰਦੀਆਂ ਹਨ।

ਸਾਹਿਤਕ ਸ੍ਵੈ ਜੀਵਨੀ 'ਮੈਂ ਲੇਖਕ ਕਿਵੇਂ ਬਣਿਆ' ਵਿੱਚ ਲੇਖਕ ਨੇ ਆਪਣੇ ਜੀਵਨ ਦੇ ਅਨੁਭਵ ਨੂੰ ਸਰਲ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਉਹ ਆਪਣੇ ਬਚਪਨ ਤੋਂ ਗੱਲ ਸ਼ੁਰੂ ਕਰਕੇ, ਚੜ੍ਹਦੀ ਜਵਾਨੀ ਤੇ ਬੁਢਾਪੇ ਵੱਲ ਦਾ ਚਿੱਤਰਨ ਬਾਖ਼ੂਬੀ ਪੇਸ਼ ਕਰਦਾ ਹੈ।

**ਨੋਟ:** - ਉਪਰੋਕਤ ਪੰਜਾਬੀ ਪੁਸਤਕਾਂ ਤੋਂ ਇਲਾਵਾ ਵੀ ਕੁਝ ਹੋਰ ਪੰਜਾਬੀ ਪੁਸਤਕਾਂ ਛਪੀਆਂ ਹੋ ਸਕਦੀਆਂ ਹਨ ਪਰ! ਉਹਨਾਂ ਬਾਰੇ (ਲੇਖ ਲਿਖੇ ਜਾਣ ਤੱਕ) ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ।

**ਆਖ਼ਰ ਵਿੱਚ :-** ਹਰ ਸਾਲ ਦੇ ਵਾਂਗ ਇਸ ਸਾਲ 2024 ਵਿੱਚ ਵੀ ਹਰਿਆਣੇ ਦੇ ਪੰਜਾਬੀ ਲੇਖਕਾਂ ਨੇ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਭਰਪੂਰ ਹਾਜ਼ਰੀ ਲਵਾਈ ਹੈ। ਸ਼ਾਲਾ! ਹਰਿਆਣੇ ਅੰਦਰ ਪੰਜਾਬੀ ਜ਼ੁਬਾਨ ਦਾ ਇਹ ਦੀਵਾ ਇੰਝ ਹੀ ਜਗਦਾ ਰਹੇ।

# ਕੌਣ ਹੈ ਲੁਈਗੀ ਮੈਂਗਿਓਨ ਜਿਸ ਉੱਤੇ ਅਮਰੀਕਾ ਦੀ ਸਭ ਤੋਂ ਵੱਡੀ ਨਿਜੀ ਸਿਹਤ ਬੀਮਾ ਕੰਪਨੀ ਦੇ ਸੀਈਓ ਨੂੰ ਮਾਰਨ ਦੇ ਇਲਜ਼ਾਮ ਲੱਗੇ

ਇੱਕ ਪੜ੍ਹੇ-ਲਿਖੇ 26 ਸਾਲਾ ਵਿਅਕਤੀ ਉੱਤੇ ਯੂਨਾਈਟਿਡ ਹੈਲਥਕੇਅਰ ਦੇ ਸੀਈਓ ਬ੍ਰਾਇਨ ਥੌਮਸਨ ਦਾ ਗੋਲੀਆਂ ਮਾਰ ਕੇ ਕਤਲ ਕਰਨ ਦੇ ਇਲਜ਼ਾਮ ਹਨ। ਇਹ ਘਟਨਾ ਨਿਊਯਾਰਕ ਸ਼ਹਿਰ ਵਿੱਚ ਬੀਤੇ ਹਫ਼ਤੇ ਵਾਪਰੀ।ਲੁਈਗੀ ਮੈਂਗਿਓਨ ਨੂੰ ਸੋਮਵਾਰ ਨੂੰ ਨਿਊਯਾਰਕ ਸਿਟੀ ਤੋਂ ਤਕਰੀਬਨ 280 ਮੀਲ (450 ਕਿਲੋਮੀਟਰ) ਪੱਛਮ ਵਿੱਚ ਅਲਟੂਨਾ, ਪੈਨੇਸਲਵੇਨੀਆ ਦੇ ਇੱਕ ਮੈਕਡੋਨਲਡਜ਼ ਸਟੋਰ ਤੋਂ ਹਿਰਾਸਤ ਵਿੱਚ ਲਿਆ ਗਿਆ।ਉਨ੍ਹਾਂ ਨੂੰ ਸਟੋਰ ਉੱਤੇ ਫ਼ਾਸਟ-ਫ਼ੂਡ ਆਊਟਲੈਟ ਉੱਤੇ ਆਏ ਇੱਕ ਗਾਹਕ ਨੇ ਪਛਾਣਿਆ ਸੀ।ਪੁਲਿਸ ਮੁਤਾਬਕ ਉਹ ਇੱਕ ਵੱਡੇ ਕਾਰੋਬਾਰੀ ਪਰਿਵਾਰ ਮੈਰੀਲੈਂਡ ਨਾਲ ਸਬੰਧਿਤ ਹਨ ਅਤੇ ਆਈਵੀ ਲੀਗ ਗ੍ਰੈਜੂਏਟ ਹਨ।ਪੁਲਿਸ ਨੇ ਇਹ ਵੀ ਦੱਸਿਆ ਕਿ ਲੁਈਗੀ ਤੋਂ ਇੱਕ ਬੰਦੂਕ ਅਤੇ ਇੱਕ ਹੱਥ ਲਿਖਤ ਦਸਤਾਵੇਜ਼ ਮਿਲਿਆ ਸੀ ਜੋ 'ਪ੍ਰੇਰਣਾ ਅਤੇ ਮਾਨਸਿਕਤਾ' ਨੂੰ ਦਰਸਾਉਂਦਾ ਸੀ।ਮੈਂਗਿਓਨ ਪੈਨੇਸਲਵੇਨੀਆ ਦੀ ਇੱਕ ਅਦਾਲਤ ਵਿੱਚ ਪੇਸ਼ ਹੋਏ ਜਿੱਥੇ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।ਕੁਝ ਘੰਟਿਆਂ ਬਾਅਦ, ਨਿਊਯਾਰਕ ਦੇ ਜਾਂਚਕਰਤਾਵਾਂ ਨੇ ਮੈਂਗਿਓਨ 'ਤੇ ਕਤਲ ਦੇ ਇਲਜ਼ਾਮ ਲਾਏ ਅਤੇ ਚਾਰ ਹੋਰਾਂ ਉੱਤੇ ਹਥਿਆਰਾਂ ਨਾਲ ਜੁੜਿਆ ਮਾਮਲਾ ਦਰਜ ਕੀਤਾ ਗਿਆ।50 ਸਾਲਾ ਥੌਮਸਨ ਨੂੰ ਪਿਛਲੇ ਬੁੱਧਵਾਰ ਸਵੇਰੇ ਮਿਡਟਾਊਨ ਮੈਨਹਟਨ ਦੇ ਹਿਲਟਨ ਹੋਟਲ ਦੇ ਬਾਹਰ ਪਿੱਠ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਉਹ ਇਸ ਜਗ੍ਹਾ 'ਤੇ ਹੀ ਯੂਨਾਈਟਿਡ ਹੈਲਥਕੇਅਰ ਨਾਮ ਦੀ ਮੈਡੀਕਲ ਬੀਮਾ ਕੰਪਨੀ ਚਲਾਉਂਦੇ ਸਨ।ਉਹ ਘਟਨਾ ਤੋਂ ਪਹਿਲਾਂ ਇੱਥੇ ਨਿਵੇਸ਼ਕਾਂ ਨਾਲ ਮੀਟਿੰਗ ਕਰ ਰਹੇ ਸੀ।ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਯੋਜਨਾਬੱਧ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਸੀ।ਮੈਂਗਿਓਨ ਪੈਨੇਸਲਵੇਨੀਆ ਦੀ ਜੇਲ੍ਹ ਵਿੱਚ ਹਨ। ਉਨ੍ਹਾਂ 'ਤੇ ਗ਼ੈਰ-ਲਾਇਸੈਂਸੀ ਹਥਿਆਰ ਰੱਖਣ, ਜਾਅਲਸਾਜ਼ੀ ਕਰਨ ਅਤੇ ਪੁਲਿਸ ਨੂੰ ਝੂਠੀ ਪਛਾਣ ਦੱਸਣ ਦੇ ਇਲਜ਼ਾਮ ਲਾਏ ਗਏ ਹਨ।ਸੋਮਵਾਰ ਨੂੰ ਜਦੋਂ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਉਸ ਦੇ ਗੁੱਟ ਅਤੇ ਗਿੱਟਿਆਂ







'ਤੇ ਹੱਥਕੜੀ ਲੱਗੀ ਹੋਈ ਸੀ।ਜੀਨਸ ਅਤੇ ਗੂੜ੍ਹੇ ਨੀਲੇ ਰੰਗ ਦੀ ਜਰਸੀ ਪਹਿਨੇ ਕਦੇ-ਕਦਾਈਂ ਮੀਡੀਆ ਸਮੇਤ ਮੌਜੂਦ ਲੋਕਾਂ ਵੱਲ ਦੇਖਦਾ ਮੈਂਗਿਓਨ ਸੁਣਵਾਈ ਦੌਰਾਨ ਸ਼ਾਂਤ ਦਿਖਾਈ ਦਿੱਤਾ।ਪਿਛਲੇ ਹਫ਼ਤੇ ਹੋਈ ਇਸ ਵਾਰਦਾਤ ਨੇ ਇੱਕ ਵੱਡੇ ਪੱਧਰ ਦੀ ਕਰਵਾਈ ਦੀ ਸ਼ੁਰੂਆਤ ਕੀਤੀ।ਨਿਊਯਾਰਕ ਸਿਟੀ ਦੇ ਜਾਂਚਕਰਤਾਵਾਂ ਨੇ ਹਮਲਾਵਰ ਦੀ ਖੋਜ ਲਈ ਸੈਂਟਰਲ ਪਾਰਕ ਲੇਕ ਵਿੱਚ ਦੁਨੀਆ ਦੀਆਂ ਸਭ ਤੋਂ ਵੱਡੀਆਂ ਡਿਜੀਟਲ ਨਿਗਰਾਨੀ ਪ੍ਰਣਾਲੀਆਂ ਦੇ ਨਾਲ-ਨਾਲ ਪੁਲਿਸ ਦੇ ਖੋਜੀ ਕੁੱਤੇ, ਡਰੋਨ ਅਤੇ ਗੋਤਾਖੋਰਾਂ ਦੀ ਵਰਤੋਂ ਕੀਤੀ।ਜਾਂਚਕਰਤਾਵਾਂ ਨੇ ਦੱਸਿਆ ਕਿ ਮੈਂਗਿਓਨ ਦਾ ਲੱਭ ਜਾਣਾ ਬਹੁਤ ਹੈਰਾਨੀ ਵਾਲੀ ਗੱਲ ਸੀ ਕਿਉਂਕਿ ਸੋਮਵਾਰ ਤੋਂ ਪਹਿਲਾਂ ਤੱਕ ਤਾਂ ਉਸ ਦਾ ਨਾਮ ਵੀ ਸ਼ੱਕੀਆਂ ਦੀ ਸੂਚੀ ਵਿੱਚ ਨਹੀਂ ਸੀ।ਇਹ ਆਖਰਕਾਰ ਅਲਟੂਨਾ ਵਿੱਚ ਇੱਕ ਮੈਕਡੋਨਲਡ ਦਾ ਗਾਹਕ ਸੀ ਜਿਸਨੇ ਮੀਡੀਆ ਕਵਰੇਜ ਤੋਂ ਸ਼ੱਕੀ ਨੂੰ ਪਛਾਣ ਲਿਆ। ਉਨ੍ਹਾਂ ਨੇ ਪਹਿਲਾਂ ਇੱਕ ਕਰਮਚਾਰੀ ਨੂੰ ਸੂਚੇਤ ਕੀਤਾ, ਜਿਸ ਨੇ ਫਿਰ ਪੁਲਿਸ ਨੂੰ ਸੂਚਿਤ ਕੀਤਾ।ਅਦਾਲਤ ਵਿੱਚ ਪੇਸ਼ ਕੀਤੇ ਕਾਗਜ਼ਾਂ ਮੁਤਾਬਕ ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਮੈਂਗਿਓਨ ਨੇ ਉਨ੍ਹਾਂ ਨੂੰ ਨਿਊ ਜਰਸੀ ਸੰਬੰਧਤ ਮਾਰਕ ਰੋਜ਼ਾਰੀਓ ਦੇ ਨਾਮ ਦਾ ਇੱਕ ਜਾਅਲੀ ਡਰਾਈਵਰ ਲਾਇਸੈਂਸ ਦਿਖਾਇਆ।ਕਾਗਜ਼ਾਂ ਮੁਤਾਬਕ, ਪਰ ਜਦੋਂ ਇੱਕ ਅਧਿਕਾਰੀ ਨੇ ਉਸ ਤੋਂ ਪੁੱਛਿਆ ਕਿ ਕੀ ਉਹ ਹਾਲ ਹੀ ਵਿੱਚ ਨਿਊਯਾਰਕ ਗਿਆ ਸੀ ਤਾਂ ਉਹ ਚੁੱਪ ਹੋ ਗਿਆ ਅਤੇ ਕੰਬਣ ਲੱਗ ਪਿਆ।ਅਦਾਲਤੀ ਕਾਗਜ਼ਾਂ ਅਨੁਸਾਰ ਫਿਰ ਪੁਲਿਸ ਵਾਲਿਆਂ ਨੇ ਉਸ ਨੂੰ ਡਰ ਪਾਇਆ ਕਿ ਜੇਕਰ ਉਸ ਨੇ ਆਪਣੇ ਨਾਮ ਨੂੰ ਲੈ ਕੇ ਝੂਠ ਬੋਲਿਆ ਤਾਂ ਉਹ ਉਸ ਨੂੰ ਗਿਰਫ਼ਤਾਰ ਕਰ ਲੈਣਗੇ। ਘਬਰਾ ਕੇ ਉਸ ਨੇ ਆਪਣਾ ਅਸਲੀ ਨਾਮ ਦੱਸ ਦਿੱਤਾ।ਇਹ ਪੁੱਛੇ ਜਾਣ 'ਤੇ ਕਿ ਉਸ ਨੇ ਝੂਠ ਕਿਉਂ ਬੋਲਿਆ, ਉਸ ਨੇ ਅਫਸਰਾਂ ਨੂੰ ਕਿਹਾ ਕਿ ਮੈਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਸੀ।ਉਸ ਦੇ ਬੈਕਪੈਕ ਦੀ ਤਲਾਸ਼ੀ ਲੈਂਦੀਆਂ ਪੁਲਿਸ ਨੂੰ 'ਗੋਸਟ ਗਨ' ਲੱਭੀ ਜੋ ਹੋ ਸਕਦਾ ਹੈ 3ਡੀ-ਪ੍ਰਿੰਟਡ ਹੋਵੇ।

ਇਸ ਦੇ ਨਾਲ ਨਾਲ ਪੁਲਿਸ ਨੂੰ 9✡✡ ਗੋਲਾ ਬਾਰੂਦ ਦੇ ਛੇ ਰਾਉਂਡ ਵਾਲਾ ਇੱਕ ਲੋਡੀਡ ਮੈਗਜ਼ੀਨ ਵੀ ਮਿਲਿਆ।ਵਕੀਲਾਂ ਅਨੁਸਾਰ ਮੈਂਗਿਓਨ ਕੋਲ ਇੱਕ ਯੂਐੱਸ ਪਾਸਪੋਰਟ,10,000 ਡਾਲਰ ਨਕਦ, ਵਿਦੇਸ਼ੀ ਮੁਦਰਾ ਵਿੱਚ 2,000 ਡਾਲਰ ਵੀ ਸਨ।ਅਧਿਕਾਰੀਆਂ ਨੇ ਕਿਹਾ ਕਿ ਉਸ ਦੇ ਕਬਜ਼ੇ 'ਚੋ ਮਿਲੇ ਤਿੰਨ ਪੰਨਿਆਂ ਦੇ ਹੱਥ ਲਿਖਤ ਦਸਤਾਵੇਜ਼ਾਂ ਤੋਂ ਸੰਕੇਤ ਮਿਲਦੇ ਹਨ ਕਿ ਉਸ ਨੇ ਆਪਣੇ ਮੰਨ ਅੰਦਰ ਕਾਰਪੋਰੇਟ ਅਮਰੀਕਾ ਪ੍ਰਤੀ ਮਾੜੀ ਭਾਵਨਾਵਾਂ' ਪਾਲੀਆਂ ਹੋਇਆ ਸਨ।ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਥੌਮਸਨ ਦੇ ਕਤਲ ਦੇ ਸਥਾਨ @ਤੇ ਮਿਲੇ ਸ਼ੈੱਲ ਕੇਸਿੰਗਜ਼ 'ਤੇ ਡਿਨਾਏ, ਡਿਫੈਂਡ ਅਤੇ ਡਿਪੋਜ਼ ਸ਼ਬਦ ਲਿਖੇ ਹੋਏ ਸਨ।ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਸ਼ਬਦ ਉਸ ਗੱਲ ਦਾ ਹਵਾਲਾ ਹੋ ਸਕਦੇ ਹਨ ਜਿਸਨੂੰ ਆਲੋਚਕਾਂ ਵਲੋਂ ਬੀਮੇ ਦੇ ਤਿੰਨ ਡੀ ਕਿਹਾ ਜਾਂਦਾ ਹੈ।ਇਹ ਤਿੰਨ ਡੀ ਅਮਰੀਕਾ ਦੀ ਗੁੰਝਲਦਾਰ ਸਿਹਤ ਸੰਭਾਲ ਪ੍ਰਣਾਲੀ ਵਿੱਚ ਮਰੀਜ਼ਾਂ ਦੁਆਰਾ ਭੁਗਤਾਨ ਦਾਅਵਿਆਂ ਨੂੰ ਰੱਦ ਕਰਨ ਲਈ ਬੀਮਾ ਕੰਪਨੀਆਂ ਦੁਆਰਾ ਵਰਤੀਆਂ ਜਾਂਦੀਆਂ ਰਣਨੀਤੀਆਂ ਦੇ ਸੂਚਕ ਹਨ।ਨਿਊਯਾਰਕ ਪੁਲਿਸ ਕਮਿਸ਼ਨਰ ਜੈਸਿਕਾ ਟਿਸ਼ ਨੇ ਦੱਸਿਆ ਕਿ ਥੌਮਸਨ ਦੇ ਕਤਲ ਵਿੱਚ ਵਰਤੇ ਗਏ ਹਥਿਆਰ ਅਤੇ ਸ਼ੱਕੀ ਵਿਅਕਤੀ ਤੋਂ ਬਰਾਮਦ ਹਥਿਆਰ ਆਪਸ 'ਚ ਮੇਲ ਖਾਂਦੇ ਹਨ।ਮੈਂਗਿਓਨ ਨੂੰ ਉਸ ਦੀ ਹਵਾਲਗੀ ਨੂੰ ਲੈ ਕੇ ਹੁਣ ਦੋ ਵਿਕਲਪ ਪੇਸ਼ ਕੀਤੇ ਜਾਣਗੇ। ਇਹ ਦੋ ਵਿਕਲਪ ਹੋਣਗੇ ਆਪਣੀ ਹਵਾਲਗੀ ਨਿਊਯਾਰਕ ਰਾਜ ਨੂੰ ਦੇਣਾ ਜਾਂ ਫਿਰ ਉਸ ਦਾ ਵਿਰੋਧ ਕਰਨਾ।ਜੇਕਰ ਉਹ ਹਵਾਲਗੀ ਦੇਣ ਨੂੰ ਰਾਜ਼ੀ ਹੋ ਜਾਂਦਾ ਹੈ ਤਾਂ ਉਹ ਕਾਰਵਾਈ ਲਈ ਤੁਰੰਤ ਨਿਊਯਾਰਕ ਦੇ ਅਧਿਕਾਰੀਆਂ ਦੀ ਪਹੁੰਚ 'ਚ ਹੋ ਜਾਵੇਗਾ।



ਪਰ ਜੇ ਉਹ ਇਸ ਦਾ ਵਿਰੋਧ ਕਰਦਾ ਹੈ ਤਾਂ ਇਸ ਪ੍ਰਕਿਰਿਆ 'ਚ 30 ਤੋਂ 45 ਦਿਨ ਦਾ ਸਮਾਂ ਲੱਗ ਸਕਦਾ ਹੈ।ਮੈਂਗਿਓਨ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਉਸਦੀ ਗ੍ਰਿਫਤਾਰੀ ਤੋਂ ਹੈਰਾਨ ਅਤੇ ਬੇਹੱਦ ਪਰੇਸ਼ਾਨ ਹਨ।ਬਚਾਓ ਪੱਖ ਦੇ ਚਚੇਰੇ ਭਰਾ, ਮੈਰੀਲੈਂਡ ਰਾਜ ਦੇ ਵਿਧਾਇਕ ਨੀਨੋ ਮੈਂਗਿਓਨ ਦੁਆਰਾ ਸੋਸ਼ਲ ਮੀਡੀਆ ਤੇ ਪਾਈ ਗਈ ਪੋਸਟ ਚ ਉਨ੍ਹਾਂ ਨੇ ਲਿਖਿਆ, ਅਸੀਂ ਬ੍ਰਾਇਨ ਥੌਮਸਨ ਦੇ ਪਰਿਵਾਰ ਨੂੰ ਆਪਣੀ ਹਮਦਰਦੀ ਪੇਸ਼ ਕਰਦੇ ਹਾਂ ਅਤੇ ਇਸ ਵਿੱਚ ਸ਼ਾਮਲ ਸਾਰੇ ਲੋਕਾਂ ਨੂੰ ਪ੍ਰਾਰਥਨਾ ਕਰਨ ਲਈ ਕਹਿੰਦੇ ਹਾਂ। ਕਿਸ਼ੋਰਾਵਸਥਾ ਵਿੱਚ ਮੈਂਗਿਓਨ ਮੈਰੀਲੈਂਡ ਦੇ ਇੱਕ ਪ੍ਰਾਈਵੇਟ ਆਲ-ਬੁਆਏ ਸਕੂਲ ਵਿੱਚ ਪੜ੍ਹਦਾ ਸੀ। ਉਦੋਂ ਉਹ ਕਲਾਸ ਚ ਵੈਲੀਡਿਕਟੋਰੀਅਨ ਸਨ, ਇੱਕ ਖ਼ਿਤਾਬ ਜੋ ਆਮ ਤੌਰ ਤੇ ਸਭ ਤੋਂ ਵਧੀਆ ਗ੍ਰੇਡ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।ਉਸ ਨੇ ਇੱਕ ਆਈਵੀ ਲੀਗ ਕਾਲਜ ਪੈਨਸਿਲਵੇਨੀਆ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਪੜ੍ਹਾਈ ਕੀਤੀ ਸੀ।ਉਸ ਦੇ ਲਿੰਕਡਿਨ ਖਾਤੇ 'ਤੇ ਲਿਖਿਆ ਹੈ ਕਿ ਉਸਨੇ ਕੈਲੀਫੋਰਨੀਆ ਵਿੱਚ ਇੱਕ ਡੇਟਾ ਇੰਜੀਨੀਅਰ ਵਜੋਂ ਕੰਮ ਕੀਤਾ ਹੋਇਆ ਹੈ।ਟਰੂਕਾਰ, ਕਾਰ ਖਰੀਦਦਾਰਾਂ ਲਈ ਇੱਕ ਵੈਬਸਾਈਟ, ਨੇ ਪੁਸ਼ਟੀ ਕੀਤੀ ਕਿ ਉਹ ਉੱਥੇ ਨੌਕਰੀ ਕਰਦਾ ਸੀ ਪਰ 2023 ਵਿੱਚ ਛੱਡ ਗਿਆ ਸੀ। ਐਕਸ 'ਤੇ ਪਾਈਆਂ ਗਈਆਂ ਕੁਝ ਪੋਸਟਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਉਸ ਦੇ ਦੋਸਤ ਉਸ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ। ਇੱਕ ਵਿਅਕਤੀ ਨੇ ਅਕਤੂਬਰ ਵਿਚ ਪੋਸਟ ਕੀਤਾ ਸੀ ਕਿ ਕਾਫ਼ੀ ਮਹੀਨਿਆਂ ਤੋਂ ਕਿਸੇ ਨੇ ਤੁਹਾਡੇ (ਮੈਂਗਿਓਨ ) ਬਾਰੇ ਨਹੀਂ ਸੁਣਿਆ।

# ਹਰਮੀਤ ਕੌਰ ਢਿੱਲੋਂ ਕੌਣ ਹਨ, ਜਿਨ੍ਹਾਂ ਨੇ ਕਦੇ ਟਰੰਪ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ ਸੀ, ਹੁਣ ਵੱਡੇ ਅਹੁਦੇ ਲਈ ਨਾਮਜ਼ਦ ਹੋਏ



## ਵਕੀਲ ਵਜੋਂ ਕਰੀਅਰ ਦੀ ਸ਼ੁਰੂਆਤ

ਹਰਮੀਤ ਕੌਰ ਢਿੱਲੋਂ ਨੇ ਸਾਲ 2006 ਵਿੱਚ ਆਪਣੇ ਲਾਅ ਫਾਰਮ, ਢਿੱਲੋਂ ਲਾਅ ਗਰੁੱਪ ਇੱਕ ਦੀ ਸ਼ੁਰੂਆਤ ਕੀਤੀ।ਉਨ੍ਹਾਂ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ, ਉਨ੍ਹਾਂ ਨੇ ਸੰਵਿਧਾਨਕ ਮੁਕੱਦਮੇਬਾਜ਼ੀ ਤੋਂ ਆਪਣੇ ਕਰੀਅਰ ਸ਼ੁਰੂ ਕੀਤਾ। ਇਸ ਤੋਂ ਬਾਅਦ ਫੈਡਰਲ ਅਪੀਲ ਕੋਰਟ ਵਿੱਚ ਕਲਰਕੀ ਕੀਤੀ। ਉਨ੍ਹਾਂ ਨੇ ਵੱਕਾਰੀ ਕੌਮਾਂਤਰੀ ਲਾਅ ਫਰਮਾਂ ਵਿੱਚ ਇੱਕ ਦਹਾਕੇ ਤੱਕ ਅਭਿਆਸ ਕੀਤਾ ਹੈ।ਹਰਮੀਤ ਨੇ ਨਾਗਰਿਕ ਅਧਿਕਾਰ ਗ਼ੈਰ-ਲਾਭਕਾਰੀ ਸੰਸਥਾ ਸੈਂਟਰ ਫਾਰ ਅਮਰੀਕਨ ਲਿਬਰਿਟੀ ਦੀ ਸਥਾਪਨਾ ਕੀਤੀ।ਇਹ ਸੰਸਥਾ ਪੂਰੇ ਦੇਸ਼ ਵਿੱਚ ਭਾਸ਼ਣ ਅਤੇ ਹੋਰਨਾਂ ਆਜ਼ਾਦੀ ਦੇ ਹਿੱਤਾਂ ਨਾਲ ਜੁੜੇ ਨਾਗਰਿਕ ਅਧਿਕਾਰ ਮਾਮਲਿਆਂ ਦੀ ਦੇਖਰੇਖ ਕਰਦੀ ਹੈ।ਹਰਮੀਤ ਰਿਪਬਲੀਕਨ ਨੈਸ਼ਨਲ ਲਾਅਰਜ਼ ਐਸੋਸੀਏਸ਼ਨ ਦੀ ਕੌਮੀ ਸਹਿ-ਪ੍ਰਧਾਨ ਹਨ ਅਤੇ ਕੈਲੀਫੋਰੀਆ ਤੋਂ ਰਿਪਬਲੀਕਰਨ ਨੈਸ਼ਨਲ ਕਮੇਟੀਵੂਮੈਨ ਹਨ।ਉਹ ਤਕਨੀਕੀ ਸੈਂਸਰਸ਼ਿਪ ਮੁੱਦਿਆਂ ਸਣੇ ਹਾਈ ਪ੍ਰੋਫਾਈਲ ਕੇਸਾਂ ਅਤੇ ਨੀਤੀਗਤ ਮੁੱਦਿਆਂ 'ਤੇ ਅਕਸਰ ਕਾਨੂੰਨੀ ਅਤੇ ਮੀਡੀਆ ਟਿੱਪਣੀਕਾਰ ਵੀ ਹਨ।

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਪੰਜਾਬੀ ਮੂਲ ਦੀ ਵਕੀਲ ਹਰਮੀਤ ਕੌਰ ਢਿੱਲੋਂ ਨੂੰ ਸਿਵਿਲ ਰਾਈਟਸ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ ਹੈ।ਦਰਅਸਲ, ਇਹ ਉਹੀ ਹਰਮੀਤ ਕੌਰ ਢਿੱਲੋਂ ਹਨ, ਜਿਨ੍ਹਾਂ ਨੇ ਜੁਲਾਈ 2024 ਵਿੱਚ ਡੌਨਲਡ ਟਰੰਪ ਉੱਤੇ ਹੋਏ ਜਾਨਲੇਵਾ ਹਮਲੇ ਤੋਂ ਬਾਅਦ ਰਿਪਬਲੀਕਨ ਪਾਰਟੀ ਦੀ ਰੈਲੀ ਵਿੱਚ ਟਰੰਪ ਲਈ ਸਿੱਖੀ ਰਵਾਇਤਾਂ ਨਾਲ ਅਰਦਾਸ ਕੀਤੀ ਸੀ।ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਡੌਨਲਡ ਟਰੰਪ ਨੇ ਅਧਿਕਾਰਤ ਨਿਯੁਕਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ।ਇਸ ਤੋਂ ਪਹਿਲਾਂ ਟਰੰਪ ਨੇ ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਨੂੰ ਵੀ ਇਲੋਨ ਮਸਕ ਦੇ ਨਾਲ ਡਿਪਾਰਟ ਆਫ ਗਵਰਨਮੈਂਟ ਐਫੀਸ਼ੀਐਂਸੀ ਦੀ ਜ਼ਿੰਮੇਵਾਰੀ ਸੌਂਪੀ ਸੀ ਅਤੇ ਕਾਸ਼ ਪਟੇਲ ਨੂੰ ਐੱਫਬੀਆਈ ਦੇ ਡਾਇਰੈਕਟਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ।ਡੌਨਲਡ ਟਰੰਪ ਨੇ ਆਪਣੇ ਅਧਿਕਾਰਤ ਟਰੁੱਥ ਹੈਂਡਲ ਉੱਤੇ ਇਸ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ।ਉਨ੍ਹਾਂ ਨੇ ਲਿਖਿਆ, 'ਮੈਨੂੰ ਯੂਐੱਸ ਨਿਆਂ ਵਿਭਾਗ ਵਿੱਚ ਨਾਗਰਿਕ ਅਧਿਕਾਰਾਂ ਲਈ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਹਰਮੀਤ ਕੌਰ ਢਿੱਲੋਂ ਨੂੰ ਨਾਮਜ਼ਦ ਕਰਦੇ ਹੋਏ ਖੁਸ਼ੀ ਹੋ ਰਹੀ ਹੈ।' 'ਆਪਣੇ ਪੂਰੇ ਕਰੀਅਰ ਦੌਰਾਨ ਹਰਮੀਤ ਨੇ ਸਾਡੀ ਨਾਗਰਿਕ ਆਜ਼ਾਦੀ ਦੀ ਰੱਖਿਆ ਲਈ ਲਗਾਤਾਰ ਅਵਾਜ਼ ਚੁੱਕੀ ਹੈ, ਜਿਸ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਨੂੰ ਸੈਂਸਰ ਕਰਨ ਵਾਲੀਆਂ 'ਬਿਗ ਟੈਕ' ਦਾ ਸਾਹਮਣਾ ਕਰਨਾ, ਉਨ੍ਹਾਂ ਇਸਾਈਆਂ ਦੀ ਨੁਮਾਇੰਦਗੀ ਕਰਨੀ, ਜਿਨ੍ਹਾਂ ਨੂੰ ਕੋਵਿਡ ਦੌਰਾਨ ਇਕੱਠੇ ਪ੍ਰਾਰਥਨਾ ਕਰਨਾ ਤੋਂ ਰੋਕਿਆ ਗਿਆ ਸੀ। ਉਨ੍ਹਾਂ ਨਿਗਮਾਂ (ਕਾਰਪੋਰੇਸ਼ਨਾਂ) 'ਤੇ ਕੇਸ ਕਰਨਾ ਸ਼ਾਮਿਲ ਹੈ ਜੋ ਨੀਤੀਆਂ ਦੀ ਵਰਤੋਂ ਮੁਲਾਜ਼ਮਾਂ ਨਾਲ ਵਿਤਕਰਾ ਕਰਨ ਲਈ ਕਰਦੀਆਂ ਹਨ।' ਉਨ੍ਹਾਂ ਨੇ ਅੱਗੇ ਲਿਖਿਆ, ÷ਹਰਮੀਤ ਮੋਹਰੀ ਚੁਣਾਵੀਂ ਵਕੀਲਾਂ ਵਿੱਚੋਂ ਇੱਕ ਹੈ, ਜੋ ਇਹ ਯਕੀਨੀ ਬਣਾਉਣ ਲਈ ਲੜੇ ਕਿ ਸਾਰੀਆਂ ਅਤੇ ਵੈਧ ਵੋਟਾਂ ਦੀ ਗਿਣਤੀ ਹੋਵੇ। ਉਹ ਡਾਰਮਾਊਥ ਕਾਲਜ ਅਤੇ ਵਰਜੀਨੀਆ ਲਾਅ ਸਕੂਲ ਯੂਨੀਵਰਸਿਟੀ ਤੋਂ ਗ੍ਰੇਜੂਏਟ ਹਨ ਅਤੇ ਯੂਐੱਸ ਫੌਰਥ ਸਰਕਟ ਕੋਰਟ ਆਫ ਅਪੀਲਜ਼ ਵਿੱਚ ਕਲਰਕ ਹਨ।ਹਰਮੀਤ ਸਿੱਖ ਭਾਈਚਾਰੇ ਵਿੱਚ ਸਨਮਾਨਿਤ ਮੈਂਬਰ ਹਨ। ਨਿਆਂ ਵਿਭਾਗ ਵਿੱਚ ਆਪਣੀ ਨਵੀਂ ਭੂਮਿਕਾ ਲਈ ਹਰਮੀਤ ਸਾਡੇ ਸੰਵਿਧਾਨਿਕ ਅਧਿਕਾਰਾਂ ਦੇ ਅਣਥੱਕ ਰੱਖਿਅਕ ਰਹਿਣਗੇ।ਅਤੇ ਸਾਡੇ ਨਾਗਰਿਕ ਅਧਿਕਾਰਾਂ ,ਚੋਣ ਸਬੰਧੀ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖਤਾ ਅਤੇ ਦ੍ਰਿੜਤਾ ਨਾਲ ਲਾਗੂ ਕਰਨਗੇ।ਇਸ ਦੇ ਜਵਾਬ ਵਿੱਚ ਹਰਮੀਤ ਕੌਰ ਢਿੱਲੋਂ ਨੇ ਡੌਨਲਡ ਟਰੰਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਬੇਹੱਦ ਸਨਮਾਨਿਤ ਮਹਿਸੂਸ ਕਰ ਰਹੇ ਹਨ।ਉਨ੍ਹਾਂ ਨੇ ਆਪਣੇ ਐਕਸ ਹੈਂਡਲ 'ਤੇ ਲਿਖਿਆ, ਸਾਡੇ ਮਹਾਨ ਦੇਸ਼ ਦੀ ਸੇਵਾ ਕਰਨ ਦੇ ਯੋਗ ਹੋਣਾ ਮੇਰਾ ਸੁਪਨਾ ਰਿਹਾ ਹੈ ਅਤੇ ਮੈਂ ਪੈਮ ਬੋਂਡੀ ਦੀ ਅਗਵਾਈ ਵਾਲੇ ਵਕੀਲਾਂ ਦੀ ਇੱਕ ਸ਼ਾਨਦਾਰ ਟੀਮ ਦਾ ਹਿੱਸਾ ਬਣਨ ਲਈ ਬੇਹੱਦ ਉਤਸ਼ਾਹਿਤ ਹਾਂ।ਮੈਂ ਇੰਤਜ਼ਾਰ ਕਰ ਰਹੀ ਹਾਂ ਕਦੋਂ ਮੈਂ ਕੰਮ 'ਤੇ ਜਾਵਾਂ। ਆਪਣੀ ਮਾਂ, ਭਰਾ ਅਤੇ ਮੇਰੇ ਪਿਤਾ ਤੇਜਪਾਲ ਅਤੇ ਪਤੀ ਸਰਵ (ਸਰਵਜੀਤ ਸਿੰਘ ਰੰਧਾਵਾ) ਦੇ ਸਹਿਯੋਗ ਤੋਂ ਬਿਨਾਂ ਮੈਂ ਅੱਜ ਇੱਥੇ ਨਹੀਂ ਹੁੰਦੀ। ਭਾਵੇਂ ਅੱਜ ਉਹ ਮੇਰੇ ਨਾਲ ਨਹੀਂ ਹਨ ਪਰ ਮੈਂ ਉਮੀਦ ਕਰਦੀ ਹਾਂ ਕਿ ਮੈਂ ਪ੍ਰਮਾਤਮਾ ਦੀ ਮਿਹਰ ਨਾਲ, ਉਨ੍ਹਾਂ ਦੀਆਂ ਯਾਦਾਂ ਦਾ ਸਨਮਾਨ ਕਰਾਂ।

**ਹਰਮੀਤ ਕੌਰ ਢਿੱਲੋਂ ਕੌਣ ਹਨ**

ਹਰਮੀਤ ਕੌਰ ਢਿੱਲੋਂ, ਢਿੱਲੋਂ ਲਾਅ ਗਰੁੱਪ ਇੱਕ. ਦੀ ਸੰਸਥਾਪਕ ਅਤੇ ਸੀਨੀਅਰ ਪਾਰਟਨਰ ਹਨ।1969 ਵਿੱਚ ਚੰਡੀਗੜ੍ਹ ਵਿੱਚ ਪੈਦਾ ਹੋਏ ਹਰਮੀਤ ਕੌਰ ਢਿੱਲੋਂ 2 ਸਾਲਾਂ ਦੀ ਉਮਰ ਵਿੱਚ ਆਪਣੇ ਪਰਿਵਾਰ ਨਾਲ ਅਮਰੀਕਾ ਜਾ ਵਸੇ ਸਨ।ਬੀਬੀਸੀ ਪੰਜਾਬੀ ਦੇ ਸਹਿਯੋਗੀ ਰਵਿੰਦਰ ਸਿੰਘ ਰੌਬਿਨ ਨਾਲ ਗੱਲ ਕਰਦਿਆਂ ਹਰਮੀਤ ਕੌਰ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ ਚੰਡੀਗੜ੍ਹ ਵਿੱਚ ਹੋਇਆ ਸੀ।ਉਨ੍ਹਾਂ ਨੇ ਕਿਹਾ, ਮੇਰੇ ਮਾਪਿਆਂ ਦਾ ਜਨਮ ਪਾਕਿਸਤਾਨ ਵਾਲੇ ਬ੍ਰਿਟਿਸ਼ ਭਾਰਤ ਵਿੱਚ ਹੋਇਆ ਸੀ। ਮੇਰੇ ਮਾਤਾ ਉਸ ਵੇਲੇ ਛੋਟੇ ਸਨ ਅਤੇ ਵੰਡ ਦੇ ਸ਼ਰਨਾਰਥੀ ਸਨ।

ਮੇਰੇ ਨਾਨਾ ਜੀ ਨੇ ਕਿੰਗ ਐਡਵਰਡ ਮੈਡੀਕਲ ਕਾਲਜ ਤੋਂ ਮੈਡੀਕਲ ਦੀ ਪੜ੍ਹਾਈ ਸ਼ੁਰੂ ਕੀਤੀ ਅਤੇ ਅੰਮ੍ਰਿਤਸਰ ਮੈਡੀਕਲ ਕਾਲਜ ਵਿੱਚ ਉਸ ਨੂੰ ਨੇਪਰੇ ਚਾੜ੍ਹਿਆ।ਹਰਮੀਤ ਨੇ ਅੱਗੇ ਦੱਸਿਆ, ਉਨ੍ਹਾਂ ਦੇ ਦਾਦਾ ਜੀ ਨੇ ਸਿਵਿਲ ਸਰਵਿਸ ਵਿੱਚ ਡਾਕਟਰ ਵਜੋਂ ਸੇਵਾਵਾਂ ਨਿਭਾਈਆਂ ਹਨ ਅਤੇ ਬਰਮਾ ਵਿੱਚ ਦੂਜੀ ਵਿਸ਼ਵ ਜੰਗ ਵਿੱਚ ਹਿੱਸਾ ਲਿਆ। ਮੇਰੇ ਨਾਨਾ ਜੀ ਪੀਵੀਐੱਸਐੱਮ ਪੂਰਨ ਸਿੰਘ ਬਾਜਵਾ (ਏਅਰ ਮਾਰਸ਼ਲ) ਭਾਰਤੀ ਫੌਜ ਵਿੱਚ ਮੈਡੀਕਲ ਅਫ਼ਸਰ ਵੀ ਰਹੇ ਸਨ।ਮੈਂ ਦਿੱਲੀ ਵਿੱਚ ਕਈਆਂ ਗਰਮੀਆਂ ਬਿਤਾਈਆਂ ਹਨ। ਉੱਥੇ ਮੈਂ ਆਪਣੇ ਭਰਾ ਨਾਲ ਪੰਜਾਬੀ ਪੜ੍ਹਨ, ਕੀਰਤਨ, ਤਬਲਾ, ਹਾਰਮੋਨੀਅਨ ਸਿੱਖਦੀ ਹੁੰਦੀ ਸੀ। ਮੇਰੇ ਮਾਪੇ ਅੰਮ੍ਰਿਤਧਾਰੀ ਹਨ। ਮੇਰੇ ਪਤੀ ਦਾ ਪਰਿਵਾਰ ਵੀ ਪੰਜਾਬ ਨਾਲ ਸਬੰਧਤ ਹੈ।ਅਮਰੀਕਾ ਦੇ ਇੱਕ ਅਖ਼ਬਾਰ ਮੁਤਾਬਕ, ਉਨ੍ਹਾਂ ਦੇ ਪਿਤਾ ਆਰਥੋਪੈਡਿਕ ਸਰਜਨ ਸਨ ਅਤੇ ਉਹ ਪਰਿਵਾਰ ਨਾਲ ਪਹਿਲਾਂ ਨਿਊਯਾਰਕ ਅਤੇ ਫਿਰ ਕੈਰੋਲੀਨਾ ਵਿੱਚ ਜਾ ਵਸੇ।ਇਸੇ ਹੀ ਅਖ਼ਬਾਰ ਨਾਲ ਗੱਲ ਕਰਦਿਆਂ ਢਿੱਲੋਂ ਨੇ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ।ਉਨ੍ਹਾਂ ਨੇ ਅਖ਼ਬਾਰ ਨੂੰ ਦੱਸਿਆ, ਮੇਰੀਆਂ ਦੋ ਲੰਬੀਆਂ ਗੁੱਤਾਂ ਹੁੰਦੀਆਂ ਸਨ, ਮੇਰਾ ਨਾਮ ਵੀ ਅਜੀਬ ਜਿਹਾ ਸੀ ਅਤੇ ਮੇਰੀ ਮਾਂ ਮੈਨੂੰ ਕਦੇ ਫੈਸ਼ਨੇਬਲ ਕੱਪੜੇ ਨਹੀਂ ਪਹਿਨਾਉਂਦੇ ਸਨ। ਮੈਂ ਬਿਲਕੁਲ ਵੀ ਹਰਮਨ ਪਿਆਰੀ ਨਹੀਂ ਸੀ।ਉਨ੍ਹਾਂ ਦਾ ਪਾਲਣ-ਪੋਸ਼ਣ ਸਿੱਖ ਧਾਰਮਿਕ ਰਹੁ-ਰੀਤਾਂ ਵਿਚਾਲੇ ਹੋਇਆ। ਉਨ੍ਹਾਂ ਨੇ ਦੱਸਿਆ, ਮੇਰੇ ਘਰ ਵਿੱਚ ਕਾਫੀ ਧਾਰਮਿਕ ਮਾਹੌਲ ਸੀ ਅਤੇ ਇਹ ਮੇਰੇ ਜੀਵਨ ਦੇ ਪਹਿਲੇ ਦਿਨ ਤੋਂ ਹੀ ਕਾਫੀ ਅਹਿਮ ਹਿੱਸਾ ਸੀ।ਹਰਮੀਤ ਕੌਰ ਦੇ ਪਤੀ ਸਰਵਜੀਤ ਰੰਧਾਵਾ ਅਤੇ ਪਿਤਾ ਤੇਜਪਾਲ ਸਿੰਘ ਢਿੱਲੋਂ ਦਾ ਸਾਲ 2024 ਵਿੱਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੇ ਪਤੀ ਨੂੰ ਪਾਰਕਿਨਸਨ ਬਿਮਾਰੀ ਅਤੇ ਕੈਂਸਰ ਸੀ।ਇੱਕ ਲੇਖ ਮੁਤਾਬਕ ਸਰਵਜੀਤ ਰੰਧਾਵਾ ਉਨ੍ਹਾਂ ਦੇ ਤੀਜੇ ਪਤੀ ਸੀ, ਇਸ ਤੋਂ ਪਹਿਲਾਂ ਉਨ੍ਹਾਂ ਦੇ ਦੋ ਤਲਾਕ ਹੋਏ ਸਨ।ਇਸ ਵਿਚਾਲੇ ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਉਨ੍ਹਾਂ ਮਾਂ ਨੂੰ ਛਾਤੀ ਦਾ ਕੈਂਸਰ ਹੋ ਗਿਆ ਸੀ ਅਤੇ ਉਨ੍ਹਾਂ ਦੇ ਆਪਣੀ ਮਾਂ ਦੀ ਦੇਖਭਾਲ ਲਈ ਸਭ ਛੱਡ ਕੇ ਉਨ੍ਹਾਂ ਦੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

**ਵਕੀਲ ਵਜੋਂ ਕਰੀਅਰ ਦੀ ਸ਼ੁਰੂਆਤ**

ਹਰਮੀਤ ਕੌਰ ਢਿੱਲੋਂ ਨੇ ਸਾਲ 2006 ਵਿੱਚ ਆਪਣੇ ਲਾਅ ਫਾਰਮ, ਢਿੱਲੋਂ ਲਾਅ ਗਰੁੱਪ ਇੱਕ ਦੀ ਸ਼ੁਰੂਆਤ ਕੀਤੀ।ਉਨ੍ਹਾਂ ਦੀ ਅਧਿਕਾਰਤ ਵੈੱਬਸਾਈਟ ਮੁਤਾਬਕ, ਉਨ੍ਹਾਂ ਨੇ ਸੰਵਿਧਾਨਕ ਮੁਕੱਦਮੇਬਾਜ਼ੀ ਤੋਂ ਆਪਣੇ ਕਰੀਅਰ ਸ਼ੁਰੂ ਕੀਤਾ। ਇਸ ਤੋਂ ਬਾਅਦ ਫੈਡਰਲ ਅਪੀਲ ਕੋਰਟ ਵਿੱਚ ਕਲਰਕੀ ਕੀਤੀ। ਉਨ੍ਹਾਂ ਨੇ ਵੱਕਾਰੀ ਕੌਮਾਂਤਰੀ ਲਾਅ ਫਰਮਾਂ ਵਿੱਚ ਇੱਕ ਦਹਾਕੇ ਤੱਕ ਅਭਿਆਸ ਕੀਤਾ ਹੈ।ਹਰਮੀਤ ਨੇ ਨਾਗਰਿਕ ਅਧਿਕਾਰ ਗ਼ੈਰ-ਲਾਭਕਾਰੀ ਸੰਸਥਾ ਸੈਂਟਰ ਫਾਰ ਅਮਰੀਕਨ ਲਿਬਰਿਟੀ ਦੀ ਸਥਾਪਨਾ ਕੀਤੀ। ਇਹ ਸੰਸਥਾ ਪੂਰੇ ਦੇਸ਼ ਵਿੱਚ ਭਾਸ਼ਣ ਅਤੇ ਹੋਰਨਾਂ ਆਜ਼ਾਦੀ ਦੇ ਹਿੱਤਾਂ ਨਾਲ ਜੁੜੇ ਨਾਗਰਿਕ ਅਧਿਕਾਰ ਮਾਮਲਿਆਂ ਦੀ ਦੇਖਰੇਖ ਕਰਦੀ ਹੈ।ਹਰਮੀਤ ਰਿਪਬਲੀਕਨ ਨੈਸ਼ਨਲ ਲਾਅਰਜ਼ ਐਸੋਸੀਏਸ਼ਨ ਦੀ ਕੌਮੀ ਸਹਿ-ਪ੍ਰਧਾਨ ਹਨ ਅਤੇ ਕੈਲੀਫੋਰੀਆ ਤੋਂ ਰਿਪਬਲੀਕਰਨ ਨੈਸ਼ਨਲ ਕਮੇਟੀਵੂਮੈਨ ਹਨ।

ਉਹ ਤਕਨੀਕੀ ਸੈਂਸਰਸ਼ਿਪ ਮੁੱਦਿਆਂ ਸਣੇ ਹਾਈ ਪ੍ਰੋਫਾਈਲ ਕੇਸਾਂ ਅਤੇ ਨੀਤੀਗਤ ਮੁੱਦਿਆਂ 'ਤੇ ਅਕਸਰ ਕਾਨੂੰਨੀ ਅਤੇ ਮੀਡੀਆ ਟਿੱਪਣੀਕਾਰ ਵੀ ਹਨ।

**ਬੁਣਾਈ ਅਤੇ ਕਰੋਸ਼ੀਏ ਦਾ ਸ਼ੌਕ**

ਪੇਸ਼ੇ ਵਕੀਲ ਹੋਣ ਦੇ ਨਾਲ-ਨਾਲ ਹਰਮੀਤ ਕੌਰ ਦੇ ਕੁਝ ਵੀ ਸ਼ੌਕ ਹਨ।ਦਰਅਸਲ, ਉਨ੍ਹਾਂ ਦੇ ਸੋਸ਼ਲ ਮੀਡੀਆ ਪਲੇਟਫਾਰਮ, ਖ਼ਾਸ ਕਰ ਕੇ ਇੰਸਟਾਗ੍ਰਾਮ 'ਤੇ ਉਨ੍ਹਾਂ ਦੇ ਸਿਲਾਈਆਂ ਨਾਲ ਬੁਣਾਈ ਕਰਨ ਅਤੇ ਕਰੋਸ਼ੀਏ ਦਾ ਸ਼ੌਕ ਸਾਫ਼ ਝਲਕਦਾ ਹੈ।ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਜਿੱਥੇ ਹਰਮੀਤ ਨੇ ਸਵੈਟਰਾਂ-ਟੋਪੀਆਂ ਨੂੰ ਬਣਾ ਕੇ ਸਾਂਝਾ ਕੀਤਾ ਹੈ, ਉੱਥੇ ਹੀ ਉਨ੍ਹਾਂ ਨੇ ਇੱਕ ਪੋਸਟ ਵਿੱਚ ਇਹ ਵੀ ਦੱਸਿਆ ਹੈ ਕਿ ਉਨ੍ਹਾਂ ਨੇ ਕਰੋਸ਼ੀਆ ਚਲਾਉਣਾ ਆਪਣਾ ਦਾਦੀ ਕੋਲੋਂ ਸਿੱਖਿਆ ਸੀ।

**ਪੁਰਾਣੀਆਂ ਪ੍ਰਤੀਕਿਰਿਆਵਾਂ ਕਰ ਕੇ ਛਿੜੀ ਚਰਚਾ**

ਹਾਲਾਂਕਿ, ਇਸ ਵਿਚਾਲੇ ਹਰਮੀਤ ਕੌਰ ਢਿੱਲੋਂ ਵੱਲੋਂ ਕੀਤੇ ਗਏ ਕੁਝ ਪੁਰਾਣੇ ਟਵੀਟਾਂ ਕਰ ਕੇ ਸੋਸ਼ਲ ਮੀਡੀਆ ਉੱਤੇ ਚਰਚਾ ਵੀ ਸ਼ੁਰੂ ਹੋ ਗਈ ਹੈ।ਇਨ੍ਹਾਂ ਵਿੱਚ ਹਰਮੀਤ ਕੌਰ ਨੇ ਕਿਸਾਨ ਅੰਦੋਲਨ, ਹਰਦੀਪ ਸਿੰਘ ਨਿੱਝਰ, ਗੁਰਪਤਵੰਤ ਸਿੰਘ ਪੰਨੂੰ ਉੱਤੇ ਕੀਤੇ ਗਏ ਟਵੀਟ ਚਰਚਾ ਵਿੱਚ ਹਨ।ਸਾਲ 2023 ਵਿੱਚ ਸਿੱਖ ਵੱਖਵਾਦੀ 'ਤੇ ਹਮਲੇ ਦੀ ਕੋਸ਼ਿਸ਼ ਨੂੰ ਨਾਕਾਮ ਕਰਦਿਆਂ ਅਮਰੀਕਾ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿੱਚ ਭਾਰਤੀ ਨਾਗਰਿਕ ਦਾ ਹੱਥ ਸੀ।ਇਸ ਆਪਣੀ ਉਸ ਵੇਲੇ ਟਵੀਟ ਕਰਦਿਆਂ ਹਰਮੀਤ ਕੌਰ ਨੇ ਲਿਖਿਆ, ਅਮਰੀਕਾ ਦੇ ਸਿੱਖ ਜਵਾਬ ਚਾਹੁੰਦੇ ਹਨ, ਹੋਰ ਕੌਣ ਖ਼ਤਰੇ ਵਿੱਚ ਹੈ ਅਤੇ ਅਮਰੀਕਾ ਸਰਕਾਰ ਕੀ ਕਰ ਰਹੀ ਹੈ ? ਕਾਂਗਰਸ ਵਿੱਚ ਭਾਰਤੀ ਅਮਰੀਕੀ ਡੈਮੋਕ੍ਰੇਟ ਅਜੀਬ ਚੁੱਪੀ ਸਾਧੇ ਹੋਏ ਹਨ।ਇਸ ਤੋਂ ਇਲਾਵਾ ਕੈਨੇਡਾ ਵਿੱਚ ਹੋਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਵੀ ਉਨ੍ਹਾਂ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਸੀ।ਉਨ੍ਹਾਂ ਨੇ ਲਿਖਿਆ ਸੀ, ਕੈਨੇਡਾ ਦੇ ਕੰਜ਼ਰਵੇਟਿਵ ਆਗੂ ਨੇ ਹੋਰਨਾਂ ਕੈਨੇਡਾ ਦੇ ਅਧਿਕਾਰੀਆਂ ਨਾਲ ਰਲ ਕੇ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੀ ਗ਼ੈਰ-ਨਿਆਂਇਕ ਕਤਲ ਦੀ ਨਿੰਦਾ ਕੀਤੀ ਹੈ। ਇਸ ਹੈਰਾਨ ਕਰ ਦੇਣ ਵਾਲੀ ਘਟਨੇ ਦੇ ਖ਼ਿਲਾਫ਼ ਉਨ੍ਹਾਂ ਦਾ ਇੱਕਜੁਟ ਹੋਣਾ ਚੰਗਾ ਲੱਗਾ।



# ਪੱਛਮੀ ਆਵਾਸ ਨੀਤੀਆਂ ਅਤੇ ਉਸ ਦੇ ਦੂਰਗਾਮੀ ਅਸਰ

**ਵੱਡੀ ਤਾਦਾਦ ਵਿੱਚ ਪੜ੍ਹੇ ਲਿਖੇ ਭਾਰਤੀ ਹੁਨਰਮੰਦ ਤੇ ਅਰਧ ਹੁਨਰਮੰਦ ਕਾਮਿਆਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਮਿਲਦੀਆਂ ਰਹੀਆਂ ਹਨ। ਇਨ੍ਹਾਂ ਘਟਨਾਵਾਂ ਕਰ ਕੇ ਭਾਰਤੀ ਪਰਵਾਸੀ ਭਾਈਚਾਰੇ ਦਾ ਵਿਸਤਾਰ ਹੁੰਦਾ ਆ ਰਿਹਾ ਸੀ ਜਿਸ ਸਦਕਾ ਪਿਛਲੇ ਕੁਝ ਸਾਲਾਂ ਤੋਂ ਘਰੇਲੂ ਕਮਾਈ ਵਿੱਚ ਇਸ ਦਾ ਯੋਗਦਾਨ ਦੁਨੀਆ ਭਰ ਵਿੱਚ ਸਭ ਤੋਂ ਜ਼ਿਆਦਾ ਹੋ ਗਿਆ। ਆਰਥਿਕ ਨੀਤੀ ਵਿੱਚ ਸੰਤੁਲਨ ਕਾਇਮ ਰੱਖਣ ਅਤੇ ਦੇਸ਼ ਦੇ ਕੌਮਾਂਤਰੀ ਰਿਸ਼ਤਿਆਂ ਸਦਕਾ ਇਹ ਸੰਭਵ ਹੋਇਆ ਸੀ। ਸਾਲ 2000 ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ 79 ਲੱਖ ਸੀ ਜੋ ਕਿ 2023 ਵਿੱਚ ਵਧ ਕੇ 1.89 ਕਰੋੜ ਹੋ ਗਈ ਸੀ। ਪਰਵਾਸੀ ਭਾਰਤੀਆਂ ਵੱਲੋਂ ਦੇਸ਼ ਵਿੱਚ ਭੇਜੀ ਜਾਂਦੀ ਕਮਾਈ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਦੇ ਖ਼ਪਤ ਮਿਆਰਾਂ ਵਿੱਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਮਕਾਨ ਉਸਾਰੀ ਅਤੇ ਕਾਰੋਬਾਰਾਂ ਵਿੱਚ ਨਿਵੇਸ਼ ਵਧਦਾ ਹੈ। ਭਾਰਤ ਦੀ ਵਿਦੇਸ਼ੀ ਮੁਦਰਾ ਦੀ ਕਮਾਈ ਵਿੱਚ ਉਨ੍ਹਾਂ ਵੱਲੋਂ ਵੱਡਾ ਯੋਗਦਾਨ ਦਿੱਤਾ ਜਾਂਦਾ ਹੈ।**



1990ਵਿਆਂ ਦੇ ਮੱਧ ਤੋਂ ਭਾਰਤ ਤੋਂ ਵੱਖ-ਵੱਖ ਦੇਸ਼ਾਂ ਨੂੰ ਹੋਣ ਵਾਲੇ ਕਿਰਤ ਸ਼ਕਤੀ ਦੇ ਪਰਵਾਸ ਵਿੱਚ ਵਾਧਾ ਹੁੰਦਾ ਆ ਰਿਹਾ ਹੈ ਜਿਸ ਕਰ ਕੇ ਭਾਰਤੀ ਪਰਵਾਸੀ ਭਾਈਚਾਰੇ ਦਾ ਆਕਾਰ ਦੁਨੀਆ ਵਿੱਚ ਸਭ ਤੋਂ ਵੱਡਾ ਹੋ ਗਿਆ ਹੈ। ਇਸ ਨਾਲ ਪਰਵਾਸੀਆਂ ਵੱਲੋਂ ਭਾਰਤ ਵਿੱਚ ਆਪਣੇ ਪਰਿਵਾਰਾਂ ਨੂੰ ਭੇਜੀ ਜਾਣ ਵਾਲੀ ਕਮਾਈ ਵਿੱਚ ਵੀ ਚੋਖਾ ਵਾਧਾ ਹੋਇਆ ਅਤੇ ਭਾਰਤ ਆਪਣੇ ਪਰਵਾਸੀ ਕਿਰਤੀਆਂ ਦੀ ਸਭ ਤੋਂ ਵੱਧ ਕਮਾਈ ਪ੍ਰਾਪਤ ਕਰਨ ਵਾਲਾ ਮੁਲਕ ਬਣ ਗਿਆ ਹੈ। ਹਾਲ ਹੀ ਵਿੱਚ ਕੈਨੇਡਾ ਦੀਆਂ ਆਵਾਸ ਨੀਤੀਆਂ ਵਿੱਚ ਤਬਦੀਲੀ ਆਉਣ ਕਰ ਕੇ ਅਤੇ ਅਮਰੀਕਾ ਦੀਆਂ ਆਵਾਸ ਨੀਤੀਆਂ ਵਿੱਚ ਸੰਭਾਵੀ ਰੱਦੋਬਦਲ ਕਰ ਕੇ ਭਾਰਤ ਉੱਪਰ ਪ੍ਰਭਾਵ ਪੈਣ ਦੇ ਆਸਾਰ ਹਨ, ਖ਼ਾਸਕਰ ਉਨ੍ਹਾਂ ਰਾਜਾਂ ‘ਤੇ ਜਿੱਥੋਂ ਵੱਡੀ ਗਿਣਤੀ ਵਿੱਚ ਪਰਵਾਸੀ ਦੂਜੇ ਮੁਲਕਾਂ ਵਿੱਚ ਜਾਂਦੇ ਹਨ। ਇਨ੍ਹਾਂ ਵਿੱਚ ਕੇਰਲਾ, ਗੁਜਰਾਤ, ਪੰਜਾਬ ਅਤੇ ਆਂਧਰਾ ਪ੍ਰਦੇਸ਼ ਜਿਹੇ ਸੂਬੇ ਸ਼ਾਮਲ ਹਨ।

ਬਹੁਤ ਸਾਰੇ ਅਰਥਸ਼ਾਸਤਰੀਆਂ ਅਤੇ ਆਲਮੀ ਸੰਸਥਾਵਾਂ ਵੱਲੋਂ ਭਾਰਤ ਦੀ ਸ਼ਾਨਦਾਰ ਆਰਥਿਕ ਕਾਰਕਰਦਗੀ ਵਿੱਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ (1991) ਦੀ ਭੂਮਿਕਾ ਦਾ ਜ਼ਿਕਰ ਕੀਤਾ ਜਾਂਦਾ ਹੈ। ਇਸ ਉੱਦਮ ਤਹਿਤ ਆਰਥਿਕ ਨੀਤੀ ਵਿੱਚ ਤਬਦੀਲੀ ਦੇ ਨਾਲ ਨਾਲ ਜੀ-7 ਮੁਲਕਾਂ ਨਾਲ ਭਾਰਤ ਦੇ ਰਿਸ਼ਤਿਆਂ ਦੀ ਮੁੜ ਵਿਉਂਤਬੰਦੀ ਵੀ ਕੀਤੀ ਗਈ ਸੀ। ਇਸ ਦਾ ਵਿਸਤਾਰ ਕਰਦਿਆਂ ਜੀ-20 ਮੀਟਿੰਗਾਂ ਵਿੱਚ ਭਾਰਤ ਦੀ ਹਿੱਸੇਦਾਰੀ ਨੂੰ ਕਾਰਗਰ ਬਣਾਇਆ ਗਿਆ। ਇਸ ਸਦਕਾ ਭਾਰਤ ਵੱਡੀ ਵਿਦੇਸ਼ੀ ਪੂੰਜੀ ਨੂੰ ਆਕਰਸ਼ਿਤ ਕਰਨ ਵਿੱਚ ਸਫ਼ਲ ਹੋ ਸਕਿਆ ਜਿਸ ਦੇ ਨਾਲ ਹੀ ਘਰੇਲੂ ਬੱਚਤਾਂ ਅਤੇ ਨਿਵੇਸ਼ ਦੀ ਉੱਚੀ ਦਰ ਦਾ ਇਸ ਨੂੰ ਫ਼ਾਇਦਾ ਹੋਇਆ। ਪਿਛਲੇ ਸਾਲ ਨਵੀਂ ਦਿੱਲੀ ਵਿੱਚ ਜੀ-20 ਮੀਟਿੰਗ ਵਿੱਚ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀਆਰਆਈ) ਦੇ ਮੁਕਾਬਲੇ ‘ਤੇ ਮੱਧ ਪੂਰਬ ਦੇ ਦੇਸ਼ਾਂ ਰਾਹੀਂ ਯੂਰਪ ਨੂੰ ਜੋੜਨ ਵਾਲਾ ਰੇਲ ਲਿੰਕ ਉਸਾਰਿਆ ਜਾਵੇ।ਵੱਡੀ ਤਾਦਾਦ ਵਿੱਚ ਪੜ੍ਹੇ ਲਿਖੇ ਭਾਰਤੀ ਹੁਨਰਮੰਦ ਤੇ ਅਰਧ ਹੁਨਰਮੰਦ ਕਾਮਿਆਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਮਿਲਦੀਆਂ ਰਹੀਆਂ ਹਨ। ਇਨ੍ਹਾਂ ਘਟਨਾਵਾਂ ਕਰ ਕੇ ਭਾਰਤੀ ਪਰਵਾਸੀ ਭਾਈਚਾਰੇ ਦਾ ਵਿਸਤਾਰ ਹੁੰਦਾ ਆ ਰਿਹਾ ਸੀ ਜਿਸ ਸਦਕਾ ਪਿਛਲੇ ਕੁਝ ਸਾਲਾਂ ਤੋਂ ਘਰੇਲੂ ਕਮਾਈ ਵਿੱਚ ਇਸ ਦਾ ਯੋਗਦਾਨ ਦੁਨੀਆ ਭਰ ਵਿੱਚ ਸਭ ਤੋਂ ਜ਼ਿਆਦਾ ਹੋ ਗਿਆ। ਆਰਥਿਕ ਨੀਤੀ ਵਿੱਚ ਸੰਤੁਲਨ ਕਾਇਮ ਰੱਖਣ ਅਤੇ ਦੇਸ਼ ਦੇ ਕੌਮਾਂਤਰੀ ਰਿਸ਼ਤਿਆਂ ਸਦਕਾ ਇਹ ਸੰਭਵ ਹੋਇਆ ਸੀ। ਸਾਲ 2000 ਵਿੱਚ ਭਾਰਤੀ ਪਰਵਾਸੀਆਂ ਦੀ ਗਿਣਤੀ 79 ਲੱਖ ਸੀ ਜੋ ਕਿ 2023 ਵਿੱਚ ਵਧ ਕੇ 1.89 ਕਰੋੜ ਹੋ ਗਈ ਸੀ। ਪਰਵਾਸੀ ਭਾਰਤੀਆਂ ਵੱਲੋਂ ਦੇਸ਼ ਵਿੱਚ ਭੇਜੀ ਜਾਂਦੀ ਕਮਾਈ ਕਰ ਕੇ ਉਨ੍ਹਾਂ ਦੇ ਪਰਿਵਾਰਾਂ ਦੇ ਖ਼ਪਤ ਮਿਆਰਾਂ ਵਿੱਚ ਵਾਧਾ ਹੁੰਦਾ ਹੈ ਅਤੇ ਨਾਲ ਹੀ ਮਕਾਨ ਉਸਾਰੀ ਅਤੇ ਕਾਰੋਬਾਰਾਂ ਵਿੱਚ ਨਿਵੇਸ਼ ਵਧਦਾ ਹੈ। ਭਾਰਤ ਦੀ ਵਿਦੇਸ਼ੀ ਮੁਦਰਾ ਦੀ ਕਮਾਈ ਵਿੱਚ ਉਨ੍ਹਾਂ ਵੱਲੋਂ ਵੱਡਾ ਯੋਗਦਾਨ ਦਿੱਤਾ ਜਾਂਦਾ ਹੈ।

ਪਰਵਾਸੀ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ (44.60 ਲੱਖ) ਅਮਰੀਕਾ ਵਿੱਚ ਹੈ। ਅਮਰੀਕਾ ਦੇ ਚਾਰ ਸਭ ਤੋਂ ਕਰੀਬੀ ਮੁਲਕਾਂ ਵਿੱਚ ਭਾਰਤੀ ਪਰਵਾਸੀਆਂ ਦੀ ਕੁੱਲ ਗਿਣਤੀ 86.49 ਲੱਖ ਹੈ ਜਿਨ੍ਹਾਂ ‘ਚ ਆਸਟਰੇਲੀਆ (4.96 ਲੱਖ), ਕੈਨੇਡਾ (16.89 ਲੱਖ), ਨਿਊਜ਼ੀਲੈਂਡ (2.40 ਲੱਖ) ਅਤੇ ਬਰਤਾਨੀਆ (17.64 ਲੱਖ) ਸ਼ਾਮਿਲ ਹਨ। ਮੱਧ ਪੂਰਬ ਇੱਕ ਹੋਰ ਖਿੱਤਾ ਹੈ ਜਿੱਥੇ ਸਭ ਤੋਂ ਵੱਧ ਭਾਰਤੀ ਪਰਵਾਸੀ ਮੌਜੂਦ ਹਨ। ਸੰਯੁਕਤ ਅਰਬ ਅਮੀਰਾਤ (ਯੂਏਈ), ਸਾਊਦੀ ਅਰਬ, ਓਮਾਨ, ਕੁਵੈਤ ਅਤੇ ਕਤਰ ਵਿੱਚ ਕੁੱਲ ਮਿਲਾ ਕੇ 85.77 ਲੱਖ ਭਾਰਤੀ ਪਰਵਾਸੀ ਹਨ। ਇਨ੍ਹਾਂ ਦੋਵੇਂ ਖਿੱਤਿਆਂ ਦੀਆਂ ਆਵਾਸ ਨੀਤੀਆਂ ਵਿੱਚ ਵੱਡਾ ਫ਼ਰਕ ਹੈ। ਪੱਛਮੀ ਮੁਲਕਾਂ ਵੱਲੋਂ ਪਰਵਾਸੀਆਂ ਨੂੰ ਸਥਾਈ ਤੌਰ ‘ਤੇ ਵਸਣ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਨਾਗਰਿਕਤਾ ਵੀ ਦਿੱਤੀ ਜਾਂਦੀ ਹੈ। ਖਾੜੀ ਦੇਸ਼ਾਂ ਵਿੱਚ ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਇਸ ਕਰ ਕੇ ਪੱਛਮੀ ਦੇਸ਼ ਪਰਵਾਸੀਆਂ ਦਾ ਪਸੰਦੀਦਾ ਟਿਕਾਣਾ ਬਣੇ ਹੋਏ ਹਨ। ਸਾਲ 2023 ਵਿੱਚ ਭਾਰਤ ਨੂੰ ਆਪਣੇ ਪਰਵਾਸੀਆਂ ਦੀ ਪ੍ਰਾਪਤ ਹੋਈ ਕੁੱਲ ਕਮਾਈ ਦਾ 35 ਫ਼ੀਸਦੀ ਤੋਂ ਵੱਧ ਹਿਸਾ ਅਮਰੀਕਾ ਤੇ ਇਸ ਦੇ ਚਾਰ ਕਰੀਬੀ ਮੁਲਕਾਂ ਤੋਂ ਆਇਆ ਸੀ। ਇਕੱਲੇ ਅਮਰੀਕਾ ਦਾ ਯੋਗਦਾਨ 23 ਫ਼ੀਸਦੀ ਹੈ ਜਿਸ ਤੋਂ ਬਾਅਦ ਭਾਰਤ ਦੀ 120 ਅਰਬ ਡਾਲਰ ਦੀ ਕੁੱਲ ਪਰਵਾਸੀ ਕਮਾਈ ਵਿੱਚ ਬਰਤਾਨੀਆ ਦਾ ਹਿੱਸਾ (6.8 ਫ਼ੀਸਦੀ), ਕੈਨੇਡਾ (2.4 ਫ਼ੀਸਦੀ), ਆਸਟਰੇਲੀਆ (1.9 ਫ਼ੀਸਦੀ) ਅਤੇ ਨਿਊਜ਼ੀਲੈਂਡ (ਇੱਕ ਫ਼ੀਸਦੀ ਤੋਂ ਘੱਟ) ਹੈ। ਪਰਵਾਸੀ ਭਾਰਤੀਆਂ ਦੀ ਦੇਸ਼ ਭੇਜੀ ਜਾਂਦੀ ਕਮਾਈ ਵਿੱਚ ਯੂਰਪ ਸਣੇ ਪੱਛਮੀ ਦੇਸ਼ਾਂ ਦਾ ਕੁੱਲ ਹਿੱਸਾ ਖਾੜੀ ਦੇਸ਼ਾਂ ਦੇ ਪਰਵਾਸੀਆਂ ਨਾਲੋਂ ਜ਼ਿਆਦਾ ਹੈ, ਜਿਨ੍ਹਾਂ ਦਾ ਕੁੱਲ ਹਿੱਸਾ 42 ਫ਼ੀਸਦੀ ਬਣਦਾ ਹੈ। ਭਾਰਤ ਨੂੰ ਪ੍ਰਾਪਤ ਹੋਣ ਵਾਲੀ ਆਪਣੇ ਪਰਵਾਸੀਆਂ ਦੀ ਕਮਾਈ ਵਿੱਚ 85 ਫ਼ੀਸਦੀ ਤੋਂ ਵੱਧ ਹਿੱਸਾ ਪੱਛਮੀ ਦੇਸ਼ਾਂ ਅਤੇ ਮੱਧ ਪੂਰਬ ਦੇ ਦੇਸ਼ਾਂ ਦੇ ਪਰਵਾਸੀਆਂ ਦਾ ਹੀ ਹੈ ਜਿਸ ਸਦਕਾ ਭਾਰਤ ਨੂੰ ਵਿਦੇਸ਼ੀ ਵਪਾਰ ਵਿਚਲਾ ਆਪਣਾ ਘਾਟਾ ਪੂਰਾ ਕਰਨ ਵਿੱਚ ਮਦਦ ਮਿਲਦੀ ਰਹੀ ਹੈ। ਪਰਵਾਸੀਆਂ ਵੱਲੋਂ ਭੇਜੀ ਜਾਂਦੀ ਕਮਾਈ ਦੇ ਸੂਬਾਵਾਰ ਅੰਕੜਿਆਂ ਵਿੱਚ ਪਹਿਲਾ ਸਥਾਨ ਕੇਰਲਾ ਦਾ ਹੈ ਜਿਸ ਤੋਂ ਬਾਅਦ ਮਹਾਰਾਸ਼ਟਰ, ਕਰਨਾਟਕ ਅਤੇ ਤਾਮਿਲ ਨਾਡੂ ਆਉਂਦੇ ਹਨ।

ਵੱਖ-ਵੱਖ ਦੇਸ਼ਾਂ ‘ਚ ਵੱਡੀ ਗਿਣਤੀ ਆਵਾਸੀ ਹੋਣ ਦੇ ਬਾਵਜੂਦ, ਪੰਜਾਬ ਅਜੇ ਵੀ ਇਨ੍ਹਾਂ ਸੂਬਿਆਂ ਤੋਂ ਪਿੱਛੇ ਹੈ। ਇਹ ਇਸ ਕਰ ਕੇ ਹੈ ਕਿਉਂਕਿ ਪਰਵਾਸੀ ਪੰਜਾਬੀ ਜ਼ਿਆਦਾਤਰ ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ ਤੇ ਹੋਰਨਾਂ ਮੁਲਕਾਂ ਵਿੱਚ ਹਨ, ਜਿੱਥੇ ਉਹ ਪੱਕੇ ਤੌਰ ‘ਤੇ ਵਸ ਗਏ ਹਨ ਤੇ ਸਮੇਂ ਦੇ ਨਾਲ-ਨਾਲ ਉੱਥੋਂ ਭੇਜੀ ਜਾਂਦੀ ਰਕਮ ਘਟਦੀ ਗਈ ਹੈ। ਕੇਰਲਾ ਦੇ ਬਹੁਤੇ ਪਰਵਾਸੀ ਜ਼ਿਆਦਾਤਰ ਯੂਏਈ ਤੇ ਹੋਰਨਾਂ ਅਰਬ ਮੁਲਕਾਂ ਵਿੱਚ ਹਨ ਜਿੱਥੇ ਉਹ ਪੱਕੇ ਤੌਰ ‘ਤੇ ਨਹੀਂ ਰਹਿ ਸਕਦੇ। ਇਸ ਕਰ ਕੇ ਉਹ ਘਰਾਂ ਨੂੰ ਪਿੱਛੇ ਜ਼ਿਆਦਾ ਪੈਸਾ ਭੇਜਦੇ ਹਨ।

ਦੂਜੇ ਮੁਲਕਾਂ ਵੱਲ ਹੁੰਦੇ ਪਰਵਾਸ ਨਾਲ ਭਾਰਤ ਸਿਰੋਂ ਪੜ੍ਹੇ-ਲਿਖਿਆਂ ਤੇ ਹੁਨਰਮੰਦਾਂ ਦੀ ਬੇਰੁਜ਼ਗਾਰੀ ਦਾ ਬੋਝ ਘਟਿਆ ਹੈ। ਭਾਰਤ ਦੇ ਪਰਵਾਸੀ ਨਾ ਸਿਰਫ਼ ਵੱਡੇ ਪੱਧਰ ‘ਤੇ ਵਿਦੇਸ਼ੀ ਮੁਦਰਾ ਵਟਾਂਦਰੇ ਤੋਂ ਹੁੰਦੀ ਕਮਾਈ ਦਾ ਸਰੋਤ ਹਨ ਸਗੋਂ ਨਾਲ ਹੀ ਵਿਦੇਸ਼ਾਂ ‘ਚ ਭਾਰਤੀ ਸੱਭਿਆਚਾਰ ਤੇ ਚੰਗਿਆਈ ਨੂੰ ਵੀ ਫੈਲਾਉਂਦੇ ਹਨ। ਉਹ ਵਿਦੇਸ਼ਾਂ ‘ਚ ਰਵਾਇਤੀ ਵਸਤਾਂ ਦੀ ਮੰਗ ਵੀ ਪੈਦਾ ਕਰਦੇ ਹਨ।

ਸੰਨ 1991 ਵਿੱਚ ਉਦਾਰੀਕਰਨ ਨੀਤੀ ਅਪਣਾਉਣ ਤੋਂ ਬਾਅਦ ਭਾਰਤ ਆਪਣੀਆਂ ਘਰੇਲੂ ਲੋੜਾਂ ਲਈ ਅਤੇ ਵਾਧੂ ਵਸਤਾਂ ਤੇ ਸੇਵਾਵਾਂ ਨੂੰ ਵਿਦੇਸ਼ਾਂ ‘ਚ ਲਾਹੁਣ ਲਈ ਦੂਜੇ ਅਰਥਚਾਰਿਆਂ ‘ਤੇ ਪਹਿਲਾਂ ਨਾਲੋਂ ਵੱਧ ਨਿਰਭਰ ਹੁੰਦਾ ਗਿਆ ਹੈ ਤੇ ਨਾਲ ਹੀ ਇਹ ਆਪਣੇ ਸਿੱਖਿਅਤ ਕਾਮਿਆਂ ਨੂੰ ਬਾਹਰ ਵੀ ਭੇਜਦਾ ਰਿਹਾ ਹੈ। ਇਹੀ ਕਾਰਨ ਹੈ ਕਿ ਪੱਛਮੀ ਮੁਲਕਾਂ ਦੀਆਂ ਆਵਾਸ ਨੀਤੀਆਂ ‘ਚ ਤਬਦੀਲੀਆਂ ਇਸ ‘ਤੇ ਗੰਭੀਰ ਅਸਰ ਪਾਉਂਦੀਆਂ ਹਨ।

ਕੈਨੇਡਾ ਦੀ ਆਵਾਸ ਨੀਤੀ ਵਿੱਚ ਹਾਲ ਹੀ ‘ਚ ਕਈ ਤਬਦੀਲੀਆਂ ਹੋਈਆਂ ਹਨ, ਜਿਵੇਂ ਕਿ ‘ਮਲਟੀਪਲ-ਐਂਟਰੀ’ ਵਿਜ਼ਟਰ ਵੀਜ਼ਾ ਸੀਮਤ ਕੀਤਾ ਗਿਆ ਹੈ। ਇੱਕ ਹੋਰ ਮਹੱਤਵਪੂਰਨ ਤਬਦੀਲੀ ਪੱਕੀ ਰਿਹਾਇਸ਼ (ਪੀਆਰ) ਪ੍ਰਵਾਨ ਕਰਨ ਦੀ ਤਜਵੀਜ਼ ਨਾਲ ਸਬੰਧਿਤ ਹੈ। ਇਸ ਤੋਂ ਪਹਿਲਾਂ ਜਿਹੜੇ ਵਿਦਿਆਰਥੀ ਆਪਣੀਆਂ ਡਿਗਰੀਆਂ ਜਾਂ ਡਿਪਲੋਮੇ ਪੂਰੇ ਕਰ ਲੈਂਦੇ ਸਨ, ਉਨ੍ਹਾਂ ਨੂੰ ਆਰਜ਼ੀ ਕੰਮ ਕਰਨ ਦੀ ਖੁੱਲ੍ਹ (ਵਰਕ ਪਰਮਿਟ) ਮਿਲ ਜਾਂਦੀ ਸੀ ਤੇ ਕੁਝ ਸਮੇਂ ਬਾਅਦ ਪੀਆਰ ਵੀ ਮਿਲ ਜਾਂਦੀ ਸੀ। ਇਹ ਪ੍ਰਕਿਰਿਆ ਹੁਣ ਸਖ਼ਤ ਕਰ ਦਿੱਤੀ ਗਈ ਹੈ ਤੇ ਬਹੁਤ ਘੱਟ ਗਿਣਤੀ ਵਿਦਿਆਰਥੀ ਹੀ ਪੀਆਰ ਲੈ ਸਕਣਗੇ, ਸ਼ਰਤ ਇਹ ਹੋਵੇਗੀ ਕਿ ਉਨ੍ਹਾਂ ਕੋਲ ਉਹ ਹੁਨਰ ਹੋਵੇ ਜਿਸ ਲਈ ਕੈਨੇਡਾ ਨੂੰ ਆਪਣੇ ਨਾਗਰਿਕਾਂ ਵਿੱਚੋਂ ਕਾਮੇ ਨਾ ਮਿਲ ਰਹੇ ਹੋਣ।

ਪਿਛਲੇ ਸਾਲ ਕੈਨੇਡਾ ਨੇ ਅਕਾਦਮਿਕ ਸੰਸਥਾਵਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਦੀ ਸ਼ਰਤ ਦੇ ਤੌਰ ‘ਤੇ ਰਹਿਣ-ਸਹਿਣ ਦੇ ਖਰਚਿਆਂ ਲਈ ਅਗਾਊ ਜਮ੍ਹਾਂ ਹੁੰਦੀ ਰਕਮ ਦੀ ਜ਼ਰੂਰਤ ਨੂੰ ਦੁੱਗਣਾ ਕਰ ਦਿੱਤਾ ਸੀ। ਪੀਆਰ ਦੇ ਨਿਯਮਾਂ ਤੇ ਵੀਜ਼ਾ ਨੀਤੀ ਵਿੱਚ ਆਈਆਂ ਤਬਦੀਲੀਆਂ ਕਾਰਨ ਭਾਰਤੀਆਂ ਸਣੇ ਵੱਡੀ ਗਿਣਤੀ ਵਿਦੇਸ਼ੀ ਵਿਦਿਆਰਥੀਆਂ ਅੱਗੇ ਪੜ੍ਹਾਈ ਤੋਂ ਬਾਅਦ ਕੈਨੇਡਾ ‘ਚੋਂ ਕੱਢੇ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਹੈ।ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੇ ਵਿਦਿਆਰਥੀਆਂ ਤੇ ਵਰਕਰਾਂ ਲਈ ਕੈਨੇਡਾ ਪਸੰਦੀਦਾ ਟਿਕਾਣਾ ਬਣਿਆ ਹੋਇਆ ਸੀ। ਪਿਛਲੇ ਸਾਲ (2023 ਵਿੱਚ) ਕੈਨੇਡਾ ‘ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 4.27 ਲੱਖ ਸੀ ਜਿਨ੍ਹਾਂ ਵਿੱਚੋਂ 1.47 ਲੱਖ (41 ਫ਼ੀਸਦੀ) ਪੰਜਾਬ ਤੋਂ ਸਨ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਪੰਜਾਬੀ ਅਜਿਹੇ ਹਨ, ਜਿਨ੍ਹਾਂ ਕੋਲ ਆਰਜ਼ੀ ਰਿਹਾਇਸ਼ੀ ਪਰਮਿਟ ਹਨ ਜੋ ਕਿ ਮੁੱਕਣ ਵਾਲੇ ਹਨ। ਇਨ੍ਹਾਂ ਵਿੱਚੋਂ ਡੇਢ ਲੱਖ ਤੋਂ ਵੱਧ ਅਜਿਹੇ ਹਨ, ਜੋ ਡਿਪੋਰਟ ਹੋਣ ਦੇ ਖ਼ਤਰੇ ਨਾਲ ਜੂਝ ਰਹੇ ਹਨ। ਇਨ੍ਹਾਂ ‘ਚੋਂ ਕਈ ਆਪਣੀਆਂ ਮੁਸ਼ਕਿਲਾਂ ਦੱਸਣ ਲਈ ਕੈਨੇਡਾ ਭਰ ‘ਚ ਰੋਸ ਮੁਜ਼ਾਹਰੇ ਕਰ ਰਹੇ ਹਨ, ਪਰ ਕੋਈ ਵੀ ਇਨ੍ਹਾਂ ਦਾ ਦੁੱਖ ਸੁਣਨ ਲਈ ਤਿਆਰ ਨਹੀਂ ਹੈ।ਅਮਰੀਕਾ ਦੀ ਹਾਲੀਆ ਚੋਣ ਨੇ ਡੋਨਲਡ ਟਰੰਪ ਦੀ ਸੱਤਾ ‘ਚ ਵਾਪਸੀ ਕਰਵਾ ਦਿੱਤੀ ਹੈ। ਉਹ ‘ਅਮਰੀਕਾ ਫਸਟ’ ਦੀ ਨੀਤੀ ਉੱਤੇ ਚੱਲ ਰਿਹਾ ਹੈ ਤੇ ਸ਼ਾਇਦ ਆਵਾਸ ਨੀਤੀਆਂ ਸਖ਼ਤ ਕਰ ਸਕਦਾ ਹੈ। ਕਈ ਹੋਰ ਪੱਛਮੀ ਮੁਲਕਾਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਦੇ ਸੰਕੇਤ ਨਜ਼ਰ ਆ ਰਹੇ ਹਨ। ਇਸ ਨਾਲ ਪਰਵਾਸੀ ਭਾਰਤੀ ਭਾਈਚਾਰੇ ਅਤੇ ਭਾਰਤ ਨੂੰ ਭੇਜੀ ਜਾ ਰਹੀ ਕਮਾਈ ‘ਤੇ ਗੰਭੀਰ ਅਸਰ ਪੈਣੇ ਤੈਅ ਹਨ।

ਕੈਨੇਡਾ ‘ਚ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਬਚਾਉਣ ਦੀ ਫੌਰੀ ਲੋੜ ਹੈ, ਜੋ ਉੱਥੇ ਪੱਕੇ ਤੌਰ ‘ਤੇ ਵਸਣ ਦੀਆਂ ਖ਼ਾਹਿਸ਼ਾਂ ਲੈ ਕੇ ਗਏ ਹਨ। ਜੇਕਰ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਨੂੰ ਪੰਜਾਬ ਵਾਪਸ ਆਉਣ ਲਈ ਮਜਬੂਰ ਕਰ ਦਿੱਤਾ ਗਿਆ ਤਾਂ ਬਹੁਤ ਵੱਡੀ ਸਮੱਸਿਆ ਖੜ੍ਹੀ ਹੋਵੇਗੀ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਨੂੰ ਇੱਕ ਵਿਹਾਰਕ ਹੱਲ ਲਈ ਤੁਰੰਤ ਕੇਂਦਰ ਸਰਕਾਰ ਵੱਲੋਂ ਉਠਾਏ।

# ਰੁਜ਼ਗਾਰ ਦੇ ਘਟਦੇ ਮੌਕੇ ਅਤੇ ਵਧਦੀ ਬੇਚੈਨੀ

ਮਨਦੀਪ

ਕਰੋਨਾ ਮਹਾਮਾਰੀ ਤੋਂ ਬਾਅਦ ਮੱਧ ਪੂਰਬੀ ਖਿੱਤੇ ਦੇ ਜੰਗੀ/ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਰੂਸ ਯੂਕਰੇਨ ਅਤੇ ਇਜ਼ਰਾਈਲ ਫ਼ਲਸਤੀਨ ਜੰਗ ਜਿੱਥੇ ਹੋਰ ਲੰਮੀ ਖਿੱਚੀ ਜਾ ਰਹੀ ਹੈ ਉੱਥੇ ਮੱਧ ਪੂਰਬੀ ਖਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਸੰਸਾਰ ਦੀਆਂ ਮਹਾਂ ਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਜੰਗਾਂ ਵਿੱਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆ ਦੇ ਸਾਰੇ ਮੁਲਕਾਂ ਨੂੰ ਇਨ੍ਹਾਂ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿੱਚ ਮਸਰੂਫ਼ ਹਨ।

ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਚੀਨ ਭਾਵੇਂ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪੋ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਨ੍ਹਾਂ ਤਾਕਤਾਂ ਦੀ ਨੂਰਾ ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਪਿਸ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਨ੍ਹਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਕ ਨੀਤੀਆਂ ਕਰ ਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪਰਵਾਸ ਸੰਕਟ ਲਗਾਤਾਰ ਹੋਰ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ ਵਿੱਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ ਪਰ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਲਪੇਟ ਵਿੱਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿੱਚ ਬੇਸ਼ੁਮਾਰ ਪਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਨ੍ਹਾਂ ਮੁਲਕਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿੱਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਨ੍ਹਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾ ਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ।

ਸਾਮਰਾਜੀ ਮੁਲਕਾਂ ਦੇ ਇਨ੍ਹਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋੜਵੇਂ ਰੂਪ ਵਿੱਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਇਨ੍ਹਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿੱਚ ਆਈ ਤੇਜ਼ੀ ਵਿੱਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪਰਵਾਸੀ ਕਿਰਤ ਦੀ ਵਰਤੋਂ ਨਾਲ ਇਨ੍ਹਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰ ਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿੱਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ।ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀਆਂ ਝਗੜਿਆਂ ਕਾਰਨ ਵਪਾਰਕ ਸਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲ ਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇ ਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿੱਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿੱਚ ਹੋਏ ਬੇਸ਼ੁਮਾਰ ਵਾਧੇ ਕਰ ਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰ ਕੇ ਕਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਿਲ ਹੋ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆਂ ਵਿੱਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ।

ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰ ਕੇ ਲਾਗਤਾਂ ਨੂੰ ਘੱਟ ਕੀਤਾ ਹੈ; ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ ਜਿਸ ਨਾਲ ਰੁਜ਼ਗਾਰ ਸੰਕਟ ਹੋਰ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਵੱਧ 6.5% ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਨ੍ਹਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।ਅਰਧ ਬੇਰੁਜ਼ਗਾਰੀ ਵਿੱਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨਾਂ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ-ਟਾਈਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਫਾਈਵ ਆਈਜ਼' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ ਜਿਨ੍ਹਾਂ ਵੱਲ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿੱਚੋਂ ਪਰਵਾਸ ਦਾ ਵਹਿਣ ਸਭ ਤੋਂ ਵੱਧ ਵਹਿ ਰਿਹਾ ਹੈ ਅਤੇ ਇਨ੍ਹਾਂ ਮੁਲਕਾਂ ਵਿੱਚ ਨਵੇਂ ਪਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪੰਜਾਂ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸ ਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿੱਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਮੁਲਕਾਂ ਵਿੱਚ ਨਸਲੀ ਵਿਤਕਰੇ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ ਅਤੇ ਕਿਰਤ ਕਰਨ ਵਾਲਿਆਂ ਵਿੱਚ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਹੋ ਰਿਹਾ ਹੈ।ਹਾਲਤ ਦਾ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪਰ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰ ਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਲੁੜਕ ਰਹੀ ਹੈ। ਇਨ੍ਹਾਂ ਦੇਸ਼ਾਂ ਵਿੱਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ। ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿੱਚ ਇਕਸਾਰ ਤੇਜ਼ ਹੋ ਰਿਹਾ ਹੈ।ਸਾਮਰਾਜੀ ਦੇਸ਼ਾਂ ਵਿੱਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੌਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਿਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਈਮ ਨੌਕਰੀਆਂ ਲੱਭਣਾ ਸਭ ਤੋਂ ਵੱਧ ਔਖਾ ਕਾਰਜ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ, 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 10.7% ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿੱਚ ਹੈ। ਵਿਦੇਸ਼ਾਂ ਵਿੱਚ ਹੋਰਾਂ ਮੁਲਕਾਂ ਦੀ ਤੁਲਨਾ ਵਿੱਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉਭਰਵੇਂ ਰੂਪ ਵਿੱਚ ਸੁਰਖੀਆਂ ਵਿੱਚ ਰਹਿੰਦੀਆਂ ਹਨ। ਇਸ ਦਾ ਉਘੜਵਾਂ ਕਾਰਨ ਭਾਰਤ ਵਿੱਚ ਨੌਜਵਾਨਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ।

ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਚੀਨ ਭਾਵੇਂ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪੋ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ। ਇਨ੍ਹਾਂ ਤਾਕਤਾਂ ਦੀ ਨੂਰਾ ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਪਿਸ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਨ੍ਹਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਕ ਨੀਤੀਆਂ ਕਰ ਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪਰਵਾਸ ਸੰਕਟ ਲਗਾਤਾਰ ਹੋਰ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।



# ਪੰਜਾਬ ਵਿਚ ਕੈਂਸਰ ਦਾ ਕਾਰਨ ਖੇਤੀ ਰਸਾਇਣ ਨਹੀਂ



ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਦੇਸ਼ ਦੇ ਅੰਨ ਭੰਡਾਰ ਤਾਂ ਭਰ ਦਿੱਤੇ ਅਤੇ ਦੇਸ਼ ਦੇ ਲੋਕਾਂ ਦੇ ਢਿੱਡ ਭਰਨ ਤੋਂ ਫਾਲਤੂ ਅੰਨ ਪੈਦਾ ਕਰ ਦਿੱਤਾ। ਇਹਨਾਂ ਹੀ ਨਹੀਂ ਦੇਸ਼ ਦੇ ਚੌਲ 129 ਦੇਸ਼ਾਂ ਵਿੱਚ ਜਾ ਰਹੇ ਹਨ ਅਤੇ ਕਣਕ ਦੀ ਮੰਗ ਵੀ ਯੂਕਰੇਨ ਦੀ ਲੜਾਈ ਸਮੇਂ ਜਦੋਂ ਭਾਰਤ ਨੇ ਕਣਕ ਦੀ ਬਰਾਮਦ ਬੰਦ ਕੀਤੀ ਤਾਂ ਯੂਰਪੀ ਦੇਸ਼ਾਂ ਨੇ ਇਸ ਫੈਸਲੇ ਖਿਲਾਫ ਰੌਲਾ ਪਾਇਆ ਅਤੇ ਆਈ ਐਮ ਐਫ ਦੀ ਡਿਪਟੀ ਮੈਨੇਜਿੰਗ ਡਾਇਰੈਕਟਰ, ਗੀਤਾ ਗੋਪੀਨਾਥ ਨੇ ਇਹ ਵੀ ਕਿਹਾ ਕਿ ਇਸ ਵਕਤ ਇਹ ਫੈਸਲਾ ਠੀਕ ਨਹੀਂ। ਭਾਵ ਕਣਕ ਦੀ ਬਰਾਮਦ ਰੋਕਣ ਨਾਲ ਦੁਨੀਆਂ ਵਿੱਚ ਕਣਕ ਦੇ ਭਾਅ ਵੱਧ ਜਾਣਗੇ।ਪਰ ਇਸ ਸਾਰੇ ਦੇ ਬਾਵਜੂਦ ਦੇਸ਼ ਅੰਦਰ ਇਕ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਪੰਜਾਬ ਦੀਆਂ ਜ਼ਮੀਨਾਂ ਅਤੇ ਧਰਤੀ ਹੇਠਲੇ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵਧਾ ਦਿੱਤੀ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਖਰਾਬ ਹੋ ਗਈ ਅਤੇ ਏਥੇ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੈ। ਇਸ ਪਰਚੇ ਵਿੱਚ ਮੈਂ ਇਸ ਗੱਲ ਦਾ ਵਿਸ਼ਲੇਸ਼ਣ ਕਰਾਂਗਾ ਕਿ ਅਜੇ ਤੱਕ ਖਾਦਾਂ ਅਤੇ ਪੈਸਟੀਸਾਈਡ ਦੀ ਵਰਤੋਂ ਨਾਲ ਨਾਂ ਜ਼ਮੀਨ ਦੀ ਸਿਹਤ ਖਰਾਬ ਹੋਈ ਨਾ ਪਾਣੀ ਪਲੀਤ ਹੋਇਆ ਅਤੇ ਨਾ ਹੀ ਏਥੇ ਪੈਦਾ ਹੋਣ ਵਾਲੇ ਅਨਾਜ। ਸਮੱਸਿਆ ਕਿਤੇ ਹੋਰ ਹੈ ਇਲਜ਼ਾਮ ਕਿਤੇ ਹੋਰ ਲਗਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਹਿਮੰਡ ਵਿੱਚ 119 ਤੱਤਾਂ (ਐਲੀਮੈਂਟ) ਦੀ ਸ਼ਨਾਖਤ ਹੋਈ ਹੈ। ਤੱਤ ਤੋਂ ਭਾਵ ਹੈ ਜਿਸ ਤਰ੍ਹਾਂ ਕਾਰਬਨ, ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ ਵਗੈਰਾ ਹਨ। ਇਹਨਾਂ ਵਿੱਚੋਂ 95 ਕੁਦਰਤੀ ਤੌਰ 'ਤੇ ਹਨ ਅਤੇ ਬਾਕੀ 24 ਨਿਊਕਲੀਅਰ ਰਿਐਕਟਰਾਂ ਨਾਲ ਲੈਬਾਰਟਰੀਆਂ ਵਿੱਚ ਬਣਾਏ ਗਏ ਹਨ। ਜਿਹੜੇ ਤੱਤਾਂ ਦਾ ਅਟੋਮਿਕ ਭਾਰ ਜ਼ਿਆਦਾ ਹੈ ਅਤੇ ਇਹਨਾਂ ਦੀ ਘੱਣਤਾ 5 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਤੋਂ ਵੱਧ ਹੈ, ਉਹਨਾਂ ਨੂੰ ਭਾਰੀਆਂ ਧਾਤਾਂ ਵੀ ਕਿਹਾ ਜਾਂਦਾ ਹੈ। ਇਹ ਭਾਰੀਆਂ ਧਾਤਾਂ ਮਿੱਥੀ ਹੱਦ ਤੋਂ ਵੱਧ ਪੌਦਿਆਂ ਅਤੇ ਜੀਵ ਜੰਤੂਆਂ ਨੂੰ ਨੁਕਸਾਨਦਾਇਕ ਹਨ। ਇਹ ਭਾਰੀਆਂ ਧਾਤਾਂ (ਤੱਤ ਜਾਂ ਐਲੀਮੈਂਟ) ਥੋੜੀ ਬਹੁਤੀ ਮਾਤਰਾ ਵਿੱਚ ਹਰ ਜ਼ਮੀਨ ਵਿੱਚ ਪਾਏ ਜਾਂਦੇ ਹਨ। ਏਸੇ ਤਰ੍ਹਾਂ ਜ਼ਮੀਨ ਵਿੱਚ ਉੱਗਣ ਵਾਲੇ ਪੌਦੇ ਵਿੱਚ ਵੀ ਤਕਰੀਬਨ 70 ਤੱਤ ਪਾਏ ਜਾਂਦੇ ਹਨ ਭਾਵੇਂ ਪੌਦੇ ਲਈ ਜ਼ਰੂਰੀ ਸਿਰਫ 16 ਤੱਤ ਹੀ ਹੁੰਦੇ ਹਨ ਕਿਉਂਕਿ ਇਹ ਤੱਤ ਜ਼ਮੀਨ ਵਿੱਚ ਹੁੰਦੇ ਹਨ ਇਸਲਈ ਕੁਝ ਮਾਤਰਾ ਵਿੱਚ ਇਹ ਤੱਤ ਬੂਟੇ ਨੂੰ ਜ਼ਰੂਰਤ ਨਾ ਹੋਣ ਦੇ ਬਾਵਜ਼ੂਦ ਵੀ ਅੰਦਰ ਚਲੇ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਤੱਤ ਲੋੜ ਤੋਂ ਵੱਧ ਮਾਤਰਾ ਵਿੱਚ ਜ਼ਹਿਰੀਲੇ ਹਨ ਜੋ ਹੌਲੀ-2 ਕੈਂਸਰ ਜਾਂ ਹੋਰ ਬੀਮਾਰੀਆਂ ਦਾ ਕਾਰਨ ਬਣਦੇ ਹਨ।

ਪੰਜਾਬ ਦੀਆਂ ਜ਼ਮੀਨਾਂ ਵਿੱਚ ਭਾਰੀ ਧਾਤਾਂ ਦੀ ਮਾਤਰਾ:- ਪੰਜਾਬ ਵਿੱਚ ਵੱਖ-2 ਸਾਇੰਸਦਾਨਾਂ ਨੇ ਮਿੱਟੀ ਪਰਖ ਕਰਕੇ ਪੰਜਾਬ ਦੀਆਂ ਜ਼ਮੀਨਾਂ ਵਿੱਚ ਭਾਰੀਆਂ ਧਾਤਾਂ ਦੇ ਜੋ ਅੰਕੜੇ ਦਿੱਤੇ ਹਨ ਉਹ ਇਸ ਪ੍ਰਕਾਰ ਹਨ। ਐਲੂਮੀਨੀਅਮ 11542 ਮਿਲੀ ਗ੍ਰਾਮ ਪ੍ਰਤੀ ਕਿਲੋ (ਜਾਂ 10 ਲੱਖ ਵਿੱਚੋਂ ਹਿੱਸੇ); ਲੋਹਾ 1038; ਵਨੇਡੀਅਨ 1289; ਮੈਨਗਨੀਜ਼ 154-422.1। ਸਿੱਕਾ 0.4 ਤੋਂ 118; ਤਾਂਬਾ 0.4 ਤੋਂ 58.1; ਕੋਬਾਲਟ 0.1 ਤੋਂ 19.2; ਨਿਕਲ 3.9 ਤੋਂ 27.9; ਕੈਡਮੀਅਮ 0.1 ਤੋਂ 30.0; ਕਰੋਮੀਅਮ ਨਾਮਾਤਰ (ਪਰਖਿਆ ਨਹੀਂ ਜਾ ਸਕਦਾ) ਤੋਂ 75.7;ਆਰਸੇਨਿਕ 1.7; ਜਿੰਕ 0.1 ਤੋਂ 98.1ਮਿ:ਗ/ਕਿਲੋ। ਇਹਨਾਂ ਵਿੱਚ ਕੁਝ ਤੱਤ/ਧਾਤਾਂ ਪੌਦਿਆਂ ਲਈ ਜ਼ਰੂਰੀ ਹਨ ਜਿਵੇਂ ਕਿ ਲੋਹਾ, ਤਾਂਬਾ, ਮੈਗਨੀਜ਼ ਅਤੇ ਜ਼ਿੰਕ। ਅੱਜ ਤੱਕ ਜਿੰਨੇ ਵੀ ਖੋਜ ਪੱਤਰ ਆਏ ਹਨ ਤਕਰੀਬਨ ਸਾਰਿਆਂ ਨੇ ਹੀ ਇਹੋ ਕਿਹਾ ਹੈ ਅਜੇ ਤੱਕ ਸਾਰੇ ਹੀ ਉਪਰੋਕਤ ਤੱਤ ਜ਼ਮੀਨ ਵਿੱਚ ਮਿੱਥੀ ਹੱਦ ਤੋਂ ਘੱਟ ਹਨ, ਸਿਰਫ 1-2 ਥਾਵਾਂ 'ਤੇ ਕੈਡਮੀਅਮ ਅਤੇ ਸਿੱਕਾ ਮਿੱਥੀ ਹੱਦ ਤੋਂ ਥੋੜਾ ਵੱਧ ਹਨ।

ਇਹਨਾਂ ਤੱਤਾਂ ਦਾ ਜ਼ਮੀਨ ਵਿੱਚ ਸਰੋਤ:- ਇਹਨਾਂ ਤੱਤਾਂ ਦਾ ਮੁੱਖ ਸਰੋਤ ਚੱਟਾਨਾਂ ਹਨ, ਜਿਹਨਾਂ ਤੋਂ ਇਹ ਜ਼ਮੀਨ ਬਣੀ ਹੈ। ਮੇਰਾ ਕਹਿਣ ਦਾ ਭਾਵ ਕਿ ਮੁੱਖ ਸਰੋਤ ਕੁਦਰਤੀ ਹੈ ਜਾਂ ਕਹਿ ਲਓ ਕਿ ਜ਼ਮੀਨ ਦੀ ਬਣਤਰ ਦਾ ਹਿੱਸਾ ਹਨ। ਜਿਵੇਂ ਚੀਕਣੀ ਮਿੱਟੀ (ਚਲਓ) ਨੂੰ ਰਸਾਇਣਿਕ ਵਿਗਿਆਨ ਦੀ ਭਾਸ਼ਾ ਵਿੱਚ ਅਲਮੀਨੋ ਸਿਲੀਕੇਟ (ਐਲੂਮੀਨੀਅਮ ਅਤੇ ਸਿਲੀਕਾ) ਕਿਹਾ ਜਾਂਦਾ ਹੈ। ਬਾਕੀ ਦੀਆਂ ਧਾਤਾਂ ਇਹਦੇ ਨਾਲ ਜੁੜੀਆਂ ਹੁੰਦੀਆਂ ਹਨ।

ਇਹਨਾਂ ਧਾਤਾਂ ਦਾ ਦੂਜਾ ਸਰੋਤ ਹੈ ਜ਼ਮੀਨ ਵਿੱਚ ਬੰਦੇ ਵੱਲੋਂ ਹਰ ਫਾਲਤੂ ਚੀਜ਼ ਜ਼ਮੀਨ ਵਿੱਚ ਸੁੱਟਣਾ ਜਾਂ ਦੱਬਣਾ। ਮੁੱਖ ਤੌਰ 'ਤੇ ਜਿਨ੍ਹਾਂ ਵੀ ਆਦਮੀਆਂ ਅਤੇ ਜਾਨਵਰਾਂ ਦਾ ਵੇਸਟ ਹੈ ਉਹ ਸਾਰਾ ਧਰਤੀ ਵਿੱਚ ਹੀ ਜਾਂਦਾ ਹੈ ਜਿਹੜਾ ਬਾਇਉਲਾਜੀਕਲ ਵੇਸਟ ਹੈ ਉਹ ਧਰਤੀ ਵਿੱਚ ਗਲ ਕੇ ਧਰਤੀ ਦਾ ਹਿੱਸਾ ਬਣ ਜਾਂਦਾ ਹੈ ਪਰ ਜਿਹੜਾ ਵੇਸਟ ਕਾਰਖਾਨਿਆਂ ਦਾ ਹੈ ਉਹ ਗਲ ਕੇ ਧਰਤੀ ਵਿੱਚ ਸਮਾਉਂਦਾ ਨਹੀਂ ਅਤੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ।

ਖੇਤੀ ਵਿੱਚ ਵਰਤੋਂ ਵਾਲੇ ਰਸਾਇਣਾਂ ਦਾ ਪ੍ਰਦੂਸ਼ਨ:- ਖੇਤੀ ਵਿੱਚ ਦੋ ਤਰ੍ਹਾਂ ਦੇ ਰਸਾਇਣ ਵਰਤੇ ਜਾਂਦੇ ਹਨ। ਬੂਟਿਆਂ ਦੇ ਖੁਰਾਕੀ ਤੱਤ ਜਿਹਨਾਂ ਨੂੰ ਖਾਦਾਂ ਜਾਂ ਫਰਟੀਲਾਈਜ਼ਰ ਕਹਿੰਦੇ ਹਨ ਅਤੇ ਦੂਜੇ ਪੈਸਟੀਸਾਈਡ ਜੋ ਫਸਲ ਨੂੰ ਕੀੜੇ, ਬੀਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਹਨ, ਖਾਦਾਂ ਮੁੱਖ ਤੌਰ 'ਤੇ ਯੂਰੀਆ ਡੀ ਏ ਪੀ, ਮਿਊਰੇਟ ਆਫ ਪੋਟਾਸ਼ ਅਤੇ ਜ਼ਿੰਕ ਸਲਫੇਟ ਹੀ ਜ਼ਮੀਨ ਵਿੱਚ ਪਾਈਆਂ ਜਾਂਦੀਆਂ ਹਨ। ਇਹਨਾਂ ਵਿੱਚ ਭਾਰੀਆਂ ਧਾਤਾਂ ਜ਼ਿੰਕ ਨੂੰ ਛੱਡ ਕੇ ਹੋਰ ਕਿਸੇ ਵੀ ਖਾਦ ਦਾ ਅੰਗ ਨਹੀਂ ਹਨ ਪਰ ਕਿਉਂਕਿ ਡੀ ਏ ਪੀ (ਰਾਕ ਫਾਸਪੇਟ) ਅਤੇ ਮਿਉਰੇਟ ਆਫ ਪੋਟਾਸ਼ ਖਾਣਾ ਵਿੱਚੋਂ ਲਏ ਮਿਨਰਲਾਂ ਤੋਂ ਬਣਦੀ ਹੈ, ਇਸ ਕਰਕੇ ਉਸ ਦੀ ਸਫਾਈ ਕਰਨ ਵੇਲੇ ਬਹੁਤ ਘੱਟ ਮਾਤਰਾ ਵਿੱਚ ਭਾਰੀਆਂ ਧਾਤਾਂ ਰਹਿ ਸਕਦੀਆਂ ਹਨ। ਯੂਰੀਏ ਵਿੱਚ ਔਸਤ 1.8 ਮਿਲੀ ਗ੍ਰਾਮ ਪ੍ਰਤੀ ਕਿਲੋ (ਮ:/ਕਿ) ਸਿੱਕਾ; 2.8 ਮ:/ਕਿ ਕਰੋਮੀਅਮ; 2.6 ਮ:/ਕਿ ਨਿੱਕਲ; 0.25 ਮ:/ਕਿ ਕੈਡਮੀਅਮ; 0.16 ਮ:/ਕਿ ਕੋਬਾਲਟ ਪਾਇਆ ਜਾਂਦਾ ਹੈ। ਇਸ ਦਾ ਮਤਲਬ ਸਾਰੀਆਂ ਧਾਤਾਂ ਮਿਲਾ ਕੇ ਵੀ 7.61 ਮ:/ਕਿ ਪ੍ਰਤੀ ਕਿਲੋ ਬਣਦੀਆਂ ਹਨ। ਜਿਸ ਦਾ ਮਤਲਬ ਜੇ ਤਿੰਨ ਬੋਰੀਆਂ ਯੂਰੀਏ ਦੀਆਂ ਝੋਨੇ ਅਤੇ ਤਿੰਨ ਹੀ ਕਣਕ ਨੂੰ ਪਾਈਏ ਤਾਂ ਸਾਲ ਵਿੱਚ 2 ਗ੍ਰਾਮ ਭਾਰੀਆਂ ਧਾਤਾਂ ਖੇਤ ਵਿੱਚ ਜਾਂਦੀਆਂ ਹਨ। ਡੀ ਏ ਪੀ ਵਿੱਚ ਇਹ ਧਾਤਾਂ ਔਸਤ ਇਸ ਪ੍ਰਕਾਰ ਹਨ ਸਿੱਕਾ 8.2 ਮ:/ਕਿ; ਕਰੋਮੀਅਮ 13.0 ਮ:/ਕਿ; ਨਿੱਕਲ 14.8 ਮ:/ਕਿ; ਕੈਡਮੀਅਮ 6.3 ਮ:/ਕਿ ਅਤੇ ਕੋਬਾਲਟ 8.2 ਮ:/ਕਿਲੋ। ਇਸ ਦੀ ਸਿਫਾਰਸ਼ 50 ਕਿਲੋ ਕਣਕ ਅਤੇ 25 ਕਿਲੋ ਝੋਨੇ ਨੂੰ ਕੀਤੀ ਜਾਂਦੀ ਹੈ। ਇਹ 75 ਕਿਲੋ ਡੀ ਏ ਪੀ ਵਿੱਚ 3.8 ਗ੍ਰਾਮ ਬਣਦੀਆਂ ਹਨ। ਭਾਵ ਦੋਨੋਂ ਤਰ੍ਹਾਂ ਦੀਆਂ ਖਾਦਾਂ ਮਿਲਾ ਕੇ ਵੀ 6 ਗ੍ਰਾਮ ਪ੍ਰਤੀ ਏਕੜ (ਇਕ ਤੋਲੇ ਵਿੱਚ 10 ਗ੍ਰਾਮ) ਅੱਗੇ ਇਹ 6 ਗਰਾਮ ਇਕ ਹਜ਼ਾਰ ਟਨ ਮਿੱਟੀ (ਹਲ ਦੀ ਵਾਹ ਤੱਕ) ਵਿੱਚ ਰਲਨਾ ਹੈ , ਜਿਸ ਵਿੱਚ ਅੱਗੋਂ ਫਿਰ ਜੀਵਕ ਮਾਦੇ ਅਤੇ ਚੀਕਣੀ ਮਿੱਟੀ ਨੇ ਇਸ ਦੀ ਪਕੜ ਕਰਨੀ ਹੈ। ਇਸ ਲਈ ਖਾਦਾਂ ਵਿੱਚ ਦੀ ਭਾਰੀਆਂ ਧਾਤਾਂ ਦਾ ਜ਼ਮੀਨ ਵਿੱਚ ਇਕੱਠਾ ਹੋਣਾ ਅਤੇ ਇਸ ਦਾ ਧਰਤੀ ਹੇਠਲੇ ਪਾਣੀ ਨੂੰ ਖਰਾਬ ਕਰਨ ਦਾ ਜਾਂ ਬੂਟੇ ਵਿੱਚ ਜਾ ਕੇ ਖਰਾਬ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਨਾਈਟਰੇਟ ਪਾਣੀ ਵਿੱਚ ਆਉਂਦੇ ਹਨ ਉਹ ਬੰਦਿਆਂ ਅਤੇ ਪਸ਼ੂਆਂ ਦੇ ਮਲ ਮੂਤਰ ਤੋਂ ਆਉਂਦੇ ਹਨ ਨਾ ਕਿ ਖਾਦਾਂ ਤੋਂ। ਜਿੰਨੀ ਅਬਾਦੀ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਲੇ ਹਿੱਸਿਆਂ ਵਿੱਚ ਰਹਿੰਦੀ ਹੈ, 90 ਪ੍ਰਤੀਸ਼ਤ ਦੇ ਕੱਚੇ ਟੋਏ ਹਨ। ਇਹ ਵੀ ਪਾਇਆ ਗਿਆ ਕਿ ਪਾਣੀ ਪੱਕਿਆਂ ਵਿਚੋਂ ਵੀ ਰਸਦਾ ਹੈ। ਇਸੇ ਤਰ੍ਹਾਂ ਵੱਧ-ਵਰਤੇ ਜਾਣ ਵਾਲੀਆਂ 6 ਕੀੜੇ ਮਾਰ ਪੈਸਟੀਸਾਈਡਸ ਟੈਸਟ ਕੀਤੀਆਂ, ਜਿਨ੍ਹਾਂ ਵਿੱਚ ਵਿੱਚ ਸਿੱਕਾ 4.30 ਤੋਂ 15.69 ਮ:/ਕਿਲੋ ਅਤੇ ਕੈਡਮੀਅਮ 0.04 ਤੋਂ 0.32 ਮ:/ਕਿ ਪਾਇਆ ਗਿਆ। ਉਲੀ ਅਤੇ ਬੈਕਟੀਰੀਆ ਨਾਸ਼ਕ ਫਨਜੀਸਾਈਡ ਵਿੱਚ ਸਿੱਕਾ 5.4 ਤੋਂ 22.3 ਮ:/ਕਿ ਅਤੇ ਕੈਡਮੀਅਮ 0.05 ਤੋਂ 0.5 ਮ:/ਕਿ ਦੱਸਿਆ ਗਿਆ ਹੈ। ਨਦੀਨ ਨਾਸ਼ਕ ਗਲਾਈਫੋਸੇਟ ਵਿੱਚ ਸਿੱਕਾ 2.7 ਮ:/ਕਿ ਅਤੇ ਕੈਡਮੀਅਮ 0.14 ਮ:/ਕਿ ਇਹਨਾਂ ਵਿੱਚ ਜਿਹੜੇ ਜ਼ਹਿਰੀਲੇ ਅਣੂ (ਮਾਲੀਕਿਊਲ) ਹੁੰਦੇ ਹਨ, ਜਿਨ੍ਹਾਂ ਨਾਲ ਕੀੜੇ, ਉਲੀ, ਬੈਕਟੀਰੀਆ ਅਤੇ ਨਦੀਨ ਮਰਦੇ ਹਨ, ਉਹ ਬਾਇਓਡੀਗਰੇਡੇਬਲ ਹੁੰਦੇ ਹਨ, ਭਾਵ ਕਿਸੇ ਵੀ ਜਿਉਂਦੀ ਚੀਜ਼ ਨਾਲ ਲੱਗ ਕੇ ਭਾਵੇਂ ਉਹ ਬੂਟਾ ਹੈ ਜਾਂ ਮਿੱਟੀ ਉਸ ਦੇ ਅਣੂਆਂ ਵਿੱਚ ਤਬਦੀਲੀ ਆਉਣ ਨਾਲ ਅਸਰ ਸਮੇਂ ਨਾਲ ਘੱਟਦਾ ਜਾਂਦਾ ਹੈ ਅਤੇ ਜੇ ਇਹ ਸਿਫਾਰਸ਼ ਕੀਤੇ ਢੰਗ ਨਾਲ ਵਰਤੇ ਜਾਣ ਤਾਂ ਇਹ ਨੁਕਸਾਨ ਦਾਇਕ ਨਹੀਂ। ਜਿਥੋਂ ਤੱਕ ਭਾਰੀਆਂ ਧਾਤਾਂ ਦੀ ਗੱਲ ਇਹਨਾਂ ਜ਼ਹਿਰਾਂ ਦੀ ਸਿਫਾਰਸ਼ ਕੀਤੀ ਡੋਜ਼ ਹੀ ਬਹੁਤ ਘੱਟ ਹੈ। ਭਾਰਤ ਵਿੱਚ ਇਹਨਾਂ ਦੀ ਖਪਤ 260 ਗ੍ਰਾਮ ਪ੍ਰਤੀ ਹੈਕਟੇਅਰ ਹੈ ਅਤੇ ਪੰਜਾਬ ਵਿੱਚ 740 ਗ੍ਰਾਮ ਪ੍ਰਤੀ ਹੈਕਟੇਅਰ (300 ਗਰਾਮ ਪ੍ਰਤੀ ਏਕੜ)। ਨਤੀਜਾ ਕਿਸੇ ਵੀ ਪੈਸਟੀਸਾਈਡ ਦੀ ਵਰਤੋਂ ਨਾਲ 50-60 ਮਿ/ ਗ: ਏਕੜ ਤੋਂ ਵੱਧ ਭਾਰੀਆਂ ਧਾਤਾਂ ਨਹੀਂ ਜਾਂਦੀਆਂ। ਸਿਰਫ ਬੋਰਡੈਕਸ ਮਿਕਸਚਰ ਹੀ ਹੈ, ਜਿਸ ਵਿੱਚ ਕਾਪਰ ਸਲਫੇਟ ਸਿੱਧਾ ਪੈਂਦਾ ਹੈ। ਪਰ ਇਹ ਸਿਰਫ ਬਾਗਾਂ ਵਿੱਚ ਹੀ ਵਰਤਿਆ ਜਾਂਦਾ ਹੈ ਇਹ ਬੂਟਿਆਂ ਅਤੇ ਬੰਦਿਆਂ ਦਾ ਖੁਰਾਕੀ ਤੱਤ ਵੀ ਹੈ। ਜ਼ਮੀਨ ਵਿੱਚ ਕਾਪਰ (ਤਾਂਬਾ) ਦਾ ਸਰੂਪ ਕੁਪਰਸ ਤੋਂ ਕੁਪਰਿਕ ਬਣਕੇ ਘੁਲਣਸ਼ੀਲਤਾ ਘੱਟ ਜਾਂਦੀ ਹੈ।

ਪਾਣੀ:- ਉਦਯੋਗ ਕੋਈ ਵੀ ਹੈ ਉਹ ਸਾਰੇ ਹੀ ਪਾਣੀ ਖਰਾਬ ਕਰਦੇ ਹਨ ਭਾਵੇਂ ਕੱਪੜਾ, ਕਾਗਜ਼, ਚਮੜਾ, ਲੋਹਾ, ਇਲੈਕਟ੍ਰੋਪਲੇਟਿੰਗ (ਕਰੋਮੀਅਮ ਅਤੇ ਨਿੱਕਲ ਪਾਲਿਸ਼), ਸ਼ਰਾਬ, ਖੰਡ, ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਰੰਗਾਈ ਅਤੇ ਬੈਟਰੀ ਉਦਯੋਗਾਂ ਦੇ ਕਾਰਖਾਨੇ ਆਦਿ ਇਹਨਾਂ ਸਾਰੀਆਂ ਫੈਕਟਰੀਆਂ ਦੇ ਗੰਦੇ ਪਾਣੀ ਵਿੱਚ ਧਾਤਾਂ ਜਾਂ ਤੱਤ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ ਪਰ ਅਫਸੋਸ ਦੀ ਗੱਲ ਇਹ ਹੈ ਪਾਣੀ ਦੇ ਪ੍ਰਦੂਸ਼ਣ ਦੇ ਜਿੰਨੇ ਭਿਆਨਕ ਨਤੀਜੇ ਹਨ, ਉਸ ਹਿਸਾਬ ਨਾਲ ਨਾ ਸਰਕਾਰ ਅਤੇ ਨਾ ਹੀ ਨਤੀਜੇ ਭੁਗਤਣ ਵਾਲੇ ਲੋਕ ਹੀ ਉਹਨੇ ਸੁਹਿਰਦ ਹਨ। ਕਈ ਵਿਗਿਆਨੀਆਂ ਨੇ ਪਾਣੀ ਦੇ ਨਮੂਨੇ ਲੈ ਕੇ ਪਰਖ ਕੀਤੀ ਹੈ ਅਤੇ ਆਪੋ ਆਪਣੇ ਅੰਕੜੇ ਪੇਸ਼ ਕੀਤੇ ਹਨ। ਇਕ ਪਰਚਾ ਅਗਸਤ 2021 ਨੂੰ ਜਰਨਲ ਆਫ ਜੀਓਹਾਈਡਰੋਲਜੀ ਵਿੱਚ ਛੱਪਿਆ ਹੈ। ਇਹ ਪੰਜਾਬ ਵਿੱਚੋਂ ਇਕੱਠੇ ਕੀਤੇ 263 ਨਮੂਨਿਆਂ ਤੋਂ ਅਧਾਰਤ ਹੈ ਜੋ ਅਗਸਤ ਤੋਂ ਅਕਤੂਬਰ 2019 ਵਿੱਚ ਜੋ ਸਨ 5 ਮੀਟਰ ਤੋਂ 350 ਮੀਟਰ ਦੀ ਡੂੰਘਾਈ ਤੋਂ ਲਏ ਸੀ। ਇਹ ਸੈਂਪਲ ਐਲੂਮੀਨੀਅਮ, ਲੋਹਾ, ਮੈਗਨੀਜ਼, ਜ਼ਿੰਕ, ਤਾਂਬਾ, ਕਰੋਮੀਅਮ, ਕੈਡਮੀਅਮ, ਨਿੱਕਲ ਅਤੇ ਸਿੱਕੇ ਲਈ ਟੈਸਟ ਕੀਤੇ ਹਨ। ਇਸ ਪਰਚੇ ਮੁਤਾਬਕ ਉਸੇ ਵੇਲੇ ਇਕੱਠੇ ਕੀਤੇ ਗਏ ਸਾਰੇ ਪਾਣੀ ਪੀਣ ਯੋਗ ਸਨ।ਇਕ ਹੋਰ ਪਰਚਾ 2021 ਵਿੱਚ ਹੀ ਛੱਪਿਆ ਹੈ। ਜਿਸ ਅਨੁਸਾਰ ਬਠਿੰਡੇ ਜ਼ਿਲ੍ਹੇ ਵਿੱਚੋਂ 19 ਸੈਂਪਲ ਲਏ ਗਏ। ਇਹ ਸੈਂਪਲ ਮਰਕਰੀ (ਪਾਰਾ), ਕਰੋਮੀਅਮ, ਆਰਸੇਨਿਕ, ਸੀਲੀਨੀਅਮ ਅਤੇ ਕੈਡਮੀਅਮ ਲਈ ਪਰਖੇ ਗਏ ਅਤੇ ਪਾਇਆ ਗਿਆ ਕਿ ਕਰੋਮੀਅਮ ਅਤੇ ਪਾਰਾ ਸਾਰੇ ਸੈਂਪਲਾਂ ਵਿੱਚ ਮਿੱਥੀ ਹੱਦ ਤੋਂ ਵੱਧ ਹੈ। ਆਰਸੇਨਿਕ ਅਤੇ ਕੈਡਮੀਅਮ ਸਾਰੇ ਸੈਂਪਲਾਂ ਵਿੱਚ ਮਿੱਥੀ ਹੱਦ ਤੋਂ ਘੱਟ ਹੈ। ਸੀਲੀਨੀਅਮ ਸਿਰਫ ਦੋ ਸੈਂਪਲਾਂ ਵਿੱਚ ਮਿੱਥੇ ਤੋਂ ਵੱਧ ਹੈ। ਏਸੇ ਤਰ੍ਹਾਂ ਇਕ ਹੋਰ ਖੋਜ ਪੱਤਰ ਅਨੁਸਾਰ ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ ਧਰਤੀ ਹੇਠਲੇ ਪਾਣੀਆਂ ਵਿੱਚ ਨਾਈਟਰੇਟ ਅਤੇ ਲੋਹਾ ਮਿੱਥੀ ਹੱਦ ਤੋਂ ਵੱਧ ਹੈ। ਤਿੰਨ ਜ਼ਿਲ੍ਹਿਆਂ ਵਿੱਚ ਆਰਸੇਨਿਕ (ਪਠਾਨਕੋਟ ਤੋਂ ਬਿਨਾਂ) ਦੋ ਜ਼ਿਲ੍ਹਿਆਂ ਤਰਨਤਾਰਨ ਅਤੇ ਅੰਮ੍ਰਿਤਸਰ ਵਿੱਚ ਯੂਰੇਨੀਅਮ ਵੱਧ ਹੈ। ਨਤੀਜਾ ਇਹ ਨਿਕਲਦਾ ਹੈ ਕਿ ਪਾਣੀ ਵਿੱਚ ਰਸਾਇਣ ਜਗ੍ਹਾ ਅਤੇ ਡੂੰਘਾਈ ਨਾਲ ਬਦਲਦੇ ਹਨ। ਤੁਸੀਂ ਆਪਣਾ ਪੀਣ ਵਾਲਾ ਪਾਣੀ ਜ਼ਰੂਰ ਟੈਸਟ ਕਰਵਾਓ।ਦਰਿਆਵਾਂ/ਨਹਿਰਾਂ ਦਾ ਪਾਣੀ:- ਜਿੱਥੋਂ ਤੱਕ ਦਰਿਆਵਾਂ ਅਤੇ ਨਹਿਰਾਂ ਦੇ ਪਾਣੀ ਦੇ ਪ੍ਰਦੂਸ਼ਣ ਦੀ ਗੱਲ ਹੈ ਇਸ ਨੂੰ ਮਾਨਵਤਾ ਨੇ ਸਭ ਤੋਂ ਵੱਧ ਖਰਾਬ ਕੀਤਾ, ਪਹਾੜਾਂ ਵਿੱਚ ਜੋ ਅਬਾਦੀ ਹੈ, ਉਸ ਦਾ ਮਲਮੂਤਰ ਅਤੇ ਹੋਰ ਕੂੜਾ ਕਰਕਟ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਸਭ ਬਾਰਿਸ਼ਾਂ ਨਾਲ ਰੁੜ ਕੇ ਨਦੀਆਂ ਨਾਲਿਆਂ ਵਿੱਚ ਦੀ ਹੋ ਕੇ ਸਤਲੁਜ, ਬਿਆਸ ਅਤੇ ਰਾਵੀ ਦਾ ਹਿੱਸਾ ਬਣਦਾ ਹੈ। ਜਿੰਨੀਆਂ ਫੈਕਟਰੀਆਂ ਅਤੇ ਹੋਟਲ ਇੰਡਸਟਰੀ ਹੈ, ਸਾਰੀ ਦੀ ਸਾਰੀ ਪਾਣੀ ਦੇ ਸਰੋਤਾਂ ਉੱਪਰ ਹੈ। ਏਸੇ ਤਰ੍ਹਾਂ ਪੰਜਾਬ ਦੇ ਜਿੰਨੇ ਸ਼ਹਿਰ ਹਨ ਤਕਰੀਬਨ ਸਾਰਿਆਂ ਦਾ ਗੰਦਾ ਪਾਣੀ ਡਰੇਨਾਂ ਰਾਹੀਂ ਘੁੰਮ ਫਿਰ ਕੇ ਜਾਂ ਧਰਤੀ ਵਿੱਚ ਜੀਰਦਾ ਹੈ ਜਾਂ ਦਰਿਆਵਾਂ ਵਿੱਚ ਜਾਂਦਾ ਹੈ। ਲੁਧਿਆਣੇ ਦੇ ਸੀਵਰ ਦਾ ਡਿਸਚਾਰਜ ਬੁੱਢੇ ਨਾਲੇ ਵਿੱਚ ਦੀ ਹੋ ਕੇ ਸਤਲੁਜ ਵਿੱਚ ਪੈਂਦਾ ਹੈ, ਜਿਸ 'ਤੇ ਬਹੁਤ ਵਿਗਿਆਨੀਆਂ ਨੇ ਖੋਜ ਕੀਤੀ ਅਤੇ ਇਹ ਪਾਇਆ ਕਿ ਇਸ ਪਾਣੀ ਵਿੱਚ ਸਿੱਕਾ, ਕੈਡਮੀਅਮ, ਕੋਬਾਲਟ, ਕਰੋਮੀਅਮ, ਜਿੰਕ ਅਤੇ ਨਿੱਕਲ, ਵਰਲਡ ਹੈਲਥ ਆਰਗੇਨਾਈਜੇਸ਼ਨ ਵੱਲੋਂ ਮਿੱਥੀਆਂ ਹੱਦਾਂ ਤੋਂ ਵੱਧ ਹਨ।

ਸੀਵਰ ਟਰੀਟਮੈਂਟ ਪਲਾਂਟ:- ਜਿਹੜੇ ਸੀਵਰੇਜ ਟਰੀਟਮੈਂਟ ਪਲਾਂਟ ਲੱਗੇ ਹਨ ਉਹ ਜਦੋਂ ਚਲਦੇ ਵੀ ਹਨ, ਉਹ ਸਿਰਫ ਪਾਣੀ ਨੂੰ ਆਕਸੀਜੀਨੇਟ (ਬੀ ਓ ਡੀ ਘਟਾਉਂਦੇ) ਕਰਦੇ ਹਨ ਅਤੇ ਸਲੱਜ ਅੱਡ ਕਰਦੇ ਹਨ। ਪਾਣੀ ਵਿੱਚੋਂ ਨਾ ਹੀ ਭਾਰੀਆਂ ਧਾਤਾਂ ਬਾਹਰ ਕੱਢੀਆਂ ਜਾਂਦੀਆਂ ਹਨ ਨਾ ਹੀ ਕਲੋਰੀਨੇਟ ਕਰਕੇ ਬੀਮਾਰੀਆਂ ਦੇ ਕੀਟਾਣੂ ਮਾਰੇ ਜਾਂਦੇ ਹਨ। ਅੱਜ ਕੱਲ ਫੈਕਟਰੀਆਂ ਵਾਲਿਆਂ ਨੇ ਇੱਕ ਨਵਾਂ ਰਾਹ ਲੱਭਿਆ ਹੈ ਵਾਟਰ ਹਾਰਵੇਸਟਿੰਗ ਦੇ ਨਾਮ 'ਤੇ ਬੋਰ ਕਰਕੇ ਗੰਦਾ ਪਾਣੀ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ।

ਕੈਂਸਰ ਅਤੇ ਹੋਰ ਬੀਮਾਰੀਆਂ ਦੇ ਕਾਰਨ:- ਬੁੱਢੇ ਨਾਲੇ ਦਾ ਪਾਣੀ ਬਹੁਤ ਪ੍ਰਦੂਸ਼ਿਤ ਹੈ, ਜਿਸ ਵਿੱਚ ਲੁਧਿਆਣੇ ਦੀ 30 ਲੱਖ ਦੀ ਅਬਾਦੀ ਦਾ ਮਲਮੂਤਰ ਅਤੇ ਤਾਜਪੁਰ ਅਤੇ ਹੈਬੋਵਾਲ ਦੀਆਂ ਡੈਅਰੀਆਂ ਦਾ ਗੋਹਾ ਹੋਣ ਕਰਕੇ ਇਸ ਵਿੱਚ ਭਿਆਨਕ ਬੀਮਾਰੀਆਂ ਨੂੰ ਜਨਮ ਦੇਣ ਵਾਲੇ ਜ਼ਰਮ ਪਲਦੇ ਹਨ। ਇਨ੍ਹਾਂ ਹੀ ਨਹੀਂ ਇਸ ਵਿੱਚ ਫੈਕਟੀਰੀਆ ਦਾ ਗੰਦਾ ਪਾਣੀ ਵੀ ਨਿਕਾਸ ਕੀਤਾ ਜਾਂਦਾ ਹੈ, ਜਿਸ ਵਿੱਚ ਸਿੱਕਾ ਨਿੱਕਲ, ਕੈਡਮੀਅਮ ਅਤੇ ਕਰੋਮੀਅਮ ਵਰਗੀਆਂ ਭਾਰੀਆਂ ਧਾਤਾਂ ਵੀ ਵਰਲਡ ਹੈਲਥ ਆਰਗੇਨਾਈਜੇਸ਼ਨ ਵੱਲੋਂ ਮਿੱਥੀਆਂ ਮਾਤਰਾ ਤੋਂ ਵੱਧ ਪਾਈਆਂ ਜਾਂਦੀਆਂ ਹਨ। ਇਹੋ ਪਾਣੀ ਸਤਲੁਜ ਦਰਿਆ ਵਿੱਚ ਮਿਲ ਕੇ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਰਾਹੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਇਹੋ ਧਾਤਾਂ ਸਰੀਰ ਵਿੱਚ ਜਾ ਕੇ ਕੈਂਸਰ ਦਾ ਕਾਰਨ ਬਣਦੀਆਂ ਹਨ। ਸੀਵਰੇਜ਼ ਵਿੱਚ ਜਰਮ (ਬੈਕਟੀਰੀਆ ਆਦਿ) ਟੀ.ਬੀ., ਪੇਟ ਅਤੇ ਚਮੜੀ ਰੋਗ ਵਰਗੀਆਂ ਬੀਮਾਰੀਆਂ ਨੂੰ ਜਨਮ ਦਿੰਦੀਆਂ ਹਨ।

ਨਿਚੋੜ:- ਪੰਜਾਬ ਵਿੱਚ ਤਕਨੀਕੀ ਖੇਤੀ ਕਰਨ ਨਾਲ ਨਾ ਤਾਂ ਪੰਜਾਬ ਦੀ ਜ਼ਮੀਨ ਦੀ ਸਿਹਤ ਖਰਾਬ ਹੋਈ ਹੈ ਸਗੋਂ ਸਿਹਤ ਸੁਧਰੀ ਹੈ, ਇਸੇ ਕਰਕੇ ਫਸਲਾਂ ਦੇ ਝਾੜ ਵੱਧ ਰਹੇ ਹਨ ਘਟੇ ਨਹੀਂ ਨਾ ਹੀ ਖੇਤੀ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ ਨਾ ਹੀ ਏਥੇ ਪੈਦਾ ਹੋਣ ਵਾਲੇ ਅਨਾਜ ਵਿੱਚ ਕੋਈ ਕਮੀ ਹੈ, ਏਥੇ ਪੈਦਾ ਕੀਤੇ ਚੌਲ ਅਤੇ ਬਾਸਮਤੀ ਬਾਹਰਲੇ ਦੇਸ਼ ਖਰੀਦਦੇ ਹਨ, ਉਹ ਕਮਲੇ ਨਹੀਂ। ਇਹ ਕਿਸੇ ਸੋਚੀ ਸਮਝੀ ਸਾਜਿਸ਼ ਤਹਿਤ ਫੈਕਟਰੀਆਂ ਦੇ ਪ੍ਰਦੂਸ਼ਣ ਤੋਂ ਐਨ ਜੀ ਟੀ ਅਤੇ ਪਲੂਸ਼ਨ ਕੰਟਰੋਲ ਬੋਰਡ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਸਾਫ ਕਰਕੇ ਅੱਡ ਨਹਿਰ ਕੱਢ ਕੇ ਸਿੰਚਾਈ ਲਈ ਵਰਤਣ ਨੂੰ ਦੇਣ। ਮਾਲਵੇ ਨੂੰ ਮਾਲਵਾ ਨਹਿਰ ਤੋਂ ਪਹਿਲਾਂ ਪੀਣ ਵਾਲੇ

# ਕੀ ਅਸੀਂ ਸਭ ਭ੍ਰਿਸ਼ਟਾਚਾਰੀ ਤਾਂ ਨਹੀਂ ਹਾਂ ?

ਅੱਜ ਕੌਮਾਂਤਰੀ ਪੱਧਰ 'ਤੇ 'ਭ੍ਰਿਸ਼ਟਾਚਾਰ ਵਿਰੋਧੀ ਦਿਵਸ' ਮਨਾਇਆ ਜਾ ਰਿਹਾ ਹੈ ਤੇ ਸੰਨ 2003 ਦੀ 31 ਅਕਤੂਬਰ ਨੂੰ ਹੋਈ ਸੰਯੁਕਤ ਰਾਸ਼ਟਰ ਸੰਘ ਦੀ 'ਭ੍ਰਿਸ਼ਟਾਚਾਰ ਵਿਰੋਧੀ ਕਨਵੈਨਸ਼ਨ' ਪਿੱਛੋਂ ਇਹ ਦਿਵਸ ਹਰ ਸਾਲ 9 ਦਸੰਬਰ ਦੇ ਦਿਨ ਮਨਾਇਆ ਜਾਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਮੰਤਵ ਆਮ ਲੋਕਾਂ ਨੂੰ ਸਮਾਜ ਵਿਚ ਫੈਲੇ ਹਰ ਪ੍ਰਕਾਰ ਦੇ ਭ੍ਰਿਸ਼ਟਾਚਾਰ ਸਬੰਧੀ ਜਾਗਰੂਕ ਹੋਣ ਅਤੇ ਇਸਦੇ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕਰਨ ਹਿਤ ਪ੍ਰੇਰਿਤ ਕਰਨਾ ਹੈ ।ਸੰਯੁਕਤ ਰਾਸ਼ਟਰ ਸੰਘ ਇਹ ਮੰਨਦਾ ਹੈ ਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਸਮਾਜਿਕ,ਆਰਥਿਕ ਅਤੇ ਰਾਜਨੀਤਿਕ ਖੇਤਰਾਂ ਵਿਚ ਪਸਰੀਆਂ ਹੋਈਆਂ ਹਨ ਤੇ ਭ੍ਰਿਸ਼ਟਾਚਾਰ ਹਰੇਕ ਦੇਸ਼ ਅਦੇ ਦੇਸ਼ਵਾਸੀ ਦੀ ਤਰੱਕੀ ਨੂੰ ਪ੍ਰਭਾਵਿਤ ਕਰਦਾ ਹੈ ।ਸੰਘ ਦੀ ਇਹ ਵੀ ਮਾਨਤਾ ਹੈ ਕਿ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰ,ਗ਼ੈਰ-ਸਰਕਾਰੀ ਸੰਗਠਨਾਂ,ਸੰਚਾਰ ਮਾਧਿਅਮਾਂ ਅਤੇ ਆਮ ਜਨਤਾ ਨੂੰ ਰਲ਼ ਕੇ ਹਭਲਾ ਮਾਰਨਾ ਪਏਗਾ। ਕੌਮਾਂਤਰੀ ਪੱਧਰ 'ਤੇ ਬਣਾਏ ਜਾਂਦੇ 'ਕੁਰੱਪਸ਼ਨ ਪਰਸੈਪਸ਼ਨ ਇੰਡੈਕਸ' ਭਾਵ 'ਭ੍ਰਿਸ਼ਟਾਚਾਰ ਸੂਚਕ ਅੰਕ' ਵੱਲੋਂ ਜਨਵਰੀ,2024 ਵਿਚ ਜਾਰੀ ਕੀਤੇ ਅੰਕੜਿਆਂ ਅਨੁਸਾਰ 180 ਮੁਲਕਾਂ ਵਿਚੋਂ ਡੈਨਮਾਰਕ, ਨਿਊਜ਼ੀਲੈਂਡ,ਫ਼ਿਨਲੈਂਡ,ਨਾਰਵੇ ਅਤੇ ਸਿੰਗਾਪੁਰ' ਆਦਿ ਜਿਹੇ ਮੁਲਕ ਦੁਨੀਆਂ ਦੇ ਸਭ ਤੋਂ ਘੱਟ ਭ੍ਰਿਸ਼ਟ ਮੁਲਕਾਂ ਵਿੱਚ ਗਿਣੇ ਜਾਂਦੇ ਹਨ ਜਦੋਂ ਕਿ ਸੀਰੀਆ,ਸੂਡਾਨ ਅਤੇ ਸੋਮਾਲੀਆ ਦਾ ਸ਼ੁਮਾਰ ਸਭ ਤੋਂ ਚੋਟੀ ਦੇ ਭ੍ਰਿਸ਼ਟ ਦੇਸ਼ਾਂ ਵਿਚ ਹੁੰਦਾ ਹੈ ।ਇਸ ਸੂਚੀ ਵਿਚ ਭਾਰਤ 93ਵੇਂ ਨੰਬਰ 'ਤੇ ਆਉਂਦਾ ਹੈ ।ਉਂਜ ਭਾਰਤ ਵਿੱਚ ਭ੍ਰਿਸ਼ਟਾਚਾਰ ਬਾਰੇ ਅਧਿਕਤਰ ਭਾਰਤੀਆਂ ਦੀ ਆਮ ਧਾਰਨਾ ਹੈ ਕਿ ਰਿਸ਼ਵਤ ਲੈ ਕੇ ਕੰਮ ਕਰਨਾ ਹੀ ਭ੍ਰਿਸ਼ਟਾਚਾਰ ਹੁੰਦਾ ਹੈ।

15 ਅਗਸਤ,1947 ਨੂੰ ਆਜ਼ਾਦ ਹੋਏ ਸਾਡੇ ਮੁਲਕ ਵਿਚ ਹੁਣ ਤੱਕ ਕਈ ਲੱਖ ਕਰੋੜ ਰੁਪਏ ਦੇ ਘੁਟਾਲੇ ਹੋ ਚੁੱਕੇ ਹਨ ਤੇ ਵੱਡੇ ਘੁਟਾਲੇਬਾਜ਼ਾਂ ਵਿੱਚੋਂ ਇਕ ਜਾਂ ਦੋ ਨੂੰ ਛੱਡ ਕੇ ਬਾਕੀਆਂ ਨੂੰ ਕਾਨੂੰਨ ਵੱਲੋਂ ਕੋਈ ਵੱਡੀ ਸਜ਼ਾ ਮਿਲਣ ਦੇ ਪ੍ਰਮਾਣ ਮੌਜੂਦ ਨਹੀਂ ਹਨ ।ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਅਨੇਕਾਂ ਘੁਟਾਲੇਬਾਜ਼ ਸਾਲਾਂਬੱਧੀ ਚੱਲਦੀ ਕਾਨੂੰਨੀ ਪ੍ਰਕਿਰਿਆ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਇਸ ਫ਼ਾਨੀ ਸੰਸਾਰ ਤੋਂ ਜਾ ਵੀ ਚੁੱਕੇ ਹਨ ਤੇ ਕਈ ਮਹਾਂਘੁਟਾਲੇਬਾਜ਼ ਤਾਂ ਭਾਰਤ ਛੱਡ ਕੇ ਵਿਦੇਸ਼ੀ ਮੁਲਕਾਂ ਵਿਚ ਐਸ਼ ਦੀ ਜ਼ਿੰਦਗੀ ਜੀਅ



ਰਹੇ ਹਨ ਤੇ ''ਨਾ ਖਾਂਵਾਗਾਂ ਤੇ ਨਾ ਖਾਣ ਦਿਆਂਗਾ'' ਦੇ ਨਾਅਰੇ ਦੇਣ ਵਾਲੇ ਵੱਡੇ ਰਾਜਨੇਤਾ ਅਜਿਹੇ ਘੁਟਾਲੇਬਾਜ਼ਾਂ ਦਾ 'ਵਾਲ ਵੀ ਵਿੰਗਾ' ਨਹੀ ਕਰ ਸਕੇ ਹਨ ।ਭ੍ਰਿਸ਼ਟਾਚਾਰ ਰੋਕਣ ਵਾਲੀਆਂ ਸਰਕਾਰੀ ਏਜੰਸੀਆਂ ਦੇ ਦੁਰਪਯੋਗ ਦਾ ਰੌਲ਼ਾ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਪੂਰੇ ਦੇਸ਼ ਵਿੱਚ ਗੂੰਜਦਾ ਹੈ ਤੇ ਸੱਤਾਧਾਰੀ ਧਿਰ ਆਪਣੇ ਵਿਰੋਧੀ ਦਲਾਂ ਵਿੱਚ ਬੈਠੇ 'ਵੱਡੇ ਭ੍ਰਿਸ਼ਟਾਚਾਰੀਆਂ' ਨੂੰ ਆਪਣੀ ਧਿਰ ਵਿਚ ਸ਼ਾਮਿਲ ਕਰਨ ਪਿੱਛੋਂ 'ਪਾਕ-ਸਾਫ਼ ਹੋਣ ਦਾ ਸਰਟੀਫ਼ਿਕੇਟ' ਜਾਰੀ ਕਰ ਦਿੰਦੀ ਹੈ ਤੇ ਉਨ੍ਹਾ ਖ਼ਿਲਾਫ਼ ਚੱਲਦੀ ਹਰੇਕ ਜਾਂਚ ਠੰਡੇ ਬਸਤੇ ਵਿੱਚ ਪੈ ਜਾਂਦੀ ਹੈ ।ਇਹ ਵਰਤਾਰਾ ਦੇਸ਼ ਨੂੰ ਇਕ ਬੇਹੱਦ ਵੱਡੇ ਸੰਕਟ ਵੱਲ ਲਗਾਤਾਰ ਧੱਕ ਰਿਹਾ ਹੈ। ਬਹੁਤੇ ਭਾਰਤਵਾਸੀ ਇਹ ਆਖ਼ਦੇ ਹਨ ਕਿ ਇਥੇ ਸਰਕਾਰੀ ਅਧਿਕਾਰੀ ਜਾਂ ਮੰਤਰੀ ਲੋਕ ਬਿਨਾਂ ਕਮਿਸ਼ਨ ਜਾਂ ਰਿਸ਼ਵਤ ਹਾਸਿਲ ਕੀਤਿਆਂ ਕੰਮ ਨਹੀਂ ਕਰਦੇ ਹਨ ।ਕੋਈ ਵੀ ਅਧਿਕਾਰੀ,ਮੰਤਰੀ ਜਾਂ ਕਿਸੇ ਮੰਤਰੀ ਦਾ ਰਿਸ਼ਤੇਦਾਰ ਜਦੋਂ ਰਿਸ਼ਵਤ ਲੈਂਦਿਆਂ ਹੋਇਆਂ ਪੁਲੀਸ ਜਾਂ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਅਖ਼ਬਾਰਾਂ ਵਿੱਚ ਛਪੀਆਂ ਅਜਿਹੀਆਂ ਖ਼ਬਰਾਂ ਅਤੇ ਤਸਵੀਰਾਂ ਵੇਖ਼ ਕੇ ਲੋਕ ਬਹੁਤ ਖ਼ੁਸ਼ ਹੁੰਦੇ ਹਨ ਅਤੇ ਕਾਨੂੰਨ ਦੇ ਸ਼ਿਕੰਜੇ ਵਿੱਚ ਆਏ ਭ੍ਰਿਸ਼ਟਾਚਾਰੀਆਂ ਨਾਲ ਆਪਣੀ ਤੁਲਨਾ ਕਰਕੇ ਆਮ ਲੋਕ ਆਪਣੇ ਆਪ ਨੂੰ ਈਮਾਨਦਾਰ,ਨਿਰਦੋਸ਼ ਤੇ ਭੋਲ਼ਾ-ਭਾਲਾ ਮੰਨਦੇ ਹਨ ਪਰ ਗੱਲ ਦਰਅਸਲ ਇਹ ਹੈ ਕਿ ਸਾਡੇ ਸਮਾਜ ਅਤੇ ਚੁਗਿਰਦੇ ਵਿਚ ਪਸਰੇ ਭ੍ਰਿਸ਼ਟਾਚਾਰ ਦੀ ਗੰਧਲੀ ਹਵਾ ਸਾਡੇ ਘਰਾਂ ਤੇ ਮੁਹੱਲਿਆਂ 'ਚੋਂ ਹੋ ਕੇ ਵੀ ਗੁਜ਼ਰਦੀ ਹੈ ।ਸਾਨੂੰ ਆਪਣੇ ਜ਼ਮੀਰ ਅੰਦਰ ਝਾਕ ਕੇ ਆਪਣੇ ਆਪ ਨੂੰ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ ਆਪਣੇ ਦੋ ਪਹੀਆ ਜਾਂ ਚਾਰ ਪਹੀਆ ਵਾਹਨ ਦੇ ਸਾਰੇ ਦਸਤਾਵੇਜ਼ ਸਦਾ ਪੂਰੇ ਰੱਖਦੇ ਹਾਂ ?ਕੀ ਸੜਕ ਸੁਰੱਖਿਆ ਨਿਯਮਾਂ ਤਹਿਤ ਅਸੀ ਹੈਲਮਟ ਜਾਂ ਸੀਟ ਬੈਲਟ ਲਾ ਕੇ ਵਾਹਨ ਚਾਲਾਉਂਦੇ ਹਾਂ ?ਕੀ ਵਿਦੇਸ਼ੀ ਨਾਗਰਿਕਾਂ ਦੀ ਤਰ੍ਹਾਂ ਅਸੀਂ ਟ੍ਰੈਫ਼ਿਕ ਦੇ ਸਾਰੇ ਨੇਮਾਂ ਦੀ ਪਾਲਣਾ ਪੂਰੀ ਦਿਆਨਦਾਰੀ ਨਾਲ ਕਰਦੇ ਹਾਂ ?ਕੀ ਅਸੀਂ ਸੜ੍ਹਕ ਜਾਂ ਰੇਲ ਹਾਦਸੇ ਵਿੱਚ ਜ਼ਖ਼ਮੀ ਹੋਏ ਲੋਕਾਂ ਦੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਦੀ ਥਾਂ ਉਨ੍ਹਾ ਨੂੰ ਸਮੇਂ ਸਿਰ ਹਸਪਤਾਲ ਲੈ ਕੇ ਜਾਣ ਨੂੰ ਤਰਜੀਹ ਦਿੰਦੇ ਹਾਂ ?ਕੀ ਅਸੀਂ ਆਪਣੀਆਂ ਦੁਕਾਨਾਂ,ਘਰਾਂ ਜਾਂ ਕਾਰਖ਼ਾਨਿਆਂ ਦੇ ਬਾਹਰੋਂ ਲੰਘਦੀ ਸੜਕ 'ਤੇ ਆਪਣਾ ਨਿਜੀ ਸਮਾਨ ਰੱਖ ਕੇ ਨਜਾਇਜ਼ ਕਬਜ਼ਾ ਤਾਂ ਨਹੀਂ ਕਰ ਰੱਖਿਆ ਹੈ ?ਇਨ੍ਹਾ ਸਵਾਲਾਂ ਦੇ 'ਹਾਂ' ਜਾਂ 'ਨਾਂਹ' ਵਿੱਚ ਦਿੱਤੇ ਗਏ ਜਵਾਬ ਹੀ ਸਾਬਿਤ ਕਰ ਦੇਣਗੇ ਕਿ ਅਸੀਂ ਖ਼ੁਦ ਭ੍ਰਿਸ਼ਟਾਚਾਰੀ ਹਾਂ ਜਾਂ ਨਹੀਂ। ਜੇਕਰ ਇਕ ਅਧਿਆਪਕ ਜਮਾਤ ਵਿਚ ਜਾ ਕੇ ਆਪਣੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦਾ ਨਹੀਂ ਹੈ ਤੇ ਨਾ ਹੀ ਖ਼ੁਦ ਅਨੁਸ਼ਾਸ਼ਨ ਦੀ ਪਾਲਣਾ ਕਰਦਾ ਹੈ,ਜੇਕਰ ਡਾਕਟਰ ਆਪਣੇ ਮਰੀਜ਼ਾਂ ਨੂੰ ਬੇਲੋੜੇ ਟੈਸਟ ਅਤੇ ਬੇਲੋੜੀਆਂ ਦਵਾਈਆਂ ਲਿਖ਼ ਕੇ ਟੈਸਟ ਸੈਂਟਰ ਜਾਂ ਮੈਡੀਕਲ ਸਟੋਰ ਵਾਲੇ ਤੋਂ ਕਮਿਸ਼ਨ ਲੈਂਦਾ ਹੈ ਅਤੇ ਆਪਣੇ ਡਿਊਟੀ ਕਾਲ ਅੰਦਰ ਆਪਣੀ ਸੀਟ 'ਤੇ ਬੈਠ ਕੇ ਲੋੜਵੰਦ ਮਰੀਜ਼ਾਂ ਦਾ ਮੁਆਇਨਾ ਕਰਨ ਦੀ ਥਾਂ ਨਿਜੀ ਕੰਮਾਂ ਵਿੱਚ ਮਸਰੂਫ਼ ਰਹਿੰਦਾ ਹੈ,ਜੇਕਰ ਨਗਰ ਸਫ਼ਾਈ ਸੇਵਕ ਆਪਣੀ ਡਿਊਟੀ ਦੇ ਅੱਠ ਘੰਟਿਆਂ ਦੌਰਾਨ ਸਫ਼ਾਈ ਦਾ ਕੰਮ ਸਹੀ ਢੰਗ ਨਾਲ ਨਹੀਂ ਕਰਦਾ ਹੈ ਤੇ ਜੇਕਰ ਬੱਸ ਦਾ ਚਾਲਕ ਜਾਂ ਕੰਡਕਟਰ ਬੱਸ 'ਚੋਂ ਤੇਲ ਕੱਢ ਕੇ ਵੇਚਦਾ ਹੈ ਜਾਂ ਕੁਝ ਸਵਾਰੀਆਂ ਦੀ ਟਿਕਟਾਂ ਕੱਟਣ ਦੀ ਥਾਂ ਉਨ੍ਹਾ ਤੋਂ ਲਏ ਕਿਰਾਏ ਨੂੰ ਆਪਣੀ ਜੇਬ ਵਿਚ ਪਾ ਲੈਂਦਾ ਹੈ ਤਾਂ ਤੁਹਾਨੂੰ ਮੰਨਣਾ ਹੀ ਪਵੇਗਾ ਕਿ ਇਹ ਸਭ 'ਭ੍ਰਿਸ਼ਟਾਚਾਰੀ' ਹੀ ਹਨ ਤੇ ਖ਼ੁਦ ਭ੍ਰਿਸ਼ਟ ਹੁੰਦਿਆਂ ਹੋਇਆਂ ਇਨ੍ਹਾ ਨੂੰ ਭ੍ਰਿਸ਼ਟ ਅਫ਼ਸਰਾਂ ਜਾਂ ਰਾਜਨੇਤਾਵਾਂ ਨੂੰ ਭੰਡਣ ਦਾ ਕੋਈ ਹੱਕ ਨਹੀਂ ਹੈ। ਜੇਕਰ ਅਸੀਂ ਆਮ ਲੋਕ ਹਰੇਕ ਜੀਵ ਅਤੇ ਸਮੁੱਚੇ ਵਾਤਾਵਰਣ ਲਈ ਹਾਨੀਕਾਰਕ ਅਤੇ ਸਰਕਾਰ ਵੱਲੋਂ ਪਾਬੰਦੀਸ਼ੁਦਾ ਪਲਾਸਟਿਕ ਜਾਂ ਪੋਲੀਥੀਨ ਤੋਂ ਬਣੇ ਲਿਫ਼ਾਫ਼ਿਆਂ ਦੀ ਵਰਤੋਂ ਕਰਦੇ ਹਾਂ,ਜੇਕਰ ਅਸੀਂ ਆਪਣੀ ਅਤੇ ਹੋਰਨਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣ ਵਾਲੇ ਅਤੇ ਅਦਾਲਤ ਵੱਲੋਂ ਪਾਬੰਦੀਸ਼ੁਦਾ ਜੁਗਾੜੂਵਾਹਨਾਂ ਦੀ ਵਰਤੋਂ ਕਰਦੇ ਹਾਂ,ਜੇਕਰ ਅਸੀਂ ਘਰ ਦਾ ਕੂੜਾ-ਕਰਕਟ, ਨਗਰ ਨਿਗਮ ਜਾਂ ਪੰਚਾਇਤ ਵੱਲੋਂ ਨਿਰਧਾਰਤ ਥਾਂਵਾਂ 'ਤੇ ਸੁੱਟਣ ਦੀ ਥਾਂ ਆਪਣੀ ਮਨਮਰਜ਼ੀ ਵਾਲੀ ਥਾਂ 'ਤੇ ਸੁੱਟਦੇ ਹਾਂ,ਜੇਕਰ ਅਸੀਂ ਗ਼ੈਰਕਾਨੂੰਨੀ ਸ਼ਰਾਬ ਬਣਾਉਂਦੇ ਜਾਂ ਖ਼ਰੀਦਦੇ ਹਾਂ,ਜੇਕਰ ਅਸੀਂ ਸਰਕਾਰੀ ਜ਼ਮੀਨਾਂ ਜਾਂ ਦੂਜੇ ਲੋਕਾਂ ਦੀ ਮਾਲਕੀ ਵਾਲੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਦੇ ਹਾਂ,ਜੇਕਰ ਅਸੀਂ ਕੱਚੀਆਂ ਸਬਜ਼ੀਆਂ ਅਤੇ ਫ਼ਲਾਂ ਨੂੰ ਟੀਕੇ ਜਾਂ ਜ਼ਹਿਰੀਲੀਆਂ ਦਵਾਈਆਂ ਲਗਾ ਕੇ ਪਕਾਉਂਦੇ ਹਾਂ,ਜੇਕਰ ਅਸੀਂ ਮਿਲਾਵਟੀ ਦੁੱਧ,ਮਠਿਆਈ,ਖੋਆ ਜਾਂ ਪਨੀਰ ਬਣਾ ਕੇ ਵੇਚਦੇ ਹਾਂ,ਜੇਕਰ ਅਸੀਂ ਬੁਢਾਪਾ ਪੈਨਸ਼ਨ ਜਾਂ ਨੀਲੇ ਕਾਰਡ ਦੇ ਯੋਗ ਨਾ ਹੁੰਦੇ ਹੋਏ ਵੀ ਇਨ੍ਹਾ ਦੋਵਾਂ ਸਹੂਲਤਾਂ ਨੂੰ ਲੈਂਦੇ ਹਾਂ,ਜੇਕਰ ਅਸੀਂ ਬਣਦਾ ਹੋਇਆ ਜੀ.ਐਸ.ਟੀ.,ਰਜਿਸਟਰੀ ਫ਼ੀਸ ਜਾਂ ਆਮਦਨ ਕਰ ਈਮਾਨਦਾਰੀ ਨਾਲ ਅਦਾ ਨਹੀਂ ਕਰਦੇ ਹਾਂ,ਜੇਕਰ ਬਤੌਰ ਗਾਇਕ,ਗੀਤਕਾਰ ਜਾਂ ਵੀਡੀਓ ਨਿਰਦੇਸ਼ਕ ਅਸੀਂ ਅਸ਼ਲੀਲ,ਨੰਗੇਜ਼ ਭਰਪੂਰ ਜਾਂ ਨਸ਼ਿਆਂ ਅਤੇ ਹਥਿਆਰਾਂ ਦੀ ਵਰਤੋਂ ਲਈ ਉਕਸਾਉਣ ਵਾਲੇ ਗੀਤ ਬਣਾਉਂਦੇ ਹਾਂ ਅਤੇ ਜੇਕਰ ਪੱਤਰਕਾਰ ਜਾਂ ਸੰਪਾਦਕ ਹੁੰਦੇ ਹੋਏ ਅਸੀਂ ਕਿਸੇ ਰਾਜਸੀ ਜਾਂ ਵਿੱਤੀ ਦਬਾਅ ਤਹਿਤ ਲੋਕਾਂ ਨੂੰ ਭਰਮਾਊ,ਉਕਸਾਊ ਜਾਂ ਤੱਥਹੀਣ ਖ਼ਬਰਾਂ ਪਰੋਸਦੇ ਹਾਂ ਤਾਂ ਸਾਨੂੰ ਸਵੀਕਾਰ ਕਰਨਾ ਹੀ ਪਵੇਗਾ ਕਿ ਅਸੀਂ ਵੀ 'ਭ੍ਰਿਸ਼ਟਾਚਾਰੀ' ਹੀ ਹਾਂ ਤੇ ਭ੍ਰਿਸ਼ਟ ਅਫ਼ਸਰਾਂ ਜਾਂ ਮੰਤਰੀਆਂ ਅਤੇ ਉਨ੍ਹਾ ਦੇ ਨਜ਼ਦੀਕੀ ਰਿਸ਼ਤੇਦਾਰਾਂ ਨਾਲੋਂ ਕਿਸੇ ਤਰ੍ਹਾਂ ਵੀ ਵੱਖ ਨਹੀਂ ਹਾਂ। ਮੁੱਕਦੀ ਗੱਲ ਇਹ ਹੈ ਕਿ ਅੱਜ ਦੇ ਦਿਲ ਸਾਨੂੰ ਕਿਸੇ ਦੂਜੇ ਵੱਲ ਇਕ ਉਂਗਲ ਚੁੱਕਣ ਤੋਂ ਪਹਿਲਾਂ ਆਪਣੇ ਵੱਲ ਨੂੰ ਆਉਂਦੀਆਂ ਆਪਣੀਆਂ ਹੀ ਚਾਰ ਉਂਗਲਾਂ ਨੂੰ ਵਾਚ ਲੈਣਾ ਚਾਹੀਦਾ ਹੈ ਕਿ ਕਿਧਰੇ ਅਸੀਂ ਖ਼ੁਦ ਵੀ ਭ੍ਰਿਸ਼ਟਾਚਾਰੀ ਤਾਂ ਨਹੀਂ ਹਾਂ?

# ਮਨੁੱਖੀ ਅਧਿਕਾਰਾਂ ਦਾ ਘਾਣ: ਚਿੰਤਾ ਅਤੇ ਚਿੰਤਨ

**ਕਿਸਾਨ ਸੜਕਾਂ 'ਤੇ ਹਨ। ਕੀ ਉਹ ਸਿਰਫ਼ ਬਿਆਨਾਂ ਨਾਲ਼ ਪਰਚ ਜਾਣਗੇ। ਕਿਸਾਨਾਂ ਦੇ ਮੁੱਦੇ ਸਰਕਾਰ ਅਨੁਸਾਰ ਵਿਚਾਰ ਦੇ ਲਾਇਕ ਹੀ ਨਹੀਂ ਜਾਂ ਫਿਰ ਉਹਨਾਂ ਨੂੰ ਸੁਲਝਾਉਣ ਲਈ ਸਰਕਾਰ ਇਮਾਨਦਾਰੀ ਨਾਲ ਕੁੱਝ ਕਰਨਾ ਹੀ ਨਹੀਂ ਚਾਹੁੰਦੀ ? ਮਨੁੱਖ ਜਦੋਂ ਪੀੜਤ ਹੁੰਦਾ ਹੈ, ਉਹ ਜਦੋਂ ਮਹਿਸੂਸ ਕਰਦਾ ਹੈ ਕਿ ਉਸ ਨਾਲ਼ ਜ਼ਿਆਦਤੀ ਹੋ ਰਹੀ ਹੈ ਤਾਂ ਉਹ ਆਵਾਜ਼ ਚੁੱਕਦਾ ਹੈ। ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ ਲੜਦਾ ਹੈ।**

ਮਨੁੱਖ ਦਾ ਇਸ ਸ੍ਰਿਸ਼ਟੀ ਉੱਤੇ ਮੁੱਢਲਾ ਅਧਿਕਾਰ ਸਾਫ਼ ਹਵਾ, ਸ਼ੁੱਧ ਪਾਣੀ, ਚੰਗੀ ਖੁਰਾਕ ਹੈ। ਮਨੁੱਖ ਦੇ ਇਸ ਸ੍ਰਿਸ਼ਟੀ ਉੱਤੇ ਜਨਮ,ਸੋਝੀ ਅਤੇ ਵਿਕਾਸ ਦੇ ਚੱਲਦਿਆਂ, ਸ਼ੈਤਾਨ ਪ੍ਰਵਿਰਤੀ ਵਾਲ਼ੇ ਲੋਕਾਂ ਨੇ ਮਨੁੱਖ ਦੇ ਮੁੱਢਲੇ ਅਧਿਕਾਰਾਂ ਦਾ ਹਨਨ ਕੀਤਾ ਅਤੇ ਇਹ ਵਰਤਾਰਾ ਲਗਾਤਾਰ ਜਾਰੀ ਹੈ।ਇਸ ਵਰਤਾਰੇ ਨਾਲ਼ ਕਬੀਲਿਆਂ 'ਚ ਯੁੱਧ ਹੋਏ, ਤੱਕੜੇ ਨੇ ਮਾੜੇ ਨੂੰ ਮਾਰਨ, ਮਨੁੱਖ ਦੇ ਸਰੀਰ ਅਤੇ ਸੋਚ ਨੂੰ ਗੁਲਾਮ ਕਰਨ ਦਾ ਯਤਨ ਕੀਤਾ, ਇਹ ਪ੍ਰਵਿਰਤੀ ਸੰਸਾਰ ਪੱਧਰ 'ਤੇ ਵਾਪਰੀ। ਸੰਸਾਰ ਯੁੱਧ ਹੋਏ। ਇਹ ਵਰਤਾਰਾ ਅਤੇ ਮਾਰੂ ਪ੍ਰਵਿਰਤੀ ਮਨੁੱਖ ਦੇ ਅਧਿਕਾਰਾਂ ਦੀ ਦੁਸ਼ਮਣ ਬਣੀ ਨਜ਼ਰ ਆ ਰਹੀ ਹੈ। ਅਸੀਂ ਦੇਸ਼ ਮਹਾਨ ਭਾਰਤ ਦੇ ਵਾਸੀ ਮਨੁੱਖੀ ਅਧਿਕਾਰਾਂ ਦੇ ਘਾਣ ਤੋਂ ਬੁਰੀ ਤਰ੍ਹਾਂ ਪੀੜਤ ਹਾਂ। ਪਿਛਲੇ ਇੱਕ ਦਹਾਕੇ ਤੋਂ ਭਾਰਤੀਆਂ ਦੇ ਮੁੱਢਲੇ ਹੱਕਾਂ ਉੱਤੇ ਜਿਵੇਂ ਛਾਪਾ ਮਾਰਿਆ ਜਾ ਰਿਹਾ ਹੈ। ਉਹਨਾਂ ਦੀ ਬੋਲਚਾਲ ਦੀ ਆਜ਼ਾਦੀ ਖੋਹੀ ਜਾ ਰਹੀ ਹੈ। ਭਾਰਤੀਆਂ ਦੇ ਕੁਦਰਤੀ ਸਾਧਨ ਜਿਵੇਂ ਧੰਨ ਕੁਬੇਰਾਂ ਹੱਥ ਸੌਂਪੇ ਜਾ ਰਹੇ ਹਨ, ਉਹ ਉਹਨਾਂ ਦੇ ਅਧਿਕਾਰਾਂ ਉੱਤੇ ਸਿੱਧਾ ਛਾਪਾ ਹਨ। ਸਰਕਾਰ ਵੱਲੋਂ ਸਰਵਜਨਕ ਸਾਧਨਾਂ ਨੂੰ ਪੂੰਜੀਪਤੀਆਂ ਹੱਥ ਸੌਂਪ ਕੇ ਦੇਸ਼ ਵਾਸੀਆਂ ਨੂੰ ਉਹਨਾਂ ਧੰਨ ਕੁਬੇਰਾਂ ਦੀ ਮਨੁੱਖ ਨੂੰ ਗੁਲਾਮ ਬਣਾਉਣ ਅਤੇ ਉਸ ਦੇ ਕਿਰਤ ਸਾਧਨਾਂ ਦੀ ਲੁੱਟ ਕਰਨ ਦੀ ਖੁੱਲ੍ਹ ਦੇਣਾ ਅਸਲ ਅਰਥਾਂ ਵਿੱਚ ਉਸ ਦੇ ਮਨੁੱਖੀ ਅਧਿਕਾਰਾਂ ਉੱਤੇ ਸਿੱਧਾ ਦਖਲ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮੌਜੂਦਾ ਹਕੂਮਤ ਆਮ ਲੋਕਾਂ ਦੇ ਭਲੇ ਲਈ ਗੱਲ ਕਰਦੀ ਹੈ,ਉਹਨਾਂ ਲਈ ਨਿੱਤ ਨਵੀਆਂ ਸਕੀਮਾਂ ਘੜਦੀ ਹੈ, ਰੁਜ਼ਗਾਰ ਪ੍ਰਦਾਨ ਕਰਨ ਦੇ ਫੋਕੇ ਐਲਾਨ ਕਰਦੀ ਹੈ, ਪਰ ਅਸਲ ਅਰਥਾਂ 'ਚ ਸਭ ਕੁੱਝ ਕਾਰਪੋਰੇਟ ਜਗਤ ਨੂੰ ਸੌਂਪ ਕੇ ਸਿਰਫ਼ ਆਪਣੀ ਰਾਜ ਗੱਦੀ ਪੱਕੀ ਕਰਨ ਦੇ ਆਹਾਰ ਵਿੱਚ ਲੱਗੀ ਰਹਿੰਦੀ ਹੈ। ਪਿਛਲੇ ਵਰ੍ਹਿਆਂ 'ਚ ਜਿਵੇਂ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕੀਤੇ ਗਏ, ਉਹਨਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾਇਆ ਗਿਆ, ਕਾਲੇ ਖੇਤੀ ਕਾਨੂੰਨ ਪਾਸ ਕਰਨ ਲਈ ਨਾਕਾਮ ਯਤਨ ਕੀਤੇ ਗਏ,ਕਿਸਾਨਾਂ ਉੱਤੇ ਅਣਮਨੁੱਖੀ ਅੱਤਿਆਚਾਰ ਹਕੂਮਤ ਵੱਲੋਂ ਕੀਤੇ ਗਏ, ਉਹ ਅਸਲ ਅਰਥਾਂ ਵਿੱਚ ਅਤਿ ਨਿੰਦਣਯੋਗ ਰਿਹਾ,ਜਿਸ ਦੀ ਦੇਸ਼-ਵਿਦੇਸ਼ ਵਿੱਚ ਨਿੰਦਾ ਹੋਈ ਅਤੇ ਮਨੁੱਖੀ ਅਧਿਕਾਰਾਂ ਦੇ ਹਾਮੀ ਲੋਕਤੰਤਰ ਭਾਰਤ ਦੇ ਮੱਥੇ ਉੱਤੇ ਵੱਡਾ ਕਾਲਾ ਟਿੱਕਾ ਲੱਗਿਆ। ਮਨੁੱਖੀ ਅਧਿਕਾਰਾਂ ਦਾ ਘਾਣ ਜਿਸ ਢੰਗ ਨਾਲ਼ ਮੌਜੂਦਾ ਦੌਰ ਵਿੱਚ, ਦਿੱਲੀ ਦੀ ਕੇਂਦਰੀ ਸਰਕਾਰ ਹੁਣ ਵੀ ਕਰ ਰਹੀ ਹੈ, ਸ਼ਾਇਦ ਇਹ ਆਪਣੇ ਆਪ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸਭ ਤੋਂ ਵੱਡੀ ਮਿਸਾਲ ਹੈ। ਕਿਸਾਨ

**ਗੁਰਮੀਤ ਸਿੰਘ ਪਲਾਹੀ**

ਸ਼ਾਂਤਮਈ ਢੰਗ ਨਾਲ ਦਿੱਲੀ ਦੀਆਂ ਬਰੂਹਾਂ 'ਤੇ ਆਪਣੀਆਂ ਮੰਗਾਂ ਨਾ ਮੰਨੇ ਜਾਣ ਕਾਰਨ ਰੋਸ ਪ੍ਰਗਟ ਕਰਨ ਲਈ ਜਾ ਰਹੇ ਹਨ, ਉਹਨਾਂ ਉੱਤੇ ਧੂੰਏ ਵਾਲ਼ੇ ਗੋਲੇ ਸੁੱਟਣਾ ਅਤੇ ਉਹਨਾਂ ਨੂੰ ਰੋਕਣਾ ਕੀ ਉਹਨਾਂ ਦੇ ਸੰਵਿਧਾਨ 'ਚ ਮਿਲ਼ੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਕਿਸਾਨ ਅੰਦੋਲਨ ਦਾ ਘਟਨਾਕ੍ਰਮ ਸਭ ਦੇ ਸਾਹਮਣੇ ਹੈ। ਕਾਲੇ ਖੇਤੀ ਕਾਨੂੰਨਾਂ ਦੀ ਕੇਂਦਰ ਸਰਕਾਰ ਵੱਲੋਂ ਵਾਪਸੀ ਅਤੇ ਹੋਰ ਮੰਗਾਂ ਮੰਨੇ ਜਾਣ ਉਪਰੰਤ ਕਿਸਾਨ ਚਾਰ ਵਰ੍ਹੇ ਪਹਿਲਾਂ ਦਿੱਲੀਓਂ ਪਰਤ ਆਏ ਸਨ। ਪਰ ਇਹਨਾਂ ਵਰ੍ਹਿਆਂ 'ਚ ਉਹਨਾਂ ਦੀਆਂ ਮੰਗਾਂ ਨਾ ਮੰਨਣਾ ਅਤੇ ਉਹਨਾਂ ਦੀਆਂ ਮੰਗਾਂ ਉੱਤੇ ਵਿਚਾਰ ਨਾ ਕਰਨਾ ਸਿਰਫ਼ ਗੁੰਮਰਾਹਕੁੰਨ ਬਿਆਨਾਂ ਨਾਲ਼ ਉਹਨਾਂ ਦੇ ਅੰਦੋਲਨ ਨੂੰ ਤਾਰਪੀਡੋ ਕਰਨਾ, ਕਿੱਥੋਂ ਤੱਕ ਜਾਇਜ਼ ਹੈ? ਕਿਸਾਨਾਂ ਦੀ ਇੱਕੋ ਇੱਕ ਅਹਿਮ ਮੰਗ ਕਿ ਉਹਨਾਂ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮੱਰਥਨ ਮੁੱਲ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ। ਪਰ ਇਸ ਤੋਂ ਟਾਲ਼ਾ ਵੱਟ ਕੇ ਕਿਹਾ ਇਹ ਜਾ ਰਿਹਾ ਹੈ, ਕਿ ਮੋਦੀ ਦੀ ਗਰੰਟੀ ਹੈ, ਕਿ ਸਰਕਾਰ ਖੇਤੀ ਉਤਪਾਦ ਘੱਟੋ - ਘੱਟ ਸਮੱਰਥਨ ਮੁੱਲ 'ਤੇ ਖਰੀਦੇਗੀ। ਕਿਸਾਨ ਬਿਆਨ ਨੂੰ ਕਿਵੇਂ ਪ੍ਰਵਾਨ ਕਰਨ, ਜਦ ਕਿ ਮੋਦੀ ਦੀਆਂ ਗਰੰਟੀਆਂ ਹਾਥੀ ਦੇ ਦੰਦ ਖਾਣ ਲਈ ਹੋਰ ਦਿਖਾਉਣ ਲਈ ਹੋਰ ਸਾਬਤ ਹੋ ਚੁੱਕੇ ਹਨ। ਕਿਸਾਨ ਸੜਕਾਂ 'ਤੇ ਹਨ। ਕੀ ਉਹ ਸਿਰਫ਼ ਬਿਆਨਾਂ ਨਾਲ਼ ਪਰਚ ਜਾਣਗੇ। ਕਿਸਾਨਾਂ ਦੇ ਮੁੱਦੇ ਸਰਕਾਰ ਅਨੁਸਾਰ ਵਿਚਾਰ ਦੇ ਲਾਇਕ ਹੀ ਨਹੀਂ ਜਾਂ ਫਿਰ ਉਹਨਾਂ ਨੂੰ ਸੁਲਝਾਉਣ ਲਈ ਸਰਕਾਰ ਇਮਾਨਦਾਰੀ ਨਾਲ ਕੁੱਝ ਕਰਨਾ ਹੀ ਨਹੀਂ ਚਾਹੁੰਦੀ ? ਮਨੁੱਖ ਜਦੋਂ ਪੀੜਤ ਹੁੰਦਾ ਹੈ, ਉਹ ਜਦੋਂ ਮਹਿਸੂਸ ਕਰਦਾ ਹੈ ਕਿ ਉਸ ਨਾਲ਼ ਜ਼ਿਆਦਤੀ ਹੋ ਰਹੀ ਹੈ ਤਾਂ ਉਹ ਆਵਾਜ਼ ਚੁੱਕਦਾ ਹੈ। ਆਪਣੇ ਮੁੱਢਲੇ ਹੱਕਾਂ ਦੀ ਰਾਖੀ ਲਈ ਲੜਦਾ ਹੈ। ਦੇਸ਼ ਵਿੱਚ ਘੱਟ ਗਿਣਤੀਆਂ ਦੇ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ,ਉਹ ਸੜਕਾਂ 'ਤੇ ਉੱਤਰਦੇ ਹਨ। ਕਿਸੇ ਖਿੱਤੇ ਦੇ ਲੋਕਾਂ ਦੀ ਬੋਲੀ, ਸੱਭਿਆਚਾਰ, ਪਹਿਰਾਵੇ, ਰਹਿਣ-ਸਹਿਣ ਉੱਤੇ ਟੋਕਾ-ਟਾਕੀ ਹੁੰਦੀ ਹੈ,ਉਹ ਲੋਕ ਗਣਤੰਤਰ ਭਾਰਤ 'ਚ ਰੋਸ ਪ੍ਰਗਟ ਕਰਦੇ ਹਨ।ਦੇਸ ਦੇ ਕਿਸੇ ਖਿੱਤੇ 'ਚ ਹਕੂਮਤ ਜ਼ਿਆਦਤੀ ਕਰਦੀ ਹੈ ਤਾਂ ਲੋਕ ਸੜਕਾਂ 'ਤੇ ਉੱਤਰਦੇ ਹਨ। ਰੋਸ ਪ੍ਰਗਟ ਕਰਨਾ,ਆਪਣੇ ਉੱਤੇ ਹੋ ਰਹੀਆਂ ਜ਼ਿਆਦਤੀਆਂ ਬਾਰੇ ਦੂਜਿਆਂ ਨਾਲ ਸਾਂਝ ਪਾਉਣੀ,ਕਿਸੇ ਵੀ ਸਮਾਜ ਵਿੱਚ ਮਨੁੱਖ ਦਾ ਅਧਿਕਾਰ ਹੈ। ਪਰ ਮੌਜੂਦਾ ਹਕੂਮਤ ਵੱਲੋਂ ਜਿਸ ਢੰਗ ਨਾਲ਼ ਯੂਪੀ 'ਚ ਬੁਲਡੋਜ਼ਰ ਨੀਤੀ ਨਾਲ਼ ਲੋਕਾਂ ਨੂੰ ਕੁਚਲਿਆ ਗਿਆ,ਕਸ਼ਮੀਰ,ਮਣੀਪੁਰ 'ਚ ਜਿਸ ਢੰਗ ਨਾਲ਼ ਲੋਕਾਂ ਉੱਤੇ ਅਤਿਆਚਾਰ ਹੋਏ,ਅਵਾਜ਼ ਉਠਾਉਣ ਵਾਲ਼ੇ ਲੋਕਾਂ ਨੂੰ ਜੇਲ੍ਹਾਂ 'ਚ ਡੱਕਿਆ ਗਿਆ,ਉਹ ਲੋਕਤੰਤਰੀ ਕਦਰਾਂ-ਕੀਮਤਾਂ ਉੱਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਮਨੁੱਖੀ ਅਧਿਕਾਰਾਂ ਦੇ ਮਾਮਲੇ ਉੱਤੇ ਭਾਰਤ ਦੁਨੀਆਂ ਭਰ 'ਚ ਆਪਣੀ ਪਛਾਣ ਗੁਆ ਰਿਹਾ ਹੈ। ਦੁਨੀਆਂ ਦੇ ਵੱਡੇ ਗਣਤੰਤਰ, ਲੋਕਰਾਜ ਵਿੱਚ ਵੰਨ - ਸੁਵੰਨੇ ਲੋਕ ਵੱਸਦੇ ਹਨ, ਵੱਖੋ-ਵੱਖਰੀਆਂ ਬੋਲੀਆਂ, ਧਰਮ ਸੱਭਿਆਚਾਰ ਵਾਲ਼ੇ ਲੋਕ ਇੱਥੇ ਰਹਿੰਦੇ ਹਨ,ਪਰ ਹਕੂਮਤ ਵੱਲੋਂ ਹਿੰਦੀ, ਹਿੰਦੂ, ਹਿੰਦੁਸਤਾਨ ਬਾਰੇ ਹੀ ਗੱਲ ਕਰਨੀ,ਕੀ ਭਾਰਤੀਆਂ ਦੇ ਮੁੱਢਲੇ ਮਨੁੱਖੀ ਹੱਕਾਂ ਉੱਤੇ ਸਿੱਧਾ ਹਮਲਾ ਨਹੀਂ? ਜਿਹੜਾ ਵੀ ਕੋਈ ਚਿੰਤਕ,ਲੇਖਕ, ਵਿਚਾਰਵਾਨ ਇਸ ਵਿਚਾਰ ਉੱਤੇ ਕਿੰਤੂ-ਪ੍ਰੰਤੂ ਕਰਦਾ ਹੈ, ਉਸ ਨੂੰ ਜੇਲ੍ਹ ਵਿੱਚ ਸੁੱਟਣਾ, ਕੀ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਹੈ ?

ਮਨੁੱਖੀ ਅਧਿਕਾਰਾਂ ਸਬੰਧੀ ਇੱਕ ਰਿਪੋਰਟ ਛਪੀ ਹੈ। ਇਸ ਰਿਪੋਰਟ ਵਿੱਚ 180 ਦੇਸ਼ ਸ਼ਾਮਲ ਕੀਤੇ ਗਏ ਹਨ। ਭਾਰਤ ਦਾ ਸਥਾਨ 150ਵਾਂ ਹੈ। ਬਾਵਜੂਦ ਇਸ ਗੱਲ ਦੇ ਕਿ ਅਸੀਂ ਦੁਨੀਆਂ ਭਰ 'ਚ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਆਪਣਾ ਡੰਕਾ ਵਜਾਉਣ ਦਾ ਦਾਅਵਾ ਕਰਦੇ ਹਾਂ,ਪਰ ਲੋਕਤੰਤਰ ਦੇ ਮੁੱਢਲੇ ਨਿਯਮਾਂ ਅਤੇ ਭਾਰਤੀ ਸੰਵਿਧਾਨ 'ਚ ਮਿਲ਼ੇ ਭਾਰਤੀਆਂ ਨੂੰ ਮੌਲਿਕ ਅਧਿਕਾਰ ਉਹਨਾਂ ਨੂੰ ਦੇਣ 'ਤੇ ਨਕਾਰਾਤਮਕ ਸੋਚ ਅਤੇ ਰਵੱਈਆ ਅਪਣਾਉਂਦੇ ਹਾਂ। ਜਿਸ ਢੰਗ ਨਾਲ਼ ਦੇਸ਼ ਦੇ ਸੰਵਿਧਾਨ ਨੂੰ ਪਿਛਲੇ ਦਹਾਕੇ 'ਚ ਤੋੜਿਆ-ਮਰੋੜਿਆ ਗਿਆ,ਫੈਡਰਲ ਢਾਂਚੇ ਨੂੰ ਤਬਾਹ ਕਰਨ ਲਈ ਜ਼ੋਰ ਲੱਗਿਆ,ਕੇਂਦਰ ਨੇ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ, ਉਹ ਅਸਲ ਵਿੱਚ ਸਿਰਫ਼ ਭਾਰਤੀ ਸੰਵਿਧਾਨ ਦੀ ਤੌਹੀਨ ਹੀ ਨਹੀਂ ਸੀ, ਉਹ ਅਸਲ ਅਰਥਾਂ ਵਿੱਚ ਲੋਕਤੰਤਰ ਦੇ ਅਧਿਕਾਰਾਂ ਨੂੰ ਖੰਡਿਤ ਕਰਨ ਸਮਾਨ ਸੀ।ਅਸੀਂ ਜਦੋਂ ਦੇਸ਼ ਵਿੱਚ ਵਾਪਰ ਰਹੇ ਕਾਲੇ ਦੌਰ ਦੀ ਗੱਲ ਕਰਦੇ ਹਾਂ,ਤਾਂ ਉਸੇ ਵੇਲੇ ਅਸੀਂ ਉਸ ਸੋਚ ਦੀ ਗੱਲ ਕਰਦੇ ਹਾਂ,ਜੋ ਭਾਰਤੀਆਂ ਦੇ ਭਵਿੱਖ ਲਈ ਕਾਲਾ ਧੱਬਾ ਬਣਨ ਜਾ ਰਿਹਾ ਹੈ।




# ਜੀਵਨ ਦਾ ਅਟੁੱਟ ਹਿੱਸਾ ਕਿਉਂ ਬਣਦੇ ਜਾ ਰਹੇ ਹਨ ਸੜਕੀ ਹਾਦਸੇ ?

**- ਇਕਵਾਕ ਸਿੰਘ ਪੱਟੀ**

ਤੇਜ਼ ਰਫਤਾਰ, ਸੜਕ ਤੇ ਸਾਡੀਆਂ ਗੱਡੀਆਂ ਕਾਰਾਂ ਦੀ ਹੋਵੇ ਜਾਂ ਮੋਬਾਇਲ ਦੇ ਡਾਟਾ ਪੈਕ ਦੀ, ਬੱਸ ਇਹ ਤੇਜ਼ੀ ਸਾਡੀ ਜਿੰਦਗੀ ਦਾ ਹਿੱਸਾ ਬਣ ਚੁੱਕੀ ਹੈ। ਮੈਂ ਜਦ ਕਦੇ ਦੇਰ ਰਾਤ ਨੂੰ ਘਰ ਤੋਂ ਬਾਹਰ ਨਿਕਲਦਾ ਹਾਂ ਤਾਂ ਆਪਣੇ ਹੀ ਸ਼ਹਿਰ ਦੀਆਂ ਗਲੀਆਂ, ਬਾਜ਼ਾਰਾਂ, ਸੜਕਾਂ ਨੂੰ ਦੇਖ ਕੇ ਹੈਰਾਨ ਹੋ ਜਾਂਦਾ ਹਾਂ ਕਿ ਕਿੰਨਾ ਵੱਡਾ ਅਤੇ ਖੁੱਲ੍ਹਾ ਡੁੱਲ੍ਹਾ ਹੈ ਮੇਰਾ ਸ਼ਹਿਰ। ਕਿਸੇ ਵੀ ਦੁਕਾਨ ਵਿੱਚੋਂ ਕੋਈ ਸਮਾਨ ਬਾਹਰ ਲੱਗਿਆ ਨਹੀਂ ਦਿੱਸ ਰਿਹਾ ਹੁੰਦਾ, ਕੋਈ ਰੇਹੜੀ ਜਾਂ ਠੇਲ੍ਹਾ ਨਜਾਇਜ਼ ਤੌਰ ਤੇ ਸੜਕਾਂ ਦੀ ਹੱਦ ਮੱਲ੍ਹੀ ਨਹੀਂ ਖੜ੍ਹਾ ਹੁੰਦਾ। ਕਿਤੇ ਵੀ ਗਲਤ ਢੰਗ ਨਾਲ ਕੀਤੀ ਗਈ ਪਾਰਕਿੰਗ ਨਜ਼ਰ ਨਹੀਂ ਪੈਂਦੀ। ਇੱਕ ਦੂਜੇ ਤੋਂ ਅੱਗੇ ਲੰਘਣ ਲਈ ਬੇਵਜ੍ਹਾ ਉੱਚੀ ਅਵਾਜ਼ ਦੇ ਹਾਰਨ ਸੁਣਨ ਨੂੰ ਨਹੀਂ ਮਿਲਦੇ। ਸੋਚਦਾ ਹਾਂ ਉਹ ਕਿੰਨਾ ਭਲਾ ਵੇਲਾ ਹੋਵੇਗਾ ਜਦੋਂ ਵਾਕੇਈ ਇੱਦਾਂ ਵੀ ਕਦੇ ਰਿਹਾ ਹੋਵੇਗਾ। ਜਦੋਂ ਸਿਰਫ ਘੋੜੇ ਦੀਆਂ ਟਾਪਾਂ, ਜਿੰਦਗੀ ਦੀ ਗੱਡੀ ਨੂੰ ਧੀਮੀ ਜਿਹੀ ਗਤੀ ਨਾਲ ਪੰਧ ਮੁਕਾਉਣ ਵਿੱਚ ਮੱਦਦ ਕਰਦੀਆਂ ਹੋਣਗੀਆਂ। ਨਾ ਹਾਰਨਾਂ ਦਾ ਸ਼ੋਰ ਸ਼ਰਾਬਾ, ਨਾ ਪ੍ਰਦੂਸ਼ਣ ਦੀ ਸਮੱਸਿਆ, ਨਾ ਕਾਹਲੀ ਕਰਦੇ ਹੋਏ ਵਾਪਰਦੇ ਹਾਦਸੇ, ਨਾ ਭੀੜ-ਭੜੱਕਾ ਨਾ ਸੱਜਿਉਂ-ਖੱਬਿਉਂ ਇੱਕ ਦਮ ਆਉਣ ਵਾਲੀ ਕਿਸੇ ਕਾਰ/ਗੱਡੀ/ਬਾਈਕ ਦਾ ਫਿਕਰ।

ਖੈਰ ! ਵਾਪਸ ਅੱਜ ਵਿੱਚ ਆਉਂਦਾ ਹਾਂ ਤਾਂ ਸੈਂਕੜੇ ਤੇ ਹਜ਼ਾਰਾਂ ਮੀਲਾਂ ਦੀ ਦੂਰੀ ਕੁੱਝ ਸਕਿੰਟਾਂ/ਮਿੰਟਾਂ ਵਿੱਚ ਮੁੱਕ ਜਾਂਦੀ ਹੈ। ਮੋਟਰ ਗੱਡੀਆਂ ਤੋਂ ਲੈ ਕੇ, ਹਵਾਈ ਜਹਾਜ਼ ਤੱਕ ਦੀ ਕਾਢ ਨੇ ਜਿੰਦਗੀ ਦੀ ਰਫਤਾਰ ਨੂੰ ਬਹੁਤ ਤੇਜ਼ ਕਰ ਦਿੱਤਾ, ਪਰ ਇਸ ਨੂੰ ਖਤਰਿਆਂ ਭਰਿਆ ਵੀ ਜ਼ਰੂਰ ਬਣਾ ਦਿੱਤਾ। ਮੋਟੇ ਤੌਰ ਤੇ ਤੇਜ਼ ਰਫਤਾਰੀ, ਨਸ਼ਿਆਂ ਦਾ ਸੇਵਨ, ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਕਾਹਲੀ, ਲਾਪਰਵਾਹੀ, ਸੜਕਾਂ ਤੇ ਸਟੰਟਬਾਜ਼ੀ (ਕਰਤੱਬ) ਦਿਖਾਉਣੀ, ਸੜਕੀ ਨਿਯਮਾਂ ਪ੍ਰਤੀ ਕੁਤਾਹੀ ਅਤੇ ਅਣਜਾਣਤਾ, ਸੜਕਾਂ ਤੇ ਅਵਾਰਾ ਪਸ਼ੂਆਂ ਦਾ ਖੁਲ੍ਹੇਆਮ ਘੁੰਮਣਾ, ਸਰਦੀਆਂ ਦੌਰਾਨ ਸੰਘਣੀ ਧੁੰਦ ਅਤੇ ਤਿੱਖੀਆ ਲਾਈਟਾਂ, ਸੱਜੇ-ਖੱਬੇ ਮੁੜਨ ਲੱਗਿਆਂ ਇਸ਼ਾਰਿਆਂ ਦਾ ਵਰਤੋਂ ਨਾ ਕਰਣਾ, ਡਰਾਈਵਿੰਗ ਦੌਰਾਨ ਮੋਬਾਇਲ ਦੀ ਵਰਤੋਂ, ਮਾਨਵ ਰਹਿਤ ਫਾਟਕ ਜਿਸ ਕਰਕੇ ਕਈ ਮੋਟਰ ਗੱਡੀਆਂ ਰੇਲ ਗੱਡੀ ਦਾ ਸ਼ਿਕਾਰ ਬਣ ਜਾਂਦੀਆਂ ਹਨ, ਧਾਰਮਿਕ ਮੇਲਿਆਂ ਦੌਰਾਨ ਟਰੈਕਟਰ ਟਰਾਲੀਆਂ ਜਾਂ ਟਰੱਕਾਂ ਉਤੇ ਵਾਧੂ ਆਹਰ ਕਰਕੇ ਬਿਠਾਏ ਵਧੇਰੇ ਲੋਕ, ਨਾਬਾਲਗਾਂ ਵੱਲੋਂ ਦੋ ਅਤੇ ਚਾਰ ਪਹੀਆ ਦੀ ਸਵਾਰੀ ਕਰਨਾ ਆਦਿ ਇਹ ਕਾਰਣ ਮੁੱਖ ਰੂਪ ਵਿੱਚ ਸ਼ਾਮਲ ਹਨ। ਤੁਸੀਂ ਆਪ ਦੇਖ ਸਕਦੇ ਹੋ ਜਿਆਦਾਤਰ ਦੋ ਪਹੀਆ ਵਾਹਨਾਂ ਤੇ ਲੱਗੇ ਪਿੱਛੇ ਦੇਖਣ ਵਾਲੇ ਦੋਨੋਂ ਸ਼ੀਸ਼ੇ ਨੌਜਵਾਨਾਂ ਵੱਲੋਂ ਫੈਸ਼ਨਪ੍ਰਸਤੀ ਦੇ ਤੌਰ ਤੇ ਉਤਾਰ ਦਿੱਤੇ ਜਾਂਦੇ ਹਨ, ਜਿਸ ਕਾਰਣ ਮੁੜਨ ਲੱਗਿਆਂ ਅਤੇ ਆਪਣੇ ਅਗਲੇ ਵਾਹਨ ਤੋਂ ਅੱਗੇ ਕੱਢਣ ਲੱਗਿਆਂ ਬਿਨ੍ਹਾਂ ਪਿੱਛੇ ਦੇਖੇ ਆਪਣਾ ਵਾਹਨ ਆਪਣੀ ਮਰਜ਼ੀ ਨਾਲ ਮੋੜ ਲਿਆ ਜਾਂਦਾ ਹੈ, ਜਿਸ ਕਰਕੇ ਪਿੱਛੇ ਆ ਰਹੇ ਵਾਹਨ ਵਾਲੇ ਨੂੰ ਆਪਣੀ ਗੱਡੀ ਕਾਬੂ ਹੇਠ ਰੱਖਣੀ ਔਖੀ ਹੋ ਜਾਂਦੀ ਹੈ।

ਸਿੱਟੇ ਵੱਜੋਂ ਹਰ ਰੋਜ਼ ਹਾਦਸੇ ਵਾਪਰ ਰਹੇ ਹਨ, ਅਜਾਈਂ ਮੌਤਾਂ ਹੋ ਰਹੀਆਂ ਹਨ, ਛੋਟੇ-ਛੋਟੇ ਬੱਚੇ-ਬੱਚੀਆਂ, ਨੌਜਵਾਨ, ਬਜ਼ੁਰਗ ਸੜਕਾਂ ਤੇ ਹੋ ਰਹੇ ਇਸ ਮੌਤ ਰੂਪੀ ਤਾਂਡਵ ਦਾ ਸ਼ਿਕਾਰ ਬਣ ਰਹੇ ਹਨ, ਉੱਥੇ ਪਰਿਵਾਰਾਂ ਦੇ ਪਰਿਵਾਰ ਵੀ ਇਸ ਸੜਕੀ ਅੱਤਵਾਦ ਦੇ ਕਾਲੇ ਪ੍ਰਛਾਵੇਂ ਦੀ ਲਪੇਟ ਵਿੱਚ ਆ ਚੁੱਕੇ ਹਨ। ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਘੰਟੇ ਦੌਰਾਨ ਲਗਭਗ ੫੬ ਸੜਕੀ ਹਾਦਸੇ ਹੁੰਦੇ ਹਨ ਜਿੰਨ੍ਹਾਂ ਵਿੱਚ ੧੬ ਮੌਤਾਂ ਹੁੰਦੀਆਂ ਹਨ ਅਤੇ ਸੜਕੀ ਆਵਾਜਾਈ ਮੰਤਰਾਲੇ ਅਨੁਸਾਰ ਇੱਕ ਸਾਲ ਵਿੱਚ ੧.੩੯ ਲੱਖ ਤੋਂ ਜਿਆਦਾ ਲੋਕ ਸੜਕੀ ਹਾਦਸਿਆਂ ਵਿੱਚ ਆਪਣੀ ਜਾਨ ਗਵਾ ਦਿੰਦੇ ਹਨ।

ਪੰਜਾਬ ਰਾਜ ਦੇ ੧੪ ਜ਼ਿਲਿਆਂ ਦੀਆਂ ਸੜਕਾਂ ਤੇ ਹੋਣ ਵਾਲੇ ਲਗਾਤਾਰ ਹਾਦਸਿਆਂ ਵਾਲੀਆਂ ੩੯੧ ਥਾਵਾਂ ਨੂੰ 'ਬਲੈਕ ਸਪਾਟ' ਦਾ ਨਾਮ ਦੇ ਦਿੱਤਾ ਗਿਆ ਹੈ। ਕੇਂਦਰੀ ਸੜਕ ਆਵਾਜਾਈ ਮਹਿਕਮੇ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿਚ ਸੜਕ ਹਾਦਸਿਆਂ ਵਿੱਚ ੨੦੧੭ ਦੇ ਮੁਕਾਬਲੇ ੨੦੧੯ ਦੌਰਾਨ ਢਾਈ ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਤਹਿਤ ਹਾਦਸਿਆਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ 'ਚ ੬.੨ ਫ਼ੀਸਦੀ ਦਾ ਵਾਧਾ ਦਰਜ ਹੋਇਆ ਹੈ। ਸਾਲ ੨੦੧੯ ਦੌਰਾਨ ਪੰਜਾਬ 'ਚ ਤੇਜ਼ ਰਫ਼ਤਾਰੀ ਕਾਰਣ ੨੫੪੦ ਲੋਕਾਂ ਦੀਆਂ ਜਾਨਾਂ ਗਈਆਂ। ਪੰਜਾਬ ਪੁਲਿਸ ਵਿੱਚ ਦੁਆਰਾ ਸੜਕ ਹਾਦਸਿਆਂ ਤੇ ਤਿਆਰ ਕੀਤੀ ਗਈ ਰਿਪੋਰਟ ਮੁਤਾਬਿਕ ੨੦੧੯ ਦੌਰਾਨ ਸੂਬੇ ਵਿਚ ਹਰ ਰੋਜ਼ ਔਸਤਨ ੧੩ ਲੋਕਾਂ ਦੀ 'ਚ ਮੌਤ ਸੜਕ ਹਾਦਸਿਆਂ ਵਿੱਚ ਹੋਈ, ਜਿਸ ਦੇ ਪਿਛੇ ਤੇਜ਼ ਰਫ਼ਤਾਰੀ ਨੂੰ ਤੇਜ਼ ਹੀ ਵੱਡਾ ਕਾਰਨ ਮੰਨਿਆ ਗਿਆ। ਸੜਕਾਂ 'ਤੇ ਹਾਦਸਿਆਂ ਦੌਰਾਨ ਹੋਈਆਂ ਮੌਤਾਂ ਦੇ ਮਾਮਲੇ ਵਿਚ ਜ਼ਿਲ੍ਹਾ ਰੋਪੜ ਪਹਿਲੇ, ਫ਼ਤਹਿਗੜ੍ਹ ਸਾਹਿਬ ਦੂਜੇ ਅਤੇ ਮੋਹਾਲੀ ਤੀਸਰੇ ਸਥਾਨ 'ਤੇ ਹਨ। ੨੦੧੯ ਦੌਰਾਨ ਤੇਜ਼ ਰਫ਼ਤਾਰੀ ਦੇ ਚਲਦੇ ਜਿਥੇ ੫੪੦ ਲੋਕਾਂ ਦੀ ਜਾਨ ਗਈ ਉਥੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਮਾਮਲਿਆਂ ਵਿਚ ਵੀ ੯੫ ਲੋਕ ਮੌਤ ਦੇ ਮੂੰਹ ਵਿਚ ਚਲੇ ਗਏ।

ਹਾਲਾਤ ਐਸੇ ਬਣੇ ਹੋਏ ਹਨ ਜਿਵੇਂ ਕਿ ਸੜਕੀ ਹਾਦਸੇ ਸਾਡੀ ਜਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੇ ਹੋਣ, ਕਿਉਂਕਿ ਇੱਕ ਵੀ ਦਿਨ ਐਸਾ ਨਹੀਂ, ਜਿਸ ਦਿਨ ਹਾਦਸਾ ਨਾ ਵਾਪਰਿਆ ਹੋਵੇ ਅਤੇ ਕੋਈ ਮੌਤ ਨਾ ਹੋਈ ਹੋਵੇ। ਅਸੀਂ ਸਾਰੇ ਇਸ ਮਾਮਲੇ ਪ੍ਰਤੀ ਚਿੰਤਤ ਤਾਂ ਹਾਂ, ਪਰ ਇਸਦਾ ਹੱਲ ਕੱਢਣ ਨੂੰ ਤਿਆਰ ਨਹੀਂ ਹਾਂ। ਮੇਰੇ ਵਿਚਾਰਾਂ ਅਨੁਸਾਰ ਸੱਭ ਤੋਂ ਪਹਿਲਾਂ ਪ੍ਰਸ਼ਾਸਨ ਇਸ ਪ੍ਰਤੀ ਗੰਭੀਰ ਅਤੇ ਸੰਜੀਦਾ ਹੋਵੇ ਅਤੇ ਪੂਰੀ ਸਖਤੀ ਵਰਤਣੀ ਸ਼ੁਰੂ ਕਰੇ ਤਾਂ ਸ਼ਾਇਦ ਇਸ ਸੜਕੀ ਹਾਦਸਿਆਂ ਤੇ ਰੋਕ ਲੱਗ ਸਕਦੀ ਹੈ। ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਸਾਹਿਬ ਜਦੋਂ ਅਸੀਂ ਭੰਡਾਰੀ ਪੁੱਲ ਤੋਂ ਐਲੀਵੇਟਿਡ ਪੁੱਲ ਤੇ ਚੜ੍ਹਦੇ ਹਾਂ ਤਾਂ ਕੋਈ ਵੀ ਮੋਟਰ ਗੱਡੀ, ਕਾਰ, ਜਾਂ ਕੋਈ ਵੀ ਵਾਹਨ ਵੱਡਾ ਜਾਂ ਛੋਟਾ ਹੋਵੇ ਉਸਦੀ ਗਤੀ ੫੦ ਕਿਲੋਮੀਟਰ ਪ੍ਰਤੀ ਘੰਟਾ ਤੋਂ ਇੱਕ ਪੁਆਇੰਟ ਵੀ ਉੱਪਰ ਨਹੀਂ ਹੁੰਦੀ, ਇਸ ਦਾ ਮਤਲਬ ਇਹ ਨਹੀਂ ਕਿ ਇੱਥੇ ਲੋਕ ਸੜਕੀ ਨਿਯਮਾਂ ਪ੍ਰਤੀ ਜਾਗਰੂਕ ਹਨ, ਇਸ ਦਾ ਕਾਰਣ ਇਹ ਹੈ ਕਿ ਪੁੱਲ ਦੇ ਅੱਧ ਵਿੱਚ ਟ੍ਰੈਫਿਕ ਪੁਲਿਸ ਵਾਲੇ ਵੱਡੀ ਤਦਾਦ ਵਿੱਚ ਬੈਰੀਗੇਟ ਲਗਾ ਕੇ ਖੜ੍ਹੇ ਹੁੰਦੇ ਹਨ ਅਤੇ ਰਾਡਾਰ ਤੇ ਕੈਮਰਿਆਂ ਦੀ ਮੱਦਦ ਨਾਲ ਭੰਡਾਰੀ ਪੁੱਲ ਤੋਂ ਐਲੀਵੇਟਿਡ ਪੁੱਲ ਵੱਲ ਆਉਣ ਵਾਲੀਆਂ ਗੱਡੀਆਂ ਉੱਤੇ ਬਾਜ਼ ਅੱਖ ਰੱਖੀ ਬੈਠੇ ਹੁੰਦੇ ਹਨ। ਜਿਸ ਕਰਕੇ ਚਲਾਣ ਦੇ ਡਰ ਤੋਂ ਲੋਕ ਵੀ ਆਵਾਜਾਈ ਸਬੰਧੀ ਨਿਰਧਾਰਤ ਗਤੀ ਦੇ ਨਿਯਮ ਨੂੰ ਪੂਰੀ ਤਰ੍ਹਾਂ ਅਪਣਾ ਲੈਂਦੇ ਹਨ। ਜੇ ਐਸਾ ਹਰ ਜਗ੍ਹਾ ਹਰ ਪਾਸੇ ਹੋਵੇ ਤਾਂ ਵੱਡੇ ਪੱਧਰ ਤੇ ਸੜਕੀ ਹਾਦਸੇ ਰੋਕੇ ਜਾ ਸਕਦੇ ਹਨ।

ਇਸ ਤੋਂ ਇਲਾਵਾ ਕੀ ਕੀਤਾ ਜਾਵੇ ਜਾਂ ਕੀ ਹੋਣਾ ਚਾਹੀਦਾ ਹੈ ਤਾਂ ਸੱਭ ਤੋਂ ਪਹਿਲਾਂ ਟ੍ਰੈਫਿਕ ਪੁਲਿਸ ਸਖਤੀ ਵਰਤੇ, ਇੱਕ ਜਾਂ ਦੋ ਵਾਰ ਚਿਤਾਵਨੀ ਤੋਂ ਬਾਅਦ ਲਾਇਸਿਸ ਧਾਰਕ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇ। ਬਿਨ੍ਹਾਂ ਡਰਾਈਵਿੰਗ ਟੈਸਟ ਪਾਸ ਕੀਤੇ ਲਾਇਸੰਸ ਜਾਰੀ ਕਰਨੇ ਮੁਕੰਮਲ ਰੂਪ ਵਿੱਚ ਸਖਤੀ ਨਾਲ ਬੰਦ ਹੋਣ। ਲੋਕ ਆਪਣੀ ਜਾਨ ਦੇ ਨਾਲ ਦੂਜਿਆਂ ਦੀਆਂ ਜਾਨਾਂ ਦੀ ਕੀਮਤ ਨੂੰ ਸਮਝਣ। ਟ੍ਰੈਫਿਕ ਨਿਯਮਾਂ ਦਾ ਪੂਰਾ ਪੂਰਾ ਗਿਆਨ ਹੋਵੇ। ਗੱਡੀਆਂ ਦੀ ਰਫਤਾਰ ਤੈਅ ਕੀਤੀ ਗਈ ਗਤੀ ਤੋਂ ਵਧੇਰੇ ਨਾ ਕੀਤੀ ਜਾਵੇ। ਸੜਕ ਪਾਰ ਕਰਨ ਵਾਲੇ ਪੂਰੀ ਚੇਤਨਤਾ ਨਾਲ ਸੜਕ ਪਾਰ ਕਰਨ ਵੇਲੇ ਦੋਨੋਂ ਪਾਸਿਉਂ ਸੁਰੱਖਿਆ ਯਕੀਨੀ ਬਣਾ ਲਈ ਜਾਵੇ। ਗਲੀਆਂ, ਬਾਜ਼ਾਰਾਂ ਵਿੱਚ ਦੋ ਪਹੀਆ ਵਾਹਨਾਂ ਦੀ ਗਤੀ ਧੀਮੀ ਹੋਵੇ ਉੱਥੇ ਹਰ ਮੋੜ ਤੇ ਹਾਰਨ ਦੀ ਵਰਤੋਂ ਯਕੀਨੀ ਬਣਾਈ ਜਾਵੇ ਤਾਂ ਕਿ ਗਲੀ ਮੋੜ ਤੋਂ ਨਿਕਲਣ ਵਾਲਾ ਰਾਹਗੀਰ ਸੁਚੇਤ ਹੋ ਸਕੇ। ਬੱਚਿਆਂ ਨੂੰ ਮੋਟਰਸਾਈਕਲ ਜਾਂ ਕਾਰਾਂ ਦੀ ਵਰਤੋਂ ਬਿਲਕੁਲ ਨਾ ਕਰਨ ਦਿੱਤੀ ਜਾਵੇ। ਸਕੂਲਾਂ ਵਿੱਚ ਅਕਸਰ ਛੁੱਟੀ ਵੇਲੇ ਵਿਦਿਆਰਥੀ ਆਪਣੇ ਤਿੰਨ ਚਾਰ ਦੋਸਤਾਂ ਨੂੰ ਇੱਕੋ ਹੀ ਮੋਟਸਾਈਕਲ ਉੱਤੇ ਬਿਠਾ ਲੈਂਦੇ ਹਨ, ਇਸ ਉੱਤੇ ਸਕੂਲ ਪ੍ਰਬੰਧਕ ਸਖਤੀ ਨਾਲ ਰੋਕ ਲਗਾਉਣ। ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਚਲਾਣ ਜ਼ਰੂਰੀ ਅਤੇ ਵੱਡੀ ਰਕਮ ਵਿੱਚ ਵਸੂਲਿਆ ਜਾਵੇ। ਓਵਰਟੇਕ ਕਰਨ ਵੇਲੇ ਮੁਕੰਮਲ ਰੂਪ ਵਿੱਚ ਇਹਤੀਆਤ ਵਰਤੀ ਜਾਵੇ।

ਯਾਦ ਰੱਖੋ ਕਾਹਲੀ ਵਿੱਚ ਜਾਂ ਆਰਾਮ ਨਾਲ ਦੁਨੀਆਂ ਦੇ ਸਾਰੇ ਕੰਮ ਹੁੰਦੇ ਹੀ ਰਹਿਣ ਨੇ, ਸਾਡੇ ਜਿਉਂਦਿਆਂ ਵੀ ਅਤੇ ਸਾਡੇ ਮਗਰੋਂ ਵੀ। ਇਸ ਲਈ ਜ਼ਰੂਰੀ ਕਿ ਆਪਣੇ ਸਮੇਤ ਦੂਜਿਆਂ ਦੀਆਂ ਜਿੰਦਗੀਆਂ ਦੀ ਸੁਰੱਖਿਆ ਬਾਰੇ ਜ਼ਰੂਰ ਸੋਚਿਆ ਜਾਵੇ, ਕਿਉਂਕਿ ਘਰ ਕਦੇ ਵੀ ਨਾ ਪਹੁੰਚਣ ਨਾਲੋਂ ਕਿਤੇ ਚੰਗਾ ਹੈ ਕਿ ਘਰ ਜ਼ਰਾ ਮਾਸਾ ਦੇਰੀ ਨਾਲ ਪਹੁੰਚਿਆ ਜਾਵੇ। ਦੂਜਿਆਂ ਨੂੰ ਦੋਸ਼ ਦੇਣ ਦੇ ਨਾਲ ਅਸੀਂ ਆਪ ਵੀ ਨਿਯਮਾਂ ਦੀ ਪਾਲਣਾ ਕਰਨਾ ਸ਼ੁਰੂ ਕਰ ਦੇਈਏ ਤਾਂ ਕਈ ਬੇਸ਼ਕਿਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਆਮੀਨ !

**ਇਕਵਾਕ ਸਿੰਘ ਪੱਟੀ**
**ਅੰਮ੍ਰਿਤਸਰ ਸਾਹਿਬ।**

# ਪੰਜਾਬੀ ਨੌਜਵਾਨੀ ਦਾ ਪਰਵਾਸ

ਪਰਵਾਸ ਸ਼ਬਦ ਪਰ ਅਤੇ ਵਾਸ ਦੋ ਸ਼ਬਦਾਂ ਦਾ ਸੁਮੇਲ ਹੈ।ਪਰ ਤੋਂ ਭਾਵ ਦੂਸਰਾ ਜਾਂ ਪਰਾਇਆ ਹੁੰਦਾ ਹੈ, ਵਾਸ ਕਿਸੇ ਥਾਂ ਦੇ ਰਹਿਣ ਜਾਂ ਵੱਸਣ ਨੂੰ ਕਹਿੰਦੇ ਹਨ।ਇਸ ਤਰ੍ਹਾਂ ਸ਼ਬਦ ਪਰਵਾਸ ਕਿਸੇ ਦੂਜੀ ਥਾਂ ਤੇ ਜਾ ਕਿ ਵੱਸਣ ਨੂੰ ਅਤੇ ਰਹਿਣ ਵਾਲੇ ਲੋਕਾਂ ਨੂੰ ਪਰਵਾਸੀ ਕਹਿੰਦੇ ਹਨ। ਉਹ ਵਿਅਕਤੀ ਜੋ ਅਪਣਾ ਵਤਨ ਤਿਆਗ ਕਿ ਅਣਮਿੱਥੇ ਸਮੇਂ ਲਈ ਵਿਦੇਸ਼ ਚਲਾ ਜਾਦਾ ਹੈ। ਪੰਜਾਬੀ ਨੇ ਵੀਹਵੀਂ ਸਦੀ ਦੇ ਆਰੰਭ ਵਿੱਚ ਰੁਜ਼ਗਾਰ ਤੇ ਆਰਥਿਕ ਪੱਖੋਂ ਵਧੇਰੇ ਕਾਮਯਾਬ ਹੋਣ ਲਈ ਪਰਵਾਸ ਧਾਰਨ ਕਰਦਿਆਂ ਯੂਰਪੀ ਤੇ ਅਮਰੀਕੀ ਮਹਾਦੀਪਾਂ ਵਿੱਚ ਪਰਵਾਸ ਕੀਤਾ। ਵਰਤਮਾਨ ਸਮੇਂ ਪੰਜਾਬੀਆਂ ਦੀ ਵੱਖ-ਵੱਖ ਮੰਤਵਾਂ ਅਧੀਨ ਪਰਵਾਸ ਧਾਰਨ ਕਰਨ ਦੀ ਰੁਚੀ ਨਿਰੰਤਰ ਜਾਰੀ ਹੈ। ਖਾਸਕਾਰ ਨੌਜਵਾਨ ਪੀੜ੍ਹੀ ਦਾ ਉੱਚ ਸਿੱਖਿਆਂ ਪ੍ਰਾਪਤੀ ਲਈ ਪਰਵਾਸ ਇੱਕ ਰਿਵਾਜ ਜਿਹਾ ਹੀ ਹੋ ਚੱਕਾ ਹੈ।

ਅਸਲ ਵਿੱਚ ਉਹਨਾਂ ਦਾ ਮੁੱਖ ਉਦੇਸ਼ ਸਿਰਫ਼ ਪੜ੍ਹਨਾ ਨਹੀਂ, ਬਲਕਿ ਪੱਛਮੀ ਦੇਸ਼ਾਂ ਵਿੱਚ ਪੱਕੇ ਤੌਰ ਤੇ ਰਹਿਣਾ ਹੈ। ਅੱਜ ਪੰਜਾਬ ਦੇ ਪਿੰਡਾਂ ਦੇ ਪਿੰਡ ਨੌਜਵਾਨੀ ਪੀੜ੍ਹੀ ਤੋਂ ਖਾਲੀ ਹੋ ਗਏ ਜਾਪਦੇ ਹਨ। ਕਿਉਂਕਿ ਸੈਕੰਡਰੀ ਸਿੱਖਿਆਂ ਪ੍ਰਾਪਤੀ ਤੋਂ (ਆਈਲਿਟਸ ਦੇ ਪੇਪਰ) ਬਾਅਦ ਵਿਦੇਸ਼ਾਂ ਦੇ ਕਾਲਜਾਂ ਵਿੱਚ ਪੜ੍ਹਨ ਦੀ ਇਜਾਜਤ ਮਿਲ ਜਾਦੀ ਹੈ।ਬੇਸ਼ੱਕ ਜਦੋਂ ਵੀ ਕੋਈ ਨੌਜਵਾਨ ਪਰਵਾਸ ਕਰਦਾ ਹੈ। ਬਹੁਤ ਹੀ ਆਸ਼ਾਵਾਦੀ ਸੋਚ ਮੁਤਾਬਿਕ ਹੀ ਉਜਵੱਲ ਭੱਵਿਖ ਦੀ ਕਲਪਨਾ ਕਰਦਾ ਹੈ ਅਤੇ ਪ੍ਰਾਪਤੀਆਂ ਵੀ ਕਰ ਰਿਹਾ ਹੈ। ਜਿਹੜੇ ਪਰਿਵਾਰ ਆਰਥਿਕ ਪੱਖ ਤੋਂ ਕੁਝ ਸਾਲ ਪਹਿਲਾ ਕਮਜੋਰ ਸਨ, ਉਨ੍ਹਾਂ ਦੇ ਬੱਚੇ ਵਿਦੇਸ਼ਾ ਵਿੱਚ ਭਾਵੇਂ ਪੜ੍ਹਾਈ ਦੇ ਤੌਰ ਤੇ ਗਏ ਸਨ, ਆਰਥਿਕਤਾ ਪੱਖੋਂ ਹੈਰਾਨੀਜਨਕ ਬਦਲਾਅ ਆਇਆ ਹੈ। ਜਿਸ ਕਾਰਨ ਨੌਜਵਾਨ ਵਰਗ ਦਾ ਵਿਦੇਸ਼ਾ ਨੂੰ ਜਾਣ ਦਾ ਰੁਝਾਨ ਵੱਧ ਚੁੱਕਾ ਹੈ।

ਜਿਸ ਤਰ੍ਹਾਂ ਇੱਕ ਫ਼ਸਲ ਦੇ ਬੀਜ ਉੱਗਣ ਸਮੇਂ ਖੇਤ ਵਿੱਚ ਨਦੀਨ ਆਪਣੇ ਆਪ ਉੱਗ ਆਉਂਦਾ ਹੈ। ਉਸੇ ਤਰ੍ਹਾਂ ਜਿੱਥੇ ਪਰਵਾਸ ਪੰਜਾਬੀ ਲੋਕਾਂ ਲਈ ਵਰਦਾਨ ਸਾਬਿਤ ਹੋਇਆ ਹੈ ਤਾਂ ਵਰਦਾਨ ਬਦਲੇ ਕੁਝ ਸਾਰਪ ਵੀ ਝੱਲਣਾ ਪਿਆ ਹੈ। ਪਰਵਾਸ ਸਿਰਫ਼ ਸ਼ੌਕ ਹੀ ਨਹੀਂ ਬਲਕਿ ਮਜਬੂਰੀ ਵੀ ਹੈ। ਜਿਹੜੀ ਨੌਜਵਾਨੀ ਪਰਵਾਸ ਕਰ ਰਹੀ ਹੈ, ਇੱਕ ਚਿੰਤਕ ਪੀੜ੍ਹੀ ਹੈ। ਕਿਉਂਕਿ ਸਾਡੇ ਦੇਸ਼ ਵਿੱਚ ਖਾਸ਼ਕਰ ਪੰਜਾਬ ਵਿੱਚ ਰੁਜਗਾਰ ਦੇ ਸਹੀ ਮੌਕੇ ਨਹੀਂ ਪ੍ਰਾਪਤ ਨਹੀਂ ਹੁੰਦੇ। ਇਸ ਦੇ ਉਲਟ ਪੱਛਮੀ ਦੇਸ਼ਾਂ ਵਿੱਚ ਉੱਚੇ ਦਰਜੇ ਦੀ ਵਿੱਦਿਆਂ ਦੇ ਨਾਲ-ਨਾਲ ਰੁਜ਼ਗਾਰ ਦੇ ਅਵਸਰ ਵੀ ਪ੍ਰਾਪਤ ਹੋ ਜਾਦੇ ਹਨ, ਬੇਸ਼ੁੱਕ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨਾ ਬਹੁਤ ਕਠਿਨ ਹੁੰਦਾ ਹੈ। ਪਰ ਜਦ ਕੀਤੀ ਕਮਾਈ ਦੀ ਗੁਣਾਂ ੫੦ ਨਾਲ ਹੁੰਦੀ ਹੈ, ਸਾਰੇ ਦੁੱਖ ਭੁੱਲ ਜਾਦੇ ਹਨ।ਵਿਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਤੋਂ ਉਹਨਾਂ ਦੀ ਆਮਦਨ ਦਾ ਕੁਝ ਹਿੱਸਾ ਟੈਕਸ ਦੇ ਰੂਪ ਵਿੱਚ ਲਿਆ ਜਾਦਾ ਹੈ। ਪਰ ਇਸ ਬਦਲੇ ਉਨ੍ਹਾਂ ਨੂੰ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਸਭ ਤੋਂ ਅਹਿਮ ਗੱਲ ਵਿਦੇਸ਼ਾਂ ਵਿੱਚ ਰਹਿ ਰਹੇ ਲੋਕਾਂ ਨੂੰ ਆਪਣੇ ਭੱਵਿਖ ਦੀ ਚਿੰਤਾ ਦੂਰ ਹੋ ਜਾਦੀ ਹੈ। ਕਿਉਂਕਿ ਸਾਡੀਆਂ ਮੁੱਢਲੀਆਂ ਲੋੜਾਂ ਵਿੱਚੋਂ ਅਹਿਮ ਲੋੜ ਸਿੱਖਿਆਂ ਤੇ ਸਿਹਤ ਦੀ ਹੈ। ਜੋ ਉਥੋਂ ਦੀਆਂ ਸਰਕਾਰਾਂ ਮੁਫਤ ਪ੍ਰਦਾਨ ਕਰਦੀ ਹੈ। ਜੇਕਰ ਸਾਡੇ ਮੁਲਕ ਵੱਲ ਨਜ਼ਰ ਮਾਰੀ ਜਾਵੇ ਤਾਂ ਸਾਡੇ ਸਿੱਖਿਆਂ ਤੇ ਸਿਹਤ ਮੰਤਰੀ ਵੀ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੇ ਹੁੰਦੇ ਹਨ, ਉਨ੍ਹਾਂ ਤੋਂ ਕੀ ਆਸ ਰੱਖੀ ਜਾ ਸਕਦੀ ਹੈ ? ਕੁਲ ਮਿਲਾ ਕਿ ਕਿਹਾ ਜਾ ਸਕਦਾ ਹੈ, ਭਾਵੇਂ ਵਿਦੇਸ਼ਾ ਵਿੱਚ ਰਹਿ ਕਿ ਬਹੁਤ ਸਖ਼ਤ ਮਿਹਨਤ ਕਰਨੀ ਪੈਂਦੀ ਹੈ।ਫਿਰ ਵੀ ਉਸ ਦੇ ਬਦਲੇ ਉਹ ਸਾਰੀਆਂ ਸੁੱਖ ਸਹੂਲਤਾਂ ਮਿਲਦੀਆਂ ਹਨ, ਜਿੰਨ੍ਹਾਂ ਦਾ ਅਸਲੀ ਹੱਕਦਾਰ ਹਰ ਇੱਕ ਨਾਗਰਿਕ ਹੁੰਦਾ ਹੈ।ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਬਹੁਤ ਘੱਟ ਹੋਣ ਕਾਰਨ ਦੇਸ਼ ਤਰੱਕੀ ਦੇ ਰਸਤੇ ਵੱਲ ਨੂੰ ਵੱਧਦਾ ਚਲਾ ਜਾਦਾ ਹੈ।ਇਨ੍ਹਾਂ ਕਾਰਕਾਂ ਕਰਕੇ ਅਜੋਕੀ ਨੌਜਵਾਨੀ ਪੀੜ੍ਹੀ ਵਿਦੇਸ਼ਾਂ ਵੱਲ ਖਿੱਚੀ ਚੱਲੀ ਜਾ ਰਹੀ ਹੈ।

ਜੇਕਰ ਇਸ ਸਿੱਕੇ ਦੇ ਦੂਜੇ ਪਹਿਲੂ ਨੂੰ ਦੇਖਿਆ ਜਾਵੇ ਤਾਂ ਪਰਵਾਸ ਦੇ ਨਕਾਰਤਮਕ ਕਾਰਕ ਵੀ ਸਾਹਮਣੇ ਆ▲ਂਦੇ ਹਨ। ਜਿੰਨ੍ਹਾਂ ਵਿੱਚੋਂ ਸਭ ਤੋਂ ਅਹਿਮ ਗੱਲ ਨੋਜਵਾਨੀ ਨੂੰ ਆਪਣੀ ਜਨਮ-ਭੂਮੀ ਤੇ ਜਨਮ-ਦਤਿਆਂ ਤੋਂ ਦੂਰ ਹੋਣਾ ਪੈਂਦਾ ਹੈ। ਦੂਸਰਾ ਜਦੋਂ ਤੋਂ ਵਿਦੇਸ਼ਾਂ ਵਿੱਚ ਪੜਾਈ ਕਰਨ ਦਾ ਰੁਝਾਨ ਸ਼ੁਰੂ ਹੋਇਆਂ ਹੈ ਤਾਂ ਪੰਜਾਬ ਦੀ ਆਰਥਿਕਤਾ ਨੂੰ ਵੀ ਬਹੁਤ ਵੱਡਾ ਧੱਕਾ ਲੱਗਿਆਂ ਹੈ, ਕਿਉਂਕਿ ਪੰਜਾਬ ਦੀ ਸਾਰੀ ਕਮਾਈ ਤਾਂ ਵਿਦੇਸ਼ਾਂ ਵਿੱਚ ਫ਼ੀਸਾਂ ਰਾਹੀ ਜਾ ਰਹੀ ਹੈ। ਜੋ ਪੰਜਾਬ ਦੀ ਕੰਗਾਲੀ ਦਾ ਪ੍ਰਮੁੱਖ ਕਾਰਨ ਵੀ ਹੈ। ਵੈਸੇ ਤਾਂ ਕੋਈ ਕੰਮ ਛੋਟਾ ਵੱਡਾ ਨਹੀਂ ਹੁੰਦਾ, ਹੱਥੀ ਕਿਰਤ ਸਭ ਤੋਂ ਵੱਡੀ ਹੈ। ਪਰ ਵਿਦੇਸ਼ੀ ਰੁਝਾਨ ਕਾਰਨ ਹੁਸ਼ਿਆਰ ਬੱਚੇ ਵਿਦੇਸ਼ਾਂ ਨੂੰ ਜਾ ਚੁੱਕੇ ਹਨ। ਉਥੇ ਹੋਟਲਾਂ, ਪੈਟਰੋਲ ਪੰਪਾਂ, ਟੈਕਸੀ ਚਲਾਉਣ (ਲੇਬਰ) ਆਦਿ ਕੰਮ ਕਰ ਰਹੇ ਹਨ। ਜਿਸ ਕਾਰਨ ਪੰਜਾਬ ਵਿੱਚ ਪੰਜਾਬੀਆਂ ਵਿੱਚ ਉੱਚੀਆਂ ਅਫ਼ਸਰੀ ਅਸਾਮੀਆਂ ਉੱਪਰ ਫਾਡੀ ਰਹਿਣ ਦਾ ਖ਼ਦਸ਼ਾਂ ਜਿਤਾਇਆਂ ਜਾ ਸਕਦਾ ਹੈ। ਭਾਵੇਂ ਸਾਰੇ ਪਰਵਾਸੀ ਇਹ ਕਹਿੰਦੇ ਹਨ ਕਿ ਵਿਦੇਸ਼ਾਂ ਵਿੱਚ ਕੰਮ ਕਰਨਾ ਸੌਖਾ ਨਹੀਂ,ਪਰ ਜੋ ਵੀ ਇੱਕ ਵਾਰ ਚੱਲਿਆ ਜਾਦਾ ਹੈ, ਉਹ ਵਾਪਸ ਮੁੜ ਨਹੀਂ ਆਉਂਦਾ ! ਜਿਸ ਨਾਲ ਉਹ ਪੰਜਾਬੀ ਸੱਭਿਆਚਾਰ ਨਾਲ ਟੁੱਟ ਜਾਦਾ ਹੈ,ਕਿਉਂਕਿ ਪੰਜਾਬੀ ਅਸੀਂ ਭਾਵਨਾਵਾਂ ਤੇ ਜਜ਼ਬਾਤਾਂ ਦੀ ਕਦਰ ਕਰਦੇ ਹਾਂ। ਪਰਵਾਸੀ ਮੁੱਨਖ ਜਿਆਦਾਤਾਰ ਪਦਾਰਥਵਾਦੀ ਹੋ ਜਾਂਦਾ ਹੈ।

ਅੰਤ ਇਹੀ ਕਿਹਾ ਜਾ ਸਕਦਾ ਹੈ, ਕਿ ਪਰਵਾਸ ਕੋਈ ਨਵੀਨ ਸ਼ੈਲੀ ਨਹੀਂ ਹੈ। ਜਿਸ ਨੇ ਪੰਜਾਬੀਆਂ ਦੀ ਆਰਥਿਕਤਾ ਨੂੰ ਕਾਫ਼ੀ ਮਜ਼ਬੂਤ ਕੀਤਾ ਹੋਵੇ। ਪਰ ਆਪਣੇ ਪੰਜਾਬ, ਪੰਜਾਬੀਅਤ ਨਾਲ ਪਿਆਰ ਤੋੜਨਾ ਕੋਈ ਪੜ੍ਹੇ-ਲਿਖੇ,ਆਮੀਰਾਂ ਦੀ ਵੀ ਨਿਸ਼ਾਨੀ ਨਹੀਂ।ਕਾਸ਼ ! ਇਹ ਨਾ ਹੋਵੇ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਰਾਜ ਸਿਰਫ਼ ਪੰਜਾਬੀਅਤ ਦਾ ਅਜਾਇਬ ਘਰ ਬਣਕਿ ਰਹਿ ਜਾਵੇ।

**ਲੇਖਕ: ਅਸਿਸ.ਪ੍ਰੋ. ਗੁਰਵੀਰ ਸਿੰਘ ਸਰੌਦ**
**ਹਰ.ਫ ਕਾਲਜ, ਮਲੇਰਕੋਟਲਾ।**
**ਸੰਪਰਕ: 9417971451**



# ਦੁਨੀਆਂ ਲਈ ਚੁਣੌਤੀ ਬਣ ਰਹੇ ਨਸ਼ਈ ਮਾਵਾਂ ਦੇ ਨਸ਼ਈ ਬੱਚੇ

*ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ ਪਿੰਡ ਲਾਇਬਰੇਰੀ ਨਹੀਂ ਖੋਲੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ । ਅਸੀਂ ਪਿੰਡ ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ ਕੇ ਪੰਜਾਬ ਨੂੰ ਨਸ਼ੀਆਂ ਦਾ ਸੂਬਾ ਬਣਾ ਦਿੱਤਾ ਹੈ। ਭਾਰਤ ਦੇ ਜਿੰਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ। ਸਾਡੇ ਗੁਆਂਢੀ ਸੂਬੇ ਹਰਿਆਣਾ ਇਸ ਦੀ ਉਦਾਹਰਨ ਹੈ। ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੁਆਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰ ਵਾਸੀਆਂ ਮਨਭਾਉਂਦੀ ਖੁਰਾਕ ਹੋਵੇ।ਠਕਿਆਂ ਦੇ ਨਾਲ ਅਹਾਤੇ ਖੋਲੇ ਹਨ ਤਾਂ ਜੋ ਲੋਕਾਂ ਨੂੰ ਸ਼ਰਾਬ ਪੀਣੀ ਆਸਾਨ ਹੋ ਜਾਵੇ।*

ਪੰਜਾਬ ਦੇ ਸਿਹਤ ਤੇ ਪ੍ਰਵਾਰ ਭਲਾਈ ਮੰਤਰੀ ਨੇ ਇਕ ਬੜਾ ਹਾਸੋਹੀਣਾ ਬਿਆਨ ਦਿੱਤਾ ਹੈ ਕਿ ਸ਼ਰਾਬ ਸਿਹਤ ਲਈ ਕੋਈ ਨੁਕਸਾਨਦਾਇਕ ਨਹੀਂ। ਉਨ੍ਹਾਂ ਦੀ ਇਸ ਸੰਬੰਧੀ ਦਲੀਲ ਇਹ ਹੈ ਕਿ ਜੇ ਸ਼ਰਾਬ ਮਾੜੀ ਹੋਵੇ ਤਾਂ ਸ਼ਰਾਬ ਦੇ ਕਾਰਖਾਨੇ ਕਿਉਂ ਚਲ ਰਹੇ ਹਨ ? ਪੰਜਾਬ ਸਰਕਾਰ ਨੇ ਸ਼ਰਾਬ ਦੇ ਠੇਕੇ ਕਿਉਂ ਖੋਲੇ ਹਨ ? ਭਾਰਤ ਦਾ ਦੁਖਾਂਤ ਇਹੋ ਹੈ ਕਿ ਇੱਥੇ ਮੰਤਰੀਆਂ ਨੂੰ ਅਜਿਹੇ ਵਿਭਾਗ ਦਿੱਤੇ ਜਾਂਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੁੰਦੀ। ਇਸ ਦੇ ਮੁਕਾਬਲੇ 'ਤੇ ਅਮਰੀਕਾ ਵਿਚ ਮਹਿਕਮੇ ਦੀ ਜਾਣਕਾਰੀ ਵਾਲੇ ਨੂੰ ਹੀ ਸੰਬੰਧਿਤ ਵਿਭਾਗ ਦਾ ਆਮ ਤੌਰ 'ਤੇ ਮੰਤਰੀ ਬਣਾਇਆ ਜਾਣਾ ਹੈ। ਇਸ ਸਮੇਂ ਅਮਰੀਕਾ ਦੇ ਵਿਦਿਆ ਮੰਤਰੀ ਤੇ ਉਪ ਵਿਦਿਆ ਮੰਤਰੀ ਵਿਦਿਆ ਵਿਚ ਪੀ-ਐਚ. ਡੀ. ਹਨ ਤੇ ਉਹ ਇਕ ਸਮੇਂ ਸਕੂਲ ਵਿਚ ਅਧਿਆਪਕ ਸਨ ਪਰ ਭਾਰਤ ਦੀ ਸਿੱਖਿਆ ਮੰਤਰੀ ਨੇ ਕਾਲਜ ਦਾ ਮੂੰਹ ਨਹੀਂ ਵੇਖਿਆ,ਇਸੇ ਕਰਕੇ ਉਸ ਦੇ ਕਈ ਵਿਵਾਦ ਗ੍ਰਸਤ ਬਿਆਨ ਆਉਂਦੇ ਰਹਿੰਦੇ ਹਨ।

ਜਿਆਣੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੁਜਰਾਤ ਸੂਬੇ ਵਿਚ ਪਿਛਲੇ ਲੰਮੇ ਸਮੇਂ ਤੋਂ ਸ਼ਰਾਬ 'ਤੇ ਪਾਬੰਦੀ ਹੈ। ਬਿਹਾਰ ਚੋਣਾਂ ਸਮੇਂ ਬਿਹਾਰ ਦੀਆਂ ਔਰਤਾਂ ਨਾਲ ਸੰਬੰਧਿਤ ਜਥੇਬੰਦੀਆਂ ਨੇ ਮੰਗ ਕੀਤੀ ਸੀ ਕਿ ਰਾਜਨੀਤਕ ਪਾਰਟੀਆਂ ਗੁਜਰਾਤ ਵਾਂਗ ਸ਼ਰਾਬ ਬੰਦੀ ਨੂੰ ਵੀ ਚੋਣ ਮੈਨੀਫੈਸਟੋ ਵਿਚ ਸ਼ਾਮਲ ਕਰਨ। ਸਿੱਟੇ ਵਜੋਂ ਹਾਕਮ ਪਾਰਟੀ ਨੇ ਇਸ ਨੂੰ ਸ਼ਾਮਲ ਕੀਤਾ ਤੇ ਹੁਣ ਨਤੀਸ਼ ਕੁਮਾਰ ਨੇ ਇਸ ਚੋਣ ਵਾਅਦੇ ਨੂੰ ਲਾਗੂ ਕਰ ਦਿੱਤਾ ਹੈ।ਹੁਣ ਬਿਹਾਰ ਦੇਸ਼ ਦਾ ਦੂਸਰਾ ਨਸ਼ਾਮੁਕਤ ਸੂਬਾ ਬਣ ਗਿਆ ਹੈ।ਅਕਾਲੀ,ਕਾਂਗਰਸੀ,ਭਾਜਪਾ ਤੇ ਹੋਰ ਕਈ ਰਾਜਨੀਤਕ ਪਾਰਟੀਆਂ ਦੇ ਮੈਂਬਰ ਬਣਨ ਸਮੇਂ ਜਿਹੜਾ ਮੈਂਬਰਸ਼ਿਪ ਫਾਰਮ ਭਰਵਾਇਆ ਜਾਂਦਾ ਹੈ,ਉਸ ਵਿਚ ਹਲਫ਼ੀਆ ਬਿਆਨ ਦੇਣਾ ਪੈਂਦਾ ਕਿ ਮੈਂ ਸ਼ਰਾਬ ਤੇ ਹੋਰ ਨਸ਼ਿਆਂ ਦੀ ਵਰਤੋਂ ਨਹੀਂ ਕਰਦਾ।

ਪੰਜਾਬ ਦੀ ਬਦਕਿਸਮਤੀ ਹੈ ਕਿ ਅਸੀਂ ਬਾਕੀ ਸੂਬਿਆਂ ਵਾਂਗ ਪਿੰਡ ਪਿੰਡ ਲਾਇਬਰੇਰੀ ਨਹੀਂ ਖੋਲੀ ਤਾਂ ਜੋ ਲੋਕ ਪੜ੍ਹ ਲਿਖ ਕੇ ਸੂਝਵਾਨ ਬਣ ਜਾਣ ।ਅਸੀਂ ਪਿੰਡ ਪਿੰਡ ਸ਼ਰਾਬ ਦੇ ਠੇਕੇ ਜ਼ਰੂਰ ਖੋਲ ਕੇ ਪੰਜਾਬ ਨੂੰ ਨਸ਼ੀਆਂ ਦਾ ਸੂਬਾ ਬਣਾ ਦਿੱਤਾ ਹੈ। ਭਾਰਤ ਦੇ ਜਿੰਨ੍ਹਾਂ ਸੂਬਿਆਂ ਵਿਚ ਸ਼ਰਾਬ ਦੇ ਠੇਕੇ ਹਨ, ਉਨ੍ਹਾਂ ਵਿਚ ਬਹੁਤਿਆਂ ਦੇ ਪਵਿੱਤਰ ਸ਼ਹਿਰਾਂ ਵਿਚ ਸ਼ਰਾਬ ਦੇ ਠੇਕੇ ਨਹੀਂ ਹਨ। ਸਾਡੇ ਗੁਆਂਢੀ ਸੂਬੇ ਹਰਿਆਣਾ ਇਸ ਦੀ ਉਦਾਹਰਨ ਹੈ। ਪਰ ਅਸੀਂ ਸਿੱਖੀ ਦੇ ਕੇਂਦਰ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਚਾਰ ਦੁਆਰੀ ਦੇ ਆਲੇ ਦੁਆਲੇ ਸ਼ਰਾਬ ਦੇ ਠੇਕੇ ਇਸ ਤਰ੍ਹਾਂ ਖੋਲੇ ਹਨ, ਜਿਵੇਂ ਸ਼ਰਾਬ ਅੰਮ੍ਰਿਤਸਰ ਵਾਸੀਆਂ ਮਨਭਾਉਂਦੀ ਖੁਰਾਕ ਹੋਵੇ।ਠਕਿਆਂ ਦੇ ਨਾਲ ਅਹਾਤੇ ਖੋਲੇ ਹਨ ਤਾਂ ਜੋ ਲੋਕਾਂ ਨੂੰ ਸ਼ਰਾਬ ਪੀਣੀ ਆਸਾਨ ਹੋ ਜਾਵੇ।

ਜਿਆਣੀ ਤੋਂ ਪੁੱਛਣਾ ਬਣਦਾ ਹੈ ਕਿ ਜੇ ਸ਼ਰਾਬ ਸਿਹਤ ਲਈ ਹਾਨੀਕਾਰਕ ਨਹੀਂ ਤਾਂ ਸਿੱਖ ਰਹਿਤ ਮਰਿਆਦਾ ਤੇ ਮੁਸਲਮਾਨ ਦੇਸ਼ਾਂ ਤੋਂ ਇਲਾਵਾ ਭਾਰਤ ਦੇ ਹਰਦੁਆਰ ਤੇ ਹੋਰ ਪਵਿੱਤਰ ਸ਼ਹਿਰਾਂ ਤੇ ਸੂਬਿਆਂ ਵਿਚ ਇਸ ਦੀ ਮਨਾਹੀ ਕਿਉਂ ਹੈ ?

ਪੰਜਾਬ ਦੇ ਨੌਜੁਆਨ ਵਿਦੇਸ਼ਾਂ ਵਾਂਗ ਮਹਿੰਗੇ ਨਸ਼ਿਆਂ ਦਾ ਤਿਆਗ ਕਰਕੇ ਸਸਤੀਆਂ ਗੋਲੀਆਂ ਜੋ ਕਿ ਆਮ ਮਿਲਦੀਆਂ ਹਨ ਦੀ ਵਰਤੋਂ ਕਰਨ ਲੱਗ ਪਏ ਹਨ। ਜਿੱਥੇ ਹੈਰੋਇਨ ਲਈ ਕਥਿਤ ਤੌਰ 'ਤੇ 1500 ਰੁਪਏ ਤੋਂ 3000 ਰੁਪਏ ਪ੍ਰਤੀ ਗ੍ਰਾਮ ਖਰਚਣੇ ਪੈਂਦੇ ਹਨ, ਉੱਥੇ ਉਹ ਦਰਦ ਦੂਰ, ਖੰਘ ਦੂਰ ਕਰਨ ਵਰਗੀਆਂ ਦਵਾਈਆਂ ਜੋ ਨਸ਼ਾਂ ਦੇਦੀਆਂ ਹਨ,ਦੀ ਥੋੜ੍ਹੇ ਪੈਸੇ ਖਰਚ ਕੇ ਵਰਤੋਂ ਕਰਨ ਲੱਗੇ ਹਨ। ਇਸ ਲਈ ਮਕਸਦ ਲਈ ਵਰਤੀ ਜਾਂਦੀ ਬਪਰੇਨੋਰਫਿਨ ਦੀ ਗੋਲੀ ਕ੍ਰੀਬ 7 ਰੁਪਏ ਦੀ ਮਿਲ ਜਾਂਦੀ ਹੈ। ਇਹ ਗੋਲੀ ਤਾਂ ਹੈ ਨਸ਼ਾ ਛੁਡਾਉਣ ਲਈ ਪਰ ਲੋਕ ਇਸ ਦੀ ਦੁਰਵਰਤੋਂ ਕਰਨ ਲੱਗੇ ਹਨ।



ਪਦਾਰਥਵਾਦੀ ਜੁੱਗ ਵਿੱਚ ਨਸ਼ਿਆਂ ਨੇ ਸਾਰੇ ਸੰਸਾਰ ਨੂੰ ਆਪਣੀ ਜਕੜ ਵਿਚ ਲਿਆ ਹੋਇਆ ਹੈ ਤੇ ਇਸ ਦੀ ਗ੍ਰਿਫ਼ਤ ਵਿਚੋਂ ਨਿਕਲਣ ਲਈ ਸਾਰੀ ਦੁਨੀਆਂ ਵਿਚ ਜਤਨ ਹੋ ਰਹੇ ਹਨ ।ਜਿਆਣੀ ਪਾਸ ਜਿਹੜਾ ਮਹਿਕਮਾ ਹੈ ਉਸ ਦਾ ਕੰਮ ਵੀ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਦੀ ਸਿੱਖਿਆ ਦੇਣਾ ਹੈ। ਨਸ਼ਿਆਂ ਦੇ ਬੁਰੇ ਪ੍ਰਭਾਵ ਦਾ ਸਭ ਤੋਂ ਮਾੜਾ ਅਸਰ ਗਰਭਵਤੀ ਔਤਰਾਂ 'ਤੇ ਪੈ ਰਿਹਾ ਹੈ।ਨਸ਼ਈ ਮਾਵਾਂ ਨਾ ਕੇਵਲ ਆਪਣੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ ਸਗੋਂ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ, ਜੋ ਦੁਨੀਆਂ ਲਈ ਚੁਣੌਤੀ ਬਣ ਰਹੇ ਹਨ। ਭਾਰਤ ਵਿਚ ਵੀ ਹੁਣ ਆਦਮੀਆਂ ਵੱਲ ਵੇਖ ਕੇ ਇਸਤ੍ਰੀਆਂ ਵੀ ਸ਼ਰਾਬ, ਸਿਗਰਟਨੋਸ਼ੀ, ਸਮੈਕ ਵਗੈਰਾ ਦੀ ਵਰਤੋਂ ਕਰਨ ਲੱਗ ਪਈਆਂ ਹਨ, ਜਿਸ ਨੂੰ ਫੌਰੀ ਠਲ ਪਾਉਣ ਦੀ ਲੋੜ ਹੈ।

ਜਿਹੜੀਆਂ ਔਰਤਾਂ ਗਰਭਵਤੀ ਹੋਣ ਦੇ ਬਾਵਜੂਦ ਵੀ ਨਸ਼ਿਆਂ ਦੀ ਵਰਤੋਂ ਜਾਰੀ ਰਖਦੀਆਂ ਹਨ, ਉਹ ਨਸ਼ਈ ਬੱਚੇ ਪੈਦਾ ਕਰ ਰਹੀਆਂ ਹਨ। ਨਸ਼ਈ ਬੱਚਿਆਂ ਨੂੰ ਜੰਮਣ ਤੋਂ ਹੀ ਡਾਕਟਰਾਂ ਨੂੰ ਸਾਂਭ ਸੰਭਾਲ ਲਈ ਜੂਝਣਾ ਪੈਂਦਾ ਹੈ।ਗਰਭਵਤੀ ਔਰਤਾਂ ਵੱਲੋਂ ਦਰਦ ਦੂਰ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਦਵਾਈਆਂ ਜਿਵੇਂ ਕੌਕੀਨ, ਹਾਈਡਰੋਕੋਡੀਨ, ਮੈਥਾਡੋਨ, ਹਾਈਡਰੋਮਾਰਫੋਨ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਸਮੈਕ,ਹੈਰੋਇਨ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਇਨ੍ਹਾਂ ਦੀ ਵਰਤੋਂ ਕਰਕੇ ਨਸ਼ਈ ਬੱਚੇ ਪੈਦਾ ਹੋ ਰਹੇ ਹਨ। ਇਨ੍ਹਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।ਅਮਰੀਕਾ ਵਿਚ ਹਰ 25 ਮਿੰਟ ਬਾਦ ਨਸ਼ਈ ਬੱਚਾ ਪੈਦਾ ਹੁੰਦਾ ਹੈ,ਜਿਸ ਨੂੰ ਜੰਮਦਿਆਂ ਹੀ ਨਸ਼ਾ ਦੇਣਾ ਪੈਂਦਾ ਹੈ।ਅਮਰੀਕਾ ਦੇ ਓਹਾਈਹੋ ਸੂਬੇ ਵਿਚ ਅਜਿਹੇ ਬੱਚਿਆਂ ਦੀ ਗਿਣਤੀ 2004 ਵਿਚ 199 ਸੀ, ਜੋ 2013 ਵਿਚ ਵੱਧ ਕੇ 1691 ਹੋ ਗਈ। ਇਹ ਬੱਚੇ ਜੰਮਦਿਆਂ ਹੀ ਚੀਕ ਚਿਹਾੜਾ ਮਚਾਉਂਦੇ ਹਨ ਤੇ ਤੁਸੀ ਇਨ੍ਹਾਂ ਨੂੰ ਚੁੱਪ ਨਹੀਂ ਕਰਾ ਸਕਦੇ । ਇਨ੍ਹਾਂ ਦੀ ਸਾਂਭ ਸੰਭਾਲ ਲਈ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ। ਜੰਮਣ ਦੇ 2 ਘੰਟੇ ਬਾਦ ਇਨ੍ਹਾਂ ਨੂੰ ਕਬਜ਼ ਹੋ ਜਾਂਦੀ ਹੈ, ਸੁਸਤੀ ਪਈ ਰਹਿੰਦੀ ਹੈ। ਜੰਮਦਿਆਂ ਹੀ ਦੁੱਧ ਪਿਆਉਣ ਪਿਛੋਂ ਇਨ੍ਹਾਂ ਦੀ ਤਿੰਨ ਤੋਂ ਚਾਰ ਘੰਟਿਆਂ ਪਿੱਛੋਂ 22 ਨੁਕਤਿਆਂ ਵਾਲੀ ਇਕ ਸੂਚੀ ਅਨੁਸਾਰ ਇਨ੍ਹਾਂ ਦੀ ਪੜਤਾਲ ਕੀਤੀ ਜਾਂਦੀ ਹੈ, ਜਿਸ ਵਿਚ ਦਿਮਾਗੀ ਅਵਸਥਾ, ਮਿਹਦਾ ਤੇ ਅੰਤੜੀਆਂ, ਆਮ ਸਿਹਤ ਆਦਿ ਸ਼ਾਮਲ ਹੈ। ਇਨ੍ਹਾਂ ਬੱਚਿਆਂ ਨੂੰ ਉਲਟੀਆਂ, ਦਸਤ, ਪਾਣੀ ਦੀ ਘਾਟ, ਨਾਸਾ ਬੰਦ ਹੋਣ ਵਰਗੀਆਂ ਅਲਾਮਤਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। ਚੰਗੀ ਸਾਂਭ ਸੰਭਾਲ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚੋਂ 80 ਪ੍ਰਤੀਸ਼ਤ ਨੂੰ ਕੋਈ ਨਾ ਕੋਈ ਨੀਂਦ ਲਿਆਉਣ, ਦਰਦ ਦੂਰ ਕਰਨ ਵਾਲੀ ਦੁਆਈ ਦੇਣੀ ਪੈਂਦੀ ਹੈ। ਇਹ ਆਮ ਬੱਚਿਆਂ ਦੀ ਤਰ੍ਹਾਂ ਖਲੋਂ ਨਹੀਂ ਸਕਦੇ। ਇਸ ਤਰ੍ਹਾਂ ਦੀਆਂ ਅਨੇਕਾਂ ਸਮੱਸਿਆਵਾਂ ਨਾਲ ਇਨ੍ਹਾਂ ਨੂੰ ਦੋ ਚਾਰ ਹੋਣਾ ਪੈਂਦਾ ਹੈ।ਨਸ਼ਈ ਮਾਵਾਂ ਦੇ ਇਹ ਬੱਚੇ ਕਈ ਹਫਤੇ ਪਹਿਲਾਂ ਜਨਮ ਲੈ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਸਪਤਾਲ ਵਿਚ ਜੰਮਦਿਆਂ ਹੀ ਆਕਸੀਜਨ ਦੇਣੀ ਪੈਂਦੀ ਹੈ ਤੇ ਅਕਸਰ ਘਰ ਵੀ ਆਕਸੀਜਨ ਲਗਾ ਕੇ ਲਿਆਂਉਣਾ ਪੈਂਦਾ ਹੈ। ਇਨ੍ਹਾਂ ਬੱਚਿਆਂ ਦੀ ਮਰਨ ਦਰ ਆਮ ਬੱਚਿਆਂ ਨਾਲੋਂ ਕਈ ਗੁਣਾ ਵੱਧ ਹੈ।

ਅਮਰੀਕਾ ਇਸ ਸਮੇਂ ਨਸ਼ਿਆਂ ਦੀ ਮਾਰ ਹੇਠ ਹੈ। ਅਮਰੀਕਾ ਦੇ ਪ੍ਰਸਿੱਧ ਪੇਪਰ ਦਾ ਇਕਾਨੋਮਿਸਟ ਅਨੁਸਾਰ ਅੱਜ ਤੋਂ 50 ਸਾਲ ਪਹਿਲਾਂ ਹੈਰੋਇਨ ਕੇਵਲ ਪੁਰਸ਼ ਵਰਤਦੇ ਸਨ ਤੇ ਉਹ ਵੀ ਜਵਾਨ। ਉਨ੍ਹਾਂ ਵਿੱਚ ਵੀ ਕਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਪਰ ਹੁਣ ਇਨ੍ਹਾਂ ਵਿਚ ਅੱਧੀਆਂ ਔਰਤਾਂ ਹਨ। ਪੁਰਸ਼ਾਂ ਵਿਚ 90 ਪ੍ਰਤੀਸ਼ਤ ਗੋਰੇ ਅਮਰੀਕੀ ਹਨ। ਸਾਲ 2007 ਵਿਚ 3 ਲੱਖ 70 ਹਜ਼ਾਰ ਵਿਅਕਤੀ ਹੈਰੋਇਨ ਵਰਤਦੇ ਸਨ। ਇਹ ਗਿਣਤੀ 2013 ਵਿਚ ਦੁਗਣੀ ਤੋਂ ਵੱਧ 6 ਲੱਖ 80 ਹਜ਼ਾਰ ਹੋ ਗਈ। ਜਿੱਥੇ ਕੋਕੀਨ ਦੀ ਅਮਰੀਕਾ ਵਿਚ ਵਰਤੋਂ ਵੱਧ ਰਹੀ ਹੈ ਉੱਥੇ ਯੂਰਪ ਵਿਚ ਪਿਛਲੇ ਦਹਾਕੇ ਵਿਚ ਇਸ ਦੀ ਵਰਤੋਂ ਇਕ ਤਿਹਾਈ ਘੱਟੀ ਹੈ। ਅਮਰੀਕਾ



ਵਿਚ ਹੈਰੋਇਨ ਦੀ ਮੰਗ ਬੜੀ ਤੇਜ਼ੀ ਨਾਲ ਵੱਧੀ ਹੈ ,ਉੱਥੇ ਸਪਲਾਈ ਵੀ ਬੜੀ ਤੇਜ਼ੀ ਨਾਲ ਵੱਧੀ ਹੈ। ਦੁਨੀਆਂ ਵਿਚ ਅਫ਼ੀਮ ਦੀ 80 ਪ੍ਰਤੀਸ਼ਤ ਪੈਦਾਵਾਰ ਅਫਗਾਨਿਸਤਾਨ ਵਿਚ ਹੁੰਦੀ ਹੈ, ਪਰ ਅਮਰੀਕਾ ਵਿਚ ਮੈਕਸੀਕੋ ਤੋਂ ਹੈਰੋਇਨ ਜਾਂਦੀ ਹੈ। ਅਫਗਾਨਿਸਤਾਨ ਤੇ ਮਾਇਨਮਾਰ ਤੋਂ ਬਾਦ ਮੈਕਸੀਕੋ ਅਫ਼ੀਮ ਪੈਦਾ ਕਰਨ ਵਾਲਾ ਤੀਸਰਾ ਵਡਾ ਦੇਸ਼ ਹੈ।

ਅਮਰੀਕਾ ਹੀ ਨਹੀਂ ਸਾਰੀ ਦੁਨੀਆਂ ਇਸ ਦੀ ਮਾਰ ਹੇਠ ਹੈ,ਇਸ ਲਈ ਵਿਸ਼ਵ ਭਰ ਵਿਚ ਇਸ ਵਿਰੁਧ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ। ਨਸ਼ਾ ਮੁਕਤ ਸਮਾਜ ਹੀ ਚੰਗਾ ਸਮਾਜ ਬਣ ਸਕਦਾ ਹੈ। ਸਮਾਜ ਸੇਵੀ ਸੰਸਥਾਵਾਂ ਇਸ ਦਿਸ਼ਾ ਵਿਚ ਚੰਗਾ ਕੰਮ ਕਰ ਰਹੀਆਂ ਹਨ ਪਰ ਸਰਕਾਰਾਂ ਨੂੰ ਵੀ ਇਸ ਬਾਰੇ ਉਸਾਰੂ ਕਦਮ ਚੁਕਣ ਦੀ ਲੋੜ ਹੈ। ਅਫ਼ੀਮ ਦੀ ਪੈਦਾਵਾਰ ਉਨੀ ਹੀ ਕੀਤੀ ਜਾਵੇ ਜਿੰਨੀ ਕਿ ਦਵਾਈਆਂ ਲਈ ਲੋੜੀਂਦੀ ਹੈ। ਨਸ਼ਾ ਪੈਦਾ ਕਰਨ ਵਾਲੀਆਂ ਦਵਾਈਆਂ ਦੀ ਵਿਕਰੀ ਉਪਰ ਵੀ ਕੰਟਰੋਲ ਕਰਨ ਦੀ ਲੋੜ ਹੈ। ਜੇ ਮਾਤਾ ਪਿਤਾ ਨਸ਼ੇ ਦੀ ਵਰਤੋਂ ਬੰਦ ਕਰ ਦੇਣ ਤਾਂ ਉਨ੍ਹਾਂ ਦੀ ਔਲਾਦ ਵੀ ਜ਼ਰੂਰ ਪ੍ਰਹੇਜ਼ ਕਰੇਗੀ। ਇਸ ਲਈ ਨਸ਼ਿਆਂ ਦੀ ਰੋਕਥਾਮ ਘਰ ਤੋਂ ਹੋਣੀ ਚਹੀਦੀ ਹੈ।ਜਿੱਥੇ ਪੰਜਾਬ ਸਮੇਤ ਭਾਰਤ ਦੇ ਸਾਰੇ ਸੂਬਿਆਂ ਨੂੰ ਵੀ ਗੁਜਰਾਤ , ਬਿਹਾਰ ਤੇ ਮੁਸਲਮ ਦੇਸ਼ਾਂ ਵਾਲੀ ਨੀਤੀ ਅਪਣਾ ਕੇ ਸ਼ਰਾਬ ਦੇ ਠੇਕੇ ਬੰਦ ਕਰਨੇ ਚਾਹੀਦੇ ਹਨ,ਉੱਥੇ ਵਿਦੇਸ਼ਾਂ ਵਿਚ ਵੀ ਲੋਕਾਂ ਨੂੰ ਸ਼ਰਾਬ ਸਮੇਤ ਸਾਰਿਆਂ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ।

**ਚਰਨਜੀਤ ਸਿੰਘ ਗੁੰਮਟਾਲਾ**
**001-937-573-9812**
**gumtalacs@gmail.com**








# ਕੀ ਬਣੂ ਪੰਜਾਬ ਸਿਆਂ

ਟੀਵੀ ਇੰਟਰਨੈੱਟ ਫੇਸਬੁੱਕ ਤੇ ਰੋਜ਼ ਦੀਆਂ ਪੈ ਰਹੀਆਂ ਮਾੜੀਆਂ ਖ਼ਬਰਾਂ ਬੰਦੇ ਦੇ ਮਨ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ ਪਿਛਲੇ ਦਿਨੀਂ ਖੰਨਾ ਦੇ ਕੋਲ ਪਿੰਡ ਭਮੱਦੀ ਦਿਨੇ ਪਿਆਰੀ ਦੋ ਅਣਪਛਾਤੇ ਵਿਅਕਤੀਆਂ ਨੇ ਘਰ ਵਿਚ ਦਾਖਲ ਹੋ ਕੇ ਕੁੜੀ ਦੇ ਸਾਹਮਣੇ ਕੁੜੀ ਦੀ ਮਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਕੁੜੀ ਦੇ ਰੌਲਾ ਰੱਪਾ ਹੋਣ ਤੋਂ ਬਾਅਦ ਵਿੱਚ ਗੁਆਂਢੀਆਂ ਨੇ ਆ ਕੇ ਉਨ੍ਹਾਂ ਦੋ ਵਿਅਕਤੀਆਂ ਵਿੱਚੋਂ ਇੱਕ ਨੂੰ ਫੜ ਲਿਆ ਪਰ ਦੂਸਰਾ ਵਿਅਕਤੀ ਭੱਜਣ ਵਿਚ ਫ਼ਰਾਰ ਹੋ ਗਿਆ ਇਸ ਤਰ੍ਹਾਂ ਦੀਆਂ ਵਾਰਦਾਤਾਂ ਆਮ ਹੀ ਮਿਲ ਰਹੀਆਂ ਹਨ ਕਿੱਥੇ ਹਨ ਸਾਡੇ ਦੇਸ਼ ਦੀਆਂ ਸਰਕਾਰਾਂ ਕਿੱਥੇ ਹਨ ਸਾਡੇ ਦੇਸ਼ ਦੇ ਪੁਲਿਸ ਅਫਸਰ ਜੋ ਕਿ ਖਾਕੀ ਵਰਦੀਆਂ ਪਹਿਨ ਕੇ ਲੋਕਾਂ ਦੀ ਮਦਦ ਨਹੀਂ ਕਰ ਸਕਦੇ , ਬੱਸ ਪੈਸਾ ਧੇਲਾ ਲੈ ਕੇ ਲੋਕਾਂ ਨੂੰ ਛੱਡ ਦਿੰਦੇ ਹਨ। ਕੁੜੀ ਵਿਚਾਰੀ ਰੋ ਰੋ ਦੁਹਾਈਆਂ ਪਾ ਰਹੀ ਹੈ ਕਿ ਪਿਛਲੇ ਸਾਲ ਉਸ ਦੇ ਪਿਤਾ ਦੀ ਹੱਤਿਆ ਹੋ ਗਈ ਹੁਣ ਉਸ ਕੁੜੀ ਦਾ ਨਾਂ ਪਿਆ ਰਿਹਾ ਤੇ ਨਾ ਮਾਂ ਰਹੀ ਉਹ ਹੁਣ ਇਸ ਸੰਸਾਰ ਵਿੱਚ ਸਮਾਂ ਕਿਸ ਤਰ੍ਹਾਂ ਕੱਟੇਗੀ ਇਸ ਤਰ੍ਹਾਂ ਦੀਆਂ ਬੇਅੰਤ ਤੇ ਅਥਾਹ ਹੀ ਖਬਰਾਂ ਹਨ ਜੋ ਕਿ ਲੋਕਾਂ ਨੂੰ ਬਿਨਾਂ ਕਸੂਰ ਤੋਂ ਹੀ ਮਾਰ ਮੁਕਾਇਆ ਜਾਂਦਾ ਹੈ ਕਿ ਇਹ ਸਾਡੇ ਦੇਸ਼ ਦੀ ਗੁੰਡਾਗਰਦੀ ਨਹੀਂ ਹੈ ਹੁਣ ਦੇਖਦੇ ਹਾਂ ਕਿ ਪੁਲਿਸ ਇਨ੍ਹਾਂ ਨੂੰ ਕਿੰਨਾ ਕੋ ਇਨਸਾਫ ਦਿਵਾਉਂਦੀ ਹੈ।

ਅਗਲੀ ਖਬਰ ਜ਼ਿਲ੍ਹਾ ਸੰਗਰੂਰ ਦੇ ਪਿੰਡ ਚੰਗਾਲੀਵਾਲਾ ਅੰਦਰ ਇੱਕ ਦਲਿਤ ਨੌਜਵਾਨ ਨੂੰ ਕੁੱਟ ਕੁੱਟ ਕੇ ਪੰਜ ਸੱਤ ਮੁੰਡਿਆਂ ਨੇ ਮਾਰ ਦਿੱਤਾ ਇੰਨੇ ਭਾਰੇ ਤਾਂ ਇੰਨੇ ਭੈੜੇ ਤਾਂ ਕੋਈ ਜ਼ਾਲਮ ਵੀ ਤਸੀਹੇ ਨਹੀਂ ਦਿੰਦਾ ਜਿੰਨੇ ਕੁ ਉਨ੍ਹਾਂ ਮੁੰਡਿਆਂ ਨੇ ਉਸ ਦਲਿਤ ਨੌਜਵਾਨ ਨੂੰ ਦਿੱਤੇ ਉਸ ਨੂੰ ਖੰਭੇ ਨਾਲ ਬੰਨ੍ਹ ਕੇ ਉਹਦੀਆਂ ਲੱਤਾਂ ਤੋੜਨ ਤੋਂ ਬਾਅਦ ਉਸ ਦੇ ਨੌਂਹ ਪਲਾਸ ਨਾਲ ਖਿੱਚ ਦਿੱਤੇ ਗਏ ਜਦ ਉਸ ਨੇ ਉਨ੍ਹਾਂ ਤੋਂ ਪਾਣੀ ਮੰਗਿਆ ਤਾਂ ਉਸ ਦੇ ਮੂੰਹ ਵਿੱਚ ਪਿਸ਼ਾਬ ਪਾ ਦਿੱਤਾ ਗਿਆ ਇੰਨੇ ਮਾੜੇ ਸਾਡੇ ਦੇਸ਼ ਦੇ ਹਾਲਾਤ ਹਨ ਕਿੱਥੇ ਹੈ ਇਨਸਾਨੀਅਤ ਕਿੱਥੇ ਹੈ ਕਾਨੂੰਨ ਕੁਝ ਵੀ ਸਮਝ ਨਹੀਂ ਆ ਰਹੀ ਸਾਡੇ ਲੀਡਰ ਸਾਡੇ ਜੱਥੇਦਾਰ ਕਿੱਥੇ ਕੁ ਗੁਆਚੇ ਪਏ ਹਨ ਇੰਨੀਆਂ ਘਿਣਾਉਣੀਆਂ ਮਾੜੀਆਂ ਹਰਕਤਾਂ ਸਾਡੇ ਦੇਸ਼ ਵਿੱਚ ਵਾਪਰ ਰਹੀਆਂ ਹਨ। ਇੱਕ ਪਾਸੇ ਤਾਂ ਅਸੀਂ ਬਾਬੇ ਨਾਨਕ ਦਾ ਪੰਜ ਸੌ ਪੰਜਾਹ ਸਾਲਾ ਮਨਾ ਰਹੇ ਹਾਂ ਬਾਬੇ ਨਾਨਕ ਨੇ ਊਚ ਨੀਚ ਜਾਤਾਂ ਪਾਤਾਂ ਦਾ ਵਿਤਕਰੇ ਤੋਂ ਕੱਢ ਕੇ ਸਾਨੂੰ ਸਿੱਧੇ ਮਾਰਗ ਤੇ ਪਾਇਆ ਸੀ ਪਰ ਕੀ ਅਸੀਂ ਬਾਬੇ ਨਾਨਕ ਦੇ ਦਿੱਤੇ ਉਪਦੇਸ਼ ਤੇ ਚੱਲ ਰਹੇ ਹਾਂ ਹੁਣ ਜਿਸ ਵਿਅਕਤੀ ਨੂੰ ਜ਼ਾਲਮਾਂ ਨੇ ਮਾਰ ਮੁਕਾਇਆ ਉਸ ਦੇ ਪਰਿਵਾਰ ਦੀ ਪਾਲਣਾ ਪੋਸ਼ਣ ਕੌਣ ਕਰੇਗਾ ਇਸ ਤਰ੍ਹਾਂ ਦੇ ਗਲਤ ਗੁੰਡਿਆਂ ਨੂੰ ਸਖ਼ਤ ਤੋਂ



ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਇੱਦਾਂ ਦੀਆਂ ਹਰਕਤਾਂ ਹੋਣ ਤੋਂ ਰੁਕ ਜਾਣ।

ਖਬਰਾਂ ਦੇ ਵਿੱਚ ਇੱਕ ਹੋਰ ਨਵੀਂ ਖਬਰ ਸੁਣਨ ਨੂੰ ਮਿਲੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿੱਚ ਬਲਾਤਕਾਰ ਕੇਸ ਦੇ ਵਿੱਚ ਗਵਾਹੀ ਦੇਣ ਵਾਲੇ ਤੇ ਹੋਇਆ ਹਮਲਾ ਜਾਣਕਾਰੀ ਅਨੁਸਾਰ ਮਨਜਿੰਦਰ ਸਿੰਘ ਨਾਮ ਦਾ ਵਿਅਕਤੀ ਜਿਸ ਤੇ ਛੇ ਸੱਤ ਮੁੰਡਿਆਂ ਨੇ ਉਸ ਦੀ ਚੱਕੀ ਵਿੱਚ ਆ ਕੇ ਉਸ ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ ਘਰਵਾਲੀ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਕੱਟ ਵੱਢ ਕੇ ਉਸ ਨੂੰ ਮਾਰ ਕੇ ਦੌੜ ਗਏ। ਉਸ ਦੀ ਘਰਵਾਲੀ ਜਿਸ ਦਾ ਨਾਮ ਪੂਜਾ ਰੋ ਰੋ ਕੇ ਦੁਹਾਈਆਂ ਦੇ ਰਹੀ ਹੈ ਕਿ ਮੇਰੀ ਇੱਕ ਛੋਟੀ ਲੜਕੀ ਹੈ ਜੇਕਰ ਮੈਨੂੰ ਇਨਸਾਫ ਨਾ ਮਿਲਿਆ ਤਾਂ ਮੈਂ ਖੁਦਕੁਸ਼ੀ ਕਰ ਲਵਾਂਗੀ ਉਸ ਨੂੰ ਕੁਝ ਟਾਈਮ ਪਹਿਲਾਂ ਤੂੰ ਵੀ ਧਮਕੀਆਂ ਮਿਲ ਰਹੀਆਂ ਸਨ ਉਸ ਨੇ ਪੁਲਿਸ ਤੇ ਦਰਖਾਸਤ ਵੀ ਦਿੱਤੀ ਪਰ ਪੁਲਿਸ ਨੇ ਕੋਈ ਖਾਸ ਛਾਣਬੀਣ ਨਹੀਂ ਕੀਤੀ ਹਮਲਾ ਹੋਣ ਦਾ ਕਾਰਨ ਇਹ ਸੀ ਕਿ ਉਹ ਕਿਸੇ ਗਵਾਹ ਦੀ ਗਵਾਹੀ ਭਰਨ ਜਾ ਰਿਹਾ ਸੀ। ਅੱਜ ਕੱਲ੍ਹ ਸੱਚੀਆਂ ਗਵਾਹੀਆਂ ਭਰਨ ਦੇ ਇਹ ਹੀ ਨਤੀਜੇ ਨਿਕਲਦੇ ਹਨ ਅੱਖਾਂ ਦੇ ਸਾਹਮਣੇ ਮਾਰਕੁੱਟ ਵੱਢ ਕੇ ਗੁੰਡੇ ਸ਼ਰੇਆਮ ਸੱਟ ਜਾਂਦੇ ਹਨ ਪਰ ਪੁਲਸ ਪ੍ਰਸ਼ਾਸਨ ਕੁਝ ਨਹੀਂ ਕਰ ਪਾਉਂਦੀ ਹੁਣ ਦੇਖਣਾ ਹੋਵੇਗਾ ਕਿ ਇਨ੍ਹਾਂ ਨੂੰ ਇਨਸਾਫ ਕਦੋਂ ਤੱਕ ਕਿਹੜੀ ਪੁਲਿਸ ਪ੍ਰਸ਼ਾਸਨ ਜਾਂ ਕਿਹੜੀ ਸਰਕਾਰ ਦਿਵਾਉਂਦੀ ਹੈ।

ਪਿਛਲੇ ਹਫਤੇ ਜ਼ਿਲ੍ਹਾ ਕਪੂਰਥਲਾ ਚ ਬਾਰਾਂ ਸਾਲ ਅੱਠ ਮਹੀਨੇ ਦੀ ਬੱਚੀ ਗਰਭਵਤੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ਪੁਲਿਸ ਨੇ ਲੜਕੀ ਦੇ ਬਿਆਨਾਂ ਅਤੇ ਪੀੜਤ ਪਰਿਵਾਰ ਦੀ ਸ਼ਿਕਾਇਤ ਦੇ ਆਧਾਰ ਤੇ ਰਾਜਨ ਨਾਮ ਦੇ ਗੁਆਂਢੀ ਨੌਜਵਾਨ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਪੀੜਤ ਲੜਕੀ ਦੇ ਪਿਤਾ ਨੇ ਦੱਸਿਆ ਕਿ ਬੀਤੇ ਦਿਨੀਂ ਲੜਕੀ ਦੇ ਢਿੱਡ ਵਿਚ ਦਰਦ ਹੋਣ ਦੀ ਗੱਲ ਆਖੀ ਪਰ ਜਦੋਂ ਉਸ ਨੂੰ ਸਰਕਾਰੀ ਹਸਪਤਾਲ ਚ ਲਿਆਂਦਾ ਗਿਆ ਤਾਂ ਉਹ ਹੱਕੇ ਬੱਕੇ ਰਹਿ ਗਏ। ਪਰ ਜਿਸ ਨੌਜਵਾਨ ਤੇ ਇਹ ਇਲਜ਼ਾਮ ਲੱਗ ਰਹੇ ਹਨ ਉਸ ਦਾ ਕਹਿਣਾ ਇਹ ਹੈ ਕਿ ਮੈਨੂੰ ਕਿਸੇ ਜ਼ਮੀਨ ਦੇ ਝਗੜਿਆਂ ਹੋਣ ਕਾਰਨ ਫਸਾਇਆ ਜਾ ਰਿਹਾ ਹੈ ਮੈਂ ਬੇਕਸੂਰ ਹਾਂ ਮੈਂ ਕੋਈ ਵੀ ਇਸ ਤਰ੍ਹਾਂ ਦੀ ਗਲਤ ਹਰਕਤ ਨਹੀਂ ਕੀਤੀ ਪਰ ਪਿੰਡ ਵਾਸੀਆਂ ਨੇ ਇਹ ਕਿਹਾ ਹੈ ਕਿ ਅਸੀਂ ਕੁੜੀ ਨੂੰ ਇਨਸਾਫ ਦਿਵਾ ਕੇ ਰਹਾਂਗੇ। ਸੋ ਇਹ ਸਾਡੇ ਦੇਸ਼ ਦੇ ਹਾਲਾਤ ਹਨ ਪਤਾ ਨਹੀਂ ਸਾਡੀਆਂ ਸਰਕਾਰਾਂ ਜਾਂ ਸਾਡੇ ਪੁਲਿਸ ਅਫਸਰ ਕਿੱਥੇ ਗੂੜੀ ਨੀਂਦ ਸੁੱਤੇ ਪਏ ਹਨ ਬੰਦੇ ਮਾਰਨੇ ਕੱਟਣੇ ਵੱਢਣੇ ਗਲਤ ਕੰਮ ਕਰਨੇ ਇਹ ਆਮ ਜੀਆਂ ਗੱਲਾਂ ਸਾਡੇ ਦੇਸ਼ ਵਿੱਚ ਹੋ ਗਈਆਂ ਹਨ ਕਿਸੇ ਨੂੰ ਕਿਸੇ ਦਾ ਕੋਈ ਵੀ ਡਰ ਨਹੀਂ ਰਿਹਾ। ਇੱਦਾਂ ਦੀਆਂ ਹੋਰ ਵੀ ਖ਼ਬਰਾਂ ਬੇਅਥਾਹ ਹਨ ਜੋ ਕਿ ਸਾਰੀਆਂ ਸੁਰੱਖਿਆ ਵਿੱਚ ਆਉਂਦੀਆਂ ਰਹਿੰਦੀਆਂ ਹਨ ਪਰ ਸਰਕਾਰਾਂ ਦੇ ਕੰਨਾਂ ਤੇ ਕੋਈ ਵੀ ਜੂੰ ਨਹੀਂ ਸਰਕ ਰਹੀ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਦੇਸ਼ ਦੇ ਇੱਦਾਂ ਦੇ ਹਾਲਾਤ ਸਾਨੂੰ ਕਿੱਥੇ ਤੱਕ ਲੈ ਕੇ ਜਾਣਗੇ ਸਾਡੀ ਸਰਕਾਰਾਂ ਅੱਗੇ ਹੱਥ ਜੋੜ ਕੇ ਬੇਨਤੀ ਹੈ ਕਿ ਇੱਦਾਂ ਦੀ ਹੋ ਰਹੀ ਗੁੰਡਾਗਰਦੀ ਨੂੰ ਨੱਥ ਪਾਈ ਜਾਵੇ ਅਤੇ ਇਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਇਨ੍ਹਾਂ ਨੂੰ ਇਨਸਾਫ ਦਿਵਾਇਆ ਜਾਵੇ।

**ਸ਼ਿੰਦਰ ਸਿੰਘ ਮੀਰਪੁਰੀ**
5592850841

# ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ



ਅੱਜ ਦੇ ਸਮੇਂ ਵਿੱਚ ਹਰੇਕ ਵਿਅਕਤੀ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਾ ਹੀ ਪੈਂਦਾ ਹੈ। ਹਰੇਕ ਵਿਅਕਤੀ ਨੂੰ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਲਈ ਕੋਈ ਨਾ ਕੋਈ ਕੰਮ ਹੱਥ ਵਿਚ ਜ਼ਰੂਰ ਲੈਣਾ ਪੈਂਦਾ ਹੈ। ਜਿਸ ਨਾਲ ਕਿ ਉਸ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹੋਣ। ਵਿਅਕਤੀ ਉਹ ਕੰਮ ਜ਼ਰੂਰ ਕਰਦਾ ਹੈ। ਜੋ ਉਸ ਦੇ ਲਈ ਬਿਹਤਰ ਹੋਵੇ। ਹੁਣ ਗੱਲ ਕਰੀਏ ਕੰਮ ਦੇ ਛੋਟੇ ਜਾਂ ਵੱਡੇ ਹੋਣ ਦੀ ਤਾਂ ਇੱਥੇ ਇਹ ਗੱਲ ਵਿਚਾਰਨ ਵਾਲੀ ਹੈ , ਕਿ ਕੰਮ ਛੋਟਾ ਜਾਂ ਵੱਡਾ ਕਿਉਂ ਅਤੇ ਕਿਵੇਂ ਬਣਦਾ ਹੈ ? ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਇਹ ਤਾਂ ਬੰਦੇ ਦੀ ਸੋਚ ਤੇ ਨਿਰਭਰ ਕਰਦਾ ਹੈ, ਕਿ ਉਹ ਕਿਸੇ ਵੀ ਕੰਮ ਨੂੰ ਕਿਸ ਨਜ਼ਰ ਨਾਲ ਵੇਖਦਾ ਹੈ। ਕੋਈ ਵੀ ਵਿਅਕਤੀ ਕਿਸੇ ਕੰਮ ਨੂੰ ਜਿਸ ਢੰਗ ਨਾਲ ਸੋਚਦਾ ਹੈ ਤੇ ਉਸ ਦੇ ਪ੍ਰਤੀ ਦ੍ਰਿਸ਼ਟੀ ਰੱਖਦਾ ਹੈ। ਉਹ ਕੰਮ ਉਸ ਨੂੰ ਉਸੇ ਤਰ੍ਹਾਂ ਹੀ ਛੋਟਾ ਜਾਂ ਵੱਡਾ ਲੱਗਣ ਲੱਗਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਵਿਅਕਤੀ ਦੀ ਸੋਚ ਜੋ ਉਸਨੇ ਕੰਮ ਦੇ ਪ੍ਰਤੀ ਬਣਾਈ ਹੁੰਦੀ ਹੈ , ਉਹ ਹੀ ਛੋਟੀ ਜਾਂ ਵੱਡੀ ਹੁੰਦੀ ਹੈ। ਜਦੋਂ ਵੀ ਕੋਈ ਵਿਅਕਤੀ ਕਿਸੇ ਨਵੇਂ ਕੰਮ ਦੀ ਸ਼ੁਰੂਆਤ ਕਰਦਾ ਹੈ , ਤਾਂ ਉਸ ਦੇ ਮਨ ਵਿੱਚ ਇਹ ਵਿਚਾਰ ਜ਼ਰੂਰ ਆਉਂਦਾ ਹੈ। ਕਿ ਜੇਕਰ ਮੇਰਾ ਕੰਮ ਛੋਟਾ ਹੋਵੇਗਾ ਤਾਂ ਲੋਕ ਕੀ ਸੋਚਣਗੇ ? ਉਹ ਮੇਰੇ ਬਾਰੇ ਕਿਸ ਤਰ੍ਹਾਂ ਦੀਆਂ ਗੱਲਾਂ ਕਰਨਗੇ ? ਜਦ ਕਿ ਵਿਅਕਤੀ ਨੂੰ ਸਿਰਫ ਆਪਣੇ ਕੰਮ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਅਤੇ ਮਿਹਨਤ ਤੇ ਲਗਨ ਨਾਲ ਆਪਣੇ ਕੰਮ ਨੂੰ ਹੋਰ ਵੀ ਵਧਾਉਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਇਸ ਸ਼ਸ਼ੋਪੰਜ ਵਿੱਚ ਪਏ ਰਹਿੰਦੇ ਹਨ- ਕੀ ਮੇਰਾ ਕੰਮ ਛੋਟਾ ਹੈ ? ਕੀ ਮੈਨੂੰ ਇਹ ਕੰਮ ਸ਼ੋਭਾ ਦਿੰਦਾ ਹੈ ? ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਸਵਾਲ ਉਹ ਆਪਣੇ ਮਾਣ ਨਾਲ ਹੀ ਕਰਦੇ ਰਹਿੰਦੇ ਹਨ। ਜਦੋਂ ਕੋਈ ਵਿਅਕਤੀ ਇਸੇ ਤਰ੍ਹਾਂ ਦੇ ਹੀ ਸਵਾਲਾਂ ਵਿੱਚ ਘਿਰਿਆ ਹੁੰਦਾ ਹੈ ਤਾਂ ਉਸ ਦੇ ਜਵਾਬ ਤੋਂ ਪਹਿਲਾਂ ਹੀ ਕੋਈ ਹੋਰ ਵਿਅਕਤੀ ਉਸੇ ਹੀ ਕੰਮ ਵਿੱਚ ਮੁਹਾਰਤ ਹਾਸਲ ਕਰ ਲੈਂਦਾ ਹੈ। ਉਹ ਉਸੇ ਕੰਮ ਵਿੱਚ ਪ੍ਰਸਿੱਧੀ ਪ੍ਰਾਪਤ ਕਰਦਾ ਹੈ। ਜਦ ਤੱਕ ਕੋਈ ਵਿਅਕਤੀ ਇਹ ਸੋਚਦਾ ਹੈ ਕਿ ਕਿਤੇ ਇਹ ਕੰਮ ਛੋਟਾ ਤਾਂ ਨਹੀਂ ? ਇੰਨੇ ਸਮੇਂ ਵਿੱਚ ਦੂਸਰਾ ਵਿਅਕਤੀ ਉਸੇ ਕੰਮ ਦੇ ਵਿੱਚ ਸਿਖਰਾਂ ਤੇ ਵੀ ਪੁੱਜ ਚੁੱਕਾ ਹੁੰਦਾ ਹੈ। ਇੱਕ ਹੋਰ ਗੱਲ ਇਹ ਵੀ ਹੈ ਕਿ ਅੱਜ ਦੀ ਨੌਜਵਾਨ ਪੀੜ੍ਹੀ ਦੀ ਸੋਚ ਇਹ ਹੈ। ਕਿ ਅਸੀਂ ਤਾਂ ਕਿਸੇ ਵੱਡੇ ਅਹੁਦੇ ਵਾਲੀ ਨੌਕਰੀ ਤੋਂ ਹੀ ਆਪਣੇ ਕਰੀਅਰ ਦੀ ਸ਼ੁਰੂਆਤ ਕਰਨੀ ਹੈ। ਪਰ ਜੇਕਰ ਉਹ ਵੱਡੀ ਅਤੇ ਵਧੀਆ ਨੌਕਰੀ ਤੋਂ ਪਹਿਲਾਂ ਕੋਈ ਹੋਰ ਕੰਮ ਕਰ ਲੈਣ ਤਾਂ ਇਸ ਵਿੱਚ ਵੀ ਕੋਈ ਬੁਰਾਈ ਨਹੀਂ ਹੁੰਦੀ। ਇੱਥੇ ਮੇਰਾ ਮਤਲਬ ਇਹ ਨਹੀਂ ਕਿ ਤੁਸੀਂ ਵੱਡੀ ਨੌਕਰੀ ਅਤੇ ਅਹੁਦੇ ਨੂੰ ਪ੍ਰਾਪਤ ਕਰਨ ਬਾਰੇ ਨਾ ਸੋਚੋ। ਬਲਕਿ ਮੇਰਾ ਮਤਲਬ ਇਹ ਹੈ ਕਿ ਤੁਸੀਂ ਬੇਰੁਜ਼ਗਾਰ ਰਹਿਣ ਦੀ ਥਾਂ ਆਪਣਾ ਕੋਈ ਹੋਰ ਕੰਮ ਵੀ ਕਰ ਸਕਦੇ ਹੋ। ਜਿਸ ਨਾਲ ਵਿਅਕਤੀ ਦੇ ਮਨ ਨੂੰ ਵੀ ਸ਼ਾਂਤੀ ਪ੍ਰਾਪਤ ਹੋਵੇਗੀ ਤੇ ਦਿਮਾਗ ਵੀ ਚੁਸਤ ਤੇ ਫੁਰਤੀਲਾ ਹੋਵੇਗਾ। ਜੇਕਰ ਵਿਅਕਤੀ ਦਾ ਮਨ ਵਿਹਲਾ ਤੇ ਖਾਲੀ ਹੋਵੇ ਤਾਂ ਉਸ ਵਿੱਚ ਮਾੜੇ ਵਿਚਾਰ ਪ੍ਰਵੇਸ਼ ਕਰ ਸਕਦੇ ਹਨ। ਜੋ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਖਤਰਨਾਕ ਵੀ ਹੋ ਸਕਦੇ ਹਨ। ਸੋ ਅੱਜ ਲੋੜ ਹੈ ਤਾਂ ਇਸ ਗੱਲ ਨੂੰ ਸਮਝਣ ਦੀ ਕਿ ਨੌਜਵਾਨ ਕਿਸੇ ਵੀ ਕੰਮ ਨੂੰ ਛੋਟਾ ਜਾਂ ਵੱਡਾ ਨਾ ਸਮਝਣ। ਅਤੇ ਆਪਣੇ ਖਾਲੀ ਸਮੇਂ ਵਿੱਚ ਵਿਹਲੇ ਬੈਠਣ ਦੀ ਬਜਾਏ ਕੋਈ ਨਾ ਕੋਈ ਕੰਮ ਜ਼ਰੂਰ ਕਰਨ। ਜਿਸ ਨਾਲ ਕਿ ਨੌਜਵਾਨ ਦੀ ਸੋਚ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਨਵੇਂ ਤਰੀਕੇ ਵੀ ਉਤਪੰਨ ਹੋਣਗੇ। ਉਨ੍ਹਾਂ ਵਿੱਚ ਨਵੇਂ ਨਵੇਂ ਹੁਨਰਾਂ ਦਾ ਜਨਮ ਹੋਵੇਗਾ ਤੇ ਉਹ ਆਪਣੇ ਜੀਵਨ ਨੂੰ ਹੋਰ ਵੀ ਸੁਖਾਲਾ ਬਣਾ ਸਕਣਗੇ।

**ਗੀਤਾ ਜੋਸਨ**
**ਸੰਪਰਕ - 9646568045**



# ਪ੍ਰੀਤ ਫੁਲਵਾੜੀ

## ਨਵੇਂ ਸਾਲ ਤੇ

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ
ਸੰਤੁਸ਼ਟੀ ਦੀ ਅੰਜਲੀ ਦੇ ਵਿਚ ਚਾਅ ਨਵੇਂ ਸਾਲ ’ਤ
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਡਰ ਤੋਂ ਨਿਝੱਕ ਹੋ ਕੇ ਬੈਠੇ ਫੁੱਲਾਂ ਉਤੇ ਤਿਤਲੀ,
ਸੱਥਾਂ ਦੇ ਵਿਚ ਭੰਗੜੇ ਤੇ ਗਿੱਧਿਆਂ ਦੇ ਵਿਚ ਕਿਕਲੀ
ਸੰਗੀਤਕ ਲੋਰੀ ਦਾ ਗੀਤ ਸੁਣਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਸ਼ੁਧਤਾ, ਬੁਧਤਾ, ਸਮਤਾ, ਭੌਤਿਕ, ਦੈਹਿਕ ਸੁੱਖਾਂ ਵਿਚੱ।
ਹੋਵੇ ਮਾਨਵਤਾ ਦੇ ਵਿਚ ਤਿਲਿਸਮ ਚੁੰਬਕੀਏ ਖਿੱਚ,
ਕਰਮਨ, ਧਰਮਨ, ਅਰਪਨ ਨਾਲ ਦੁਆ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਗੰਨੇ ਵਾਲੇ ਖੇਤਾਂ ’ਚੋਂ ਉਡਦੀ ਹੈ ਜਿਉਂ ਮੁਰਗਾਬੀ,
ਏਦਾਂ ਸਾਰੇ ਹਾਸੇ ਹੋਵਣ, ਜਿੱਦਾਂ ਫੁੱਲ ਗੁਲਾਬੀ,
ਰੁੱਤਾਂ ਵਿਚ ਖ਼ੁਸ਼ਬੂ ਦੇ ਭਾਗ ਜਗਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਸੁੱਤੀਆਂ ਜਾਗੀਰਾਂ ਨੂੰ ਤੇ ਸੁੱਤੀਆਂ ਜਾਮੀਰਾਂ ਨੂੰ
ਪੈਰਾਂ ਵਿਚ ਪਈਆਂ ਹੋਈਆਂ ਖੂ ?ਨੀ ਜ਼ੰਜੀਰਾਂ ਨੂੰ,
ਤਦਬੀਰਾਂ, ਤਕਰੀਰਾਂ ਨਾਲ ਮੁਕਾ ਨਵੇਂ ਸਾਲ ’ਤੇ
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਦਿਸ਼-ਆਦਿਸ਼ ਤਨਾਅ ਦਿਲਾਂ ਵਿਚੋਂ ਸਾਰੇ ਮੁਕ ਜਾਣ
ਆਤੰਕ, ਪ੍ਰਚੰਡ, ਪਤਿਤਪੁਣੇ ਤੇ ਪਾਖੰਡ ਸਭ ਰੁਕ ਜਾਣ,
ਆਤਮ ਤੁਸ਼ਟੀ ਦੇ ਸੰਵਾਦ ਰਚਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਇਕ ਚੀਜ਼ ਵਹੁਟੀ ਵਾਲੇ ਸੂਈ ਮੂਈ ਪੱਤ ਵਾਲੇ,
ਕਿਰਮਚੀ, ਨਾਰੰਗੀ, ਸੂਹੇ, ਲਾਲ, ਗੁਲਾਬੀ ਕਾਲੇ,
ਹਰ ਚੌਖਟ ’ਤੇ ਬੰਦਨਵਾਰ ਸਜਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਨਵਯੁਵਕਾਂ ਦੇ ਵਿਚ ਭਰੀ ਜਾਵੇ ਰਚਨਾਤਮਿਕ ਸ਼ਕਤੀ
ਮੰਗਲਕਾਰੀ ਹੋਵੇ ਘਰ-ਘਰ ਕਰਮਠਤਾ ਦੀ ਭਗਤੀ
ਛੈਲ-ਛਬੀਲੇ ਗੁਲਜ਼ਾਰ ਖਿੜ੍ਹਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,
ਹੱਕਾਂ ਨੂੰ ਲੈਣ ਲਈ ਜ਼ੁਰਰਤ ਤੇ ਸੱਚ ਵਾਲਾ ਨਾਮ ਦੇ
ਛੇੜੇ ਹੋਵੇ ਆਗਾਜ਼ ਨੂੰ ਮੰਜ਼ਿਲ ਦਾ ਅੰਜ਼ਾਮ ਦੇ,
’ਬਾਲਮ’ ਦੇ ਗੀਤਾਂ ਦੀ ਆਵਾਜ਼ ਉਠਾ ਨਵੇਂ ਸਾਲ ’ਤੇ,
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ ’ਤੇ,

**ਬਲਵਿੰਦਰ ਬਾਲਮ**
**ਓਕਾਰ ਨਗਰ, ਗੁਰਦਾਸਪੁਰ**
(ਪੰਜਾਬ)9815625409

## (ਸ਼ਹੀਦੀ ਦਿਨ)

ਮਹਿੰਗੇ ਮੁੱਲ ਮਿਲੇ ਇਹ ਸਾਹ
ਕਾਹਤੋਂ ਲੁਕਾ ਛੁਪਾ ਕੇ ਰੱਖੀਏ
ਆਓ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ
ਕੀ-ਕੀ ਉੱਤੇ ਦਸਵੇਂ ਪਾਤਸ਼ਾਹ ਬੀਤੀ
ਕਿਵੇਂ ਉਨ੍ਹਾਂ ਪੰਥ ਦੀ ਸਾਜਨਾ ਕੀਤੀ
ਜਾਲਮਾਂ ਕੋਲੋਂ ਉਹ ਕਦੇ ਨਾ ਹਾਰੇ
ਕੌਮ ਉੱਤੋਂ ਕਿਵੇਂ ਸੀ ਚਾਰੇ ਪੁੱਤ ਵਾਰੇ
ਫਰਜ਼ ਸਮਝ ਪੱਖ ਆਪਣਾ ਰੱਖੀਏ
ਆਓ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ
ਮਹਿੰਗੇ ਮੁੱਲ ਟੋਡਰ ਕਾਹਤੋਂ ਖਰੀਦੀ ਜਮੀਨ
ਭੋਰਾ ਜਾਲਮ ਦੀ ਗੁਰੂ ਜੀ ਨਾ ਮੰਨੀ ਈਨ
ਡਟ ਨਿੱਕੇ-ਨਿੱਕੇ ਬੱਚਿਆਂ ਹਾਕਮ ਵੰਗਾਰੇ
ਠੰਡੇ ਬੁਰਜ ਦਾਦੀ ਪੋਤਿਆਂ ਸੀ ਦਿਨ ਗੁਜ਼ਾਰੇ
ਕਿਵੇਂ ਸ਼ੇਰ ਮੁਹੰਮਦ ਹਾਅ ਦੇ ਨਾਅਰੇ ਮਾਰੇ
ਮਤੀ,ਸਤੀ ਦਾਸ ਤੇ ਮੋਤੀ ਰਾਮ ਮਹਿਰਾ
ਕੱਲਾ-ਕੱਲਾ ਜੀਅ ਸੀ ਕਰਿਆ ਸ਼ਹੀਦ
ਕਿਰਪਾ ਗੁਰੂਆਂ ਦੀ ਦੇਖੋ ਕਿੱਡਾ ਜੇਰਾ
ਸਭ ਦੀ ਕਰ ਕੁਰਬਾਨੀ ਯਾਦ
ਬੈਠ ਵਾਹਿਗੁਰੂ-ਵਾਹਿਗੁਰੂ ਜਪੀਏ
ਆਓ ਅੱਜ ਆਪਾਂ ਬੱਚਿਆਂ ਨੂੰ
ਸ਼ਹੀਦੀ ਦਿਨਾਂ ਬਾਰੇ ਦੱਸੀਏ

**ਚੇਤਨ ਬਿਰਧਨੋ**
9417558971

## ਕਵਿਤਾ

ਮੱਥੇ ਹੱਥ ਮਾਰੇ ਵਿਗਿਆਨ
’ਸਿਆਣਾ’ ਇਕ ਦੂਜੇ ਤੋਂ ਵਧਕੇ,
ਇਥੇ ਅਖਵਾਉਂਦਾ ਹਰ ਇਨਸਾਨ ਯਾਰੋ।
ਜਿਹਨਾਂ ਦੀ ਅਕਲ ਤੇ ਲੋਕ ਹੱਸਦੇ,
ਉਹ ਵੀ ਬਣੇ ਫਿਰਨ ਵਿਦਵਾਨ ਯਾਰੋ।
ਇਥੇ ਤਾਂ ਰੂੜੀ ਵਾਦੀ ਲੋਕ ਵੀ,
ਸਮਝਣ ਬੜੇ ਮਹਾਨ ਯਾਰੋ।
ਇੱਕੀਵੀਂ ਸਦੀ ਹੈਰਾਨ ਪ੍ਰੇਸ਼ਾਨ ਹੋਈ,
ਮੱਥੇ ਹੱਥ ਮਾਰੇ ਵਿਗਿਆਨ ਯਾਰੋ।
ਮੇਜਰ ਸਿੰਘ ਬੁਢਲਾਡਾ
94176 42327

## ਇਲਤੀਨਾਮਾ-੧ ਬੇਸੁਰੀ ਕਵਿਤਾ

ਚੋਰ ਚੌਕੀਦਾਰ ਹੋਵੇ
ਫੇਰ ਕਾਹਦਾ ਡਰ ਜੀ
ਆਪਾਂ ਕੀ ਲੈਣਾ ਆਪਣਾ ਕੀ ਵੇਚਿਆ
ਚੁਪ ਰਹਿ ਕੇ ਜਾਵੇ ਸਰ ਜੀ
ਆਖਣਾ ਹੈ ਕੁੱਝ ਫੇਰ ਕਿਉ ਰਹੇ ਸੁੱਜ ਜੀ
ਹੈ ਤੁਹਾਡੇ ‘ਚ ਕੋਈ ਨਰ ਜੀ
ਸੱਜਰੀ ਸਵੇਰੇ ਹੋਵੇ ਦਿਨੇ ਜੇ ਹਨੇਰ
ਕੀ ਲਵੋਂਗੇ ਕਰ ਜੀ ?
ਪੰਜਾਬ ਦਾ ਪਹਿਰੇਦਾਰ ਹੋਵੇ
ਕੀ ਹੋਇਆ
ਜੇ ਗੁਡੀ ਗੱਡੀ ਜਾਵੇ
ਚੜ੍ਹ ਜੀ ਕੋਈ ਬੰਦਾ ਬੁੰਦਾਂ
ਜਾਵੇ ਮਰ ਜੀ
ਬੁੱਧ ਬੋਲ ਹੋਵੇ
ਕਰਦਾ ਕਲੋਲ ਹੋਵੇ
ਤੋਲ ਤੁਕਾਂਤ ਭਾਵੇਂ ਘੱਟ ਜੀ
ਪਰ ਮਾਰਦਾ ਹੈ ਸੱਟ ਜੀ..
ਆਪਣੀ ਕਿਹੜਾ ਹੈ ਕੋਈ
ਕਿਸੇ ਨਾਲ ਸਾਂਝੀ ਵੱਟ ਜੀ
ਆਪਾਂ ਤੇ ਕਸਣੇ ਹੈ ਨੱਟ ਜੀ ।
ਤੂੰ ਵੀ ਕੁੱਝ ਬੋਲ ਮੈਂ ਵੀ
ਕੁੱਝ ਬੋਲਾਂ ..ਬਿਨ੍ਹਾਂ ਬੋਲਿਆ ਨੀ
ਹੁਣ ਦੱਸ ਕਿਵੇਂ ਜਾਊ ਸਰ ਜੀ ?
ਬੁੱਧ ਚਿੰਤਨ ਹੋਵੇ
ਫੇਰ ਕਿਵੇਂ ਮਨੁੱਖ ਰੋਵੇ
ਜਦ ਹਰ ਇਕ ਦੂਜੇ ਦਾ ਮੂੰਹ ਧੋਵੇ
ਫੇਰ ਜਿੱਤ ਹੋਊ ਸਰ ਜੀ..
ਜੋੜ ਬਿਨ ਸਰਨਾ ਨੀ,
ਜਿਉਣਾ ਹੈ ਮਰਨਾ ਨੀ
ਹਿੱਕ ਡਾਹੇ ਬਿਨ੍ਹਾਂ ਸਰਨਾ ਨੀ
ਨਹੀਂ ਤਾਂ ਜਾਓਗੇ ਹਰ ਜੀ
ਜਾਤ ਨੂੰ ਜਮਾਤ ਬਣਾ
ਹੋਰ ਸਮਾਂ ਗਵਾ..
ਧੌਣ ‘ਚੋਂ ਕੀਲਾ ਕੱਢ .
ਮੈਂ ਮੈ ਛੱਡ ..ਸਾਰੇ ਨੀ ਜੱਟ
ਬਣ ਕੇ ਮਨੁੱਖ ਮਨੁੱਖਤਾ ਬਣਾ
ਮੁੜ ਮੁੜ ਇਤਿਹਾਸ ਦੁਹਰਾ.ਆਪ ਸਮਝ
ਨਾ ਸਾਨੂੰ ਸਮਝਾ..ਨਹੀਂ ਹੋਵੇਗੀ .
.ਕਾਂ ਕਾਂ...ਸਭ ਦੀ ਇਕੋ ਬਾਪ ਮਾਂ
ਬੱਸ ਕਰ “ਓ ਨੀਲੋ “
ਨਾ ਸਾਨੂੰ ਸਮਝਾ..ਤੇਰੇ ਨਾਲੋਂ
ਅਸੀਂ ਵੱਧ ਸਿਆਣੇ..ਨਾ ਸਮਝ ਨਿਆਣੇ
ਅਸੀਂ ਜਾਣਦੇ ਰੱਬ ਦੇ ਭਾਣੇ
ਕਰ ਹੁਣ ਤੂੰ ਹਰ ਹਰ ਜੀ
ਚੌਕੀਦਾਰ ਚੋਰ ਹੋਵੇ
ਫੇਰ ਕਾਹਦਾ ਡਰ ਜੀ

**ਇਲਤੀ ਬਾਬਾ**
94643.70823

## ਐਸਪੀ ਦੀ ਮਾਂ

ਪਤਾ ਲੱਗਾ ਜਦ ਧੀ ਨੇ ਆਉਣਾ,
ਵੈਰੀ ਹੋਇਆ ਮੇਰਾ ਨਿਆਣਾ-ਸਿਆਣਾ,
ਜੰਮਣ ਤੋਂ ਪਹਿਲਾਂ ਹੀ ਵੈਰ ਮੇਰੇ ਨਾਲ,
ਜਿਵੇਂ ਉਨ੍ਹਾਂ ਦਾ ਮੈਂ ਹਿੱਸਾ ਖਾਣਾ।
ਮੈਨੂੰ ਮਾਰਨ ਲਈ ਤਾਂ,
ਜਿਵੇਂ ਦੁੱਖਾਂ ਦੀ ਹਨੇਰੀ ਚੱਲਦੀ।
ਸਾਰੀ ਦੁਨੀਆਂ ਖਿਲਾਫ਼ ਸਹੋਤੇ,
ਬੱਸ ਮਾਂ ਹੀ ਮੇਰੇ ਵੱਲਦੀ ਸੀ।

ਟੱਬਰ ਨਾਲ ਸਾਰੇ ਵੈਰ ਕਮਾਇਆ।
ਪਾਕੇ ਆਪਣੀ ਜਾਨ ਖ਼ਤਰੇ ਵਿੱਚ,
ਮਾਂ ਨੇ ਮੈਨੂੰ ਜਹਾਨ ਦਿਖਾਇਆ,
ਚਾਰੇ ਪਾਸੇ ਮੇਰੀ ਮੌਤ ਚਾਹੁੰਦੇ ਜੋਂ।
ਮਾਂ ਮੇਰੀ ਬੱਸ ਮੇਰਾ ਸਾਇਆ,
ਸਾਥੀ ਮੇਰੇ ਪਲ ਪਲ ਦੀ ਸੀ,
ਸਾਰੀ ਦੁਨੀਆ ਖਿਲਾਫ਼ ਮੇਰੇ,
ਬੱਸ ਮਾਂ ਹੀ ਮੇਰੇ ਵੱਲ ਦੀ ਸੀ,

ਰਾਤ ਨੂੰ ਉੱਠ ਜਦ ਰੋ ਪੈਂਦੀ ਸੀ,
ਮੂੰਹ ਵਿੱਚੋ ਕੁਝ ਨਾ ਕਹਿੰਦੀ ਸੀ।
ਕੀ ਮੇਰੇ ਦਿਲ ਅੰਦਰ ਚੱਲਦਾ,
ਮਾਂ ਨੂੰ ਹੀ ਬੱਸ ਸਮਝ ਪੈਂਦੀ ਸੀ।
ਹੱਥ ਵਿੱਚ ਫੜਕੇ ਪੱਖੀ ਲੋਕੋ,
ਠੰਡੀ ਹਵਾ ਮਾਂ ਝੱਲ ਦੀ ਸੀ।
ਸਾਰੀ ਦੁਨੀਆ ਖਿਲਾਫ ਮੇਰੇ,
ਬੱਸ ਮਾਂ ਹੀ ਮੇਰੇ ਵੱਲ ਦੀ ਸੀ।

ਮੈਨੂੰ ਪੁੱਤ ਮਾਂ ਆਖ ਬੁਲਾਉਂਦੀ ਸੀ,
ਮਿੱਟੀ ਵਿੱਚ ਜਦ ਖੇਡ ਕੇ ਆਉਣਾ।
ਲਿੱਬੜੀ ਥਿਬੜੀ ਨੂੰ ਨਵਾਉਂਦੀ ਸੀ
ਮਾਂ ਬੜਾ ਹੀ ਲਾਡ ਲਡਾਉਂਦੀ ਸੀ।
ਮੇਰੇ ਮੂੰਹ ਵਿੱਚ ਬੁਰਕੀਆਂ ਪਾਉਂਦੀ ਸੀ,
ਉਸ ਦੇ ਹੁੰਦੇ ਹੋਏ ਮੈਨੂੰ,
ਕਮੀਂ ਕਿਸੇ ਨਾ ਗੱਲ ਦੀ ਸੀ।
ਸਾਰੀ ਦੁਨੀਆ ਖਿਲਾਫ਼ ਸਹੋਤੇ,
ਬੱਸ ਮਾਂ ਹੀ ਮੇਰੇ ਵੱਲ ਦੀ ਸੀ।

ਜਦ ਪੜ੍ਹਨ ਦਾ ਵੇਲਾ ਆਇਆ,
ਮਾਂ ਨੇ ਮੈਨੂੰ ਸਕੂਲੇ ਲਾਇਆ,
ਭੈੜੀਆ ਨਜ਼ਰਾਂ ਤੋਂ ਬਚਾਉਂਦੀ ਸੀ।
ਕਾਲਾ ਟਿੱਕਾ ਮਾਂ ਲਾਉਂਦੀ ਸੀ,
ਮਾਂ ਮੈਨੂੰ ਸੀ ਪੜ੍ਹਨ ਭੇਜਦੀ,
ਤੇ ਮੈਂ ਸਕੂਲੇ ਜਾਂਦੀ ਸੀ।
ਮਾਂ ਦੀਆਂ ਅੱਖਾਂ ਵਿੱਚ ਤਾਂ,
ਉਡੀਕ ਹੁਣ ਚੰਗੇ ਕੱਲ ਦੀ ਸੀ,
ਸਾਰੀ ਦੁਨੀਆ ਖਿਲਾਫ਼ ਮੇਰੇ,
ਬੱਸ ਮਾਂ ਹੀ ਮੇਰੇ ਵੱਲ ਦੀ ਸੀ।

ਮਾਂ ਦੀ ਮਿਹਨਤ ਰੰਗ ਲਿਆਈ,
ਪੜ੍ਹ ਕੇ ਧੀ ਡਿਗਰੀਆਂ ਲੈ ਆਈ।
ਪੇਪਰ ਦਿੱਤੇ ਟਰੈਲ ਵੀ ਕੱਢੇ,
ਦੌੜ-ਭੱਜ ਵਿੱਚ ਸਭ ਪਿੱਛੇ ਛੱਡੇ।
ਸੰਘਰਸ਼ ਕਰਨ ਵਾਲੀ ਮਾਂ ਦੀ ਧੀ
ਮੈਰਿਟ ਦੇ ਵਿੱਚ ਆਈ ਹੈ।
ਵੇਖ ਦੇ ਲੋਕੀ ਖੜ ਖੜ ਕੇ,
ਉਸ ਨੇ ਪੁਲਿਸ ਦੀ ਵਰਦੀ ਪਾਈ ਹੈ।
ਮਜ਼ਬੂਤ ਇਰਾਦੇ ਨਾਲ ਕਰ ਸਕਦੀ।
ਜੋਂ ਮਾਂ ਲੋਕੋ ਚਾਹੁੰਦੀ ਹੈ,
ਧੀ ਦੀ ਖਾਤਿਰ ਲੜਨ ਵਾਲੀ ਮਾਂ,
SP ਦੀ ਮਾਂ ਅਖਵਾਉਂਦੀ ਹੈ।

**ਲਿਖਤ ਹਰਵਿੰਦਰ ਸਿੰਘ ਸਹੋਤਾ**
**ਮੋਬਾਇਲ** 9779751713

## ਮੰਮੀ ਪਾਪਾ ਦਾ ਤਲਾਕ



ਮਾਪੇ ਹੁੰਦੇ ਉਹ ਖੁਸ਼ਬੋਈ ਜੋ ਬੱਚੇ ਦੀ ਜ਼ਿੰਦਗੀ ਨੂੰ ਮਹਿਕਾਉਂਦੇ
ਮਾਪੇ ਹੁੰਦੇ ਉਹ ਰੁੱਖ ਜੋ ਬੱਚੇ ਨੂੰ ਤੱਤੀਆਂ ਹਵਾਵਾਂ ਤੋਂ ਬਚਾਉਂਦੇ
ਬਿਨ ਮਾਪਿਆਂ ਦੇ ਬੱਚੇ ਮਿਲੀ ਜਾਂਦੇ ਵਿਚ ਖਾਕ
ਮੰਮੀ ਅਤੇ ਪਾਪਾ ਦਾ ਸੀ ਹੋ ਗਿਆ ਜਦੋਂ ਕੋਰਟ ਵਿਚ ਤਲਾਕ
ਸਾਡੀ ਖੁਸ਼ੀਆਂ ’ਤੇ ਚਾਹਾਂ ਦੀਆਂ ਡੁੱਬੀਆਂ ਸੀ ਬੇੜੀਆਂ
ਜਿਹੜੀਆਂ ਲੱਗੀਆਂ ਨਹੀਂ ਸੀ ਅਜੇ ਪਾਰ
ਸਾਡੇ ਸੁਪਨਿਆਂ ਦੇ ਮਹਿਲ ਢੇਰੀ ਹੋ ਗਏ, ਜਦੋਂ ਮੰਮੀ ਅਤੇ ਪਾਪਾ ਵੱਖ ਹੋ ਗਏ
ਸਾਡੀ ਭੈਣ ਅਤੇ ਭਰਾ ਦੀ ਵੰਡ ਹੋ ਗਈ, ਜਿਵੇਂ ਸੀ ਭਾਰਤ ਅਤੇ ਪਾਕਿ
ਮੰਮੀ ਅਤੇ ਪਾਪਾ ਦਾ ਸੀ ਹੋ ਗਿਆ ਜਦੋਂ ਕੋਰਟ ਵਿਚ ਤਲਾਕ
ਸਾਡੀ ਖੁਸ਼ੀਆਂ ਤੇ ਚਾਹਾਂ ਦੀਆਂ ਡੁੱਬੀਆਂ ਸੀ ਬੇੜੀਆਂ,
ਜਿਹੜੀਆਂ ਲੱਗੀਆਂ ਨਹੀਂ ਸੀ ਪਾਰ
ਅਸੀਂ ਤਾਂ ਮਾਸੂਸਮ ਸੀ ਅਜੇ ਕਲੀਆਂ, ਜਿਨਾਂ ਖਿੜੀਆਂ ਸੀ ਵਿਚ ਗੁਲਜ਼ਾਰ
ਸਾਡੇ ਆਪਣਿਅ ਾਂ ਦੀ ਸਾਥੋਂ ਖੋਹ ਲਈ ਖਿੜਨੇ ਦੀ ਰੰਗਲੀ ਬਹਾਰ
ਮੰਮੀ ਅਤੇ ਪਾਪਾ ਦਾ ਸੀ ਹੋ ਗਿਆ ਜਦੋਂ ਕੋਰਟ ਵਿਚ ਤਲਾਕ
ਸਾਡੀ ਖੁਸ਼ੀਆਂ ਤੇ ਚਾਹਾਂ ਦੀਆਂ ਡੁੱਬੀਆਂ ਸੀ ਬੇੜੀਆਂ,
ਜਿਹੜੀਆਂ ਲੱਗੀਆਂ ਨਹੀਂ ਸੀ ਪਾਰ
ਬੂਟੇ ਮੁਰਝਾ ਗਏ ਸੱਧਰਾਂ ਦੇ ਸਾਡੇ ਵਾਅਲੀ ਨਾ ਰਹੇ ਕੋਈ ਦਰਦਾਂ ਦੇ
ਸਾਨੂੰ ਪੁਛੇ ਕੋਈ ਕਿਵੇਂ ਹਢਾ ਰਹੇ ਵਿਛੋੜੇ ਨੂੰ
ਸਾਡੇ ਆਪਣਿਆਂ ਹੀ ਕੀਤਾ ਸਾਨੂੰ ਹਤਾਸ਼
ਮੰਮੀ ਅਤੇ ਪਾਪਾ ਦਾ ਸੀ ਹੋ ਗਿਆ ਜਦੋਂ ਕੋਰਟ ਵਿਚ ਤਲਾਕ
ਸਾਡੀ ਖੁਸ਼ੀਆਂ ਤੇ ਚਾਹਾਂ ਦੀਆਂ ਡੁੱਬੀਆਂ ਸੀ ਬੇੜੀਆਂ,
ਜਿਹੜੀਆਂ ਲੱਗੀਆਂ ਨਹੀਂ ਸੀ ਪਾਰ
ਠੀਕ ਹੀ ਤੂੰ ਲਿਖਿਆ, ਰਜਿੰਦਰੇ ਰਾਠੌਰ ਕਮੀ ਮਾਪਿਆਂ ਦੀ ਪੂਰੀ ਨਾ ਕਰ ਸਕੇ
ਕੋਈ ਹੋਰ ਮਾਪਿਆਂ ਤੋਂ ਵੱਧ ਨਾ ਕੋਈ ਰਿਸ਼ਤਾ ਨਾ ਕੋਈ ਸਾਕ
ਮੰਮੀ ਅਤੇ ਪਾਪਾ ਦਾ ਸੀ ਹੋ ਗਿਆ ਜਦੋਂ ਕੋਰਟ ਵਿਚ ਤਲਾਕ
ਸਾਡੀ ਖੁਸ਼ੀਆਂ ਤੇ ਚਾਹਾਂ ਦੀਆਂ ਡੁੱਬੀਆਂ ਸੀ ਬੇੜੀਆਂ,
ਜਿਹੜੀਆਂ ਲੱਗੀਆਂ ਨਹੀਂ ਸੀ ਪਾਰ

**ਰਜਿੰਦਰ ਕੌਰ ਰਾਠੌਰ**

## ਖਾਨਦਾਨੀ ਬੋਲਦੀ

ਧੀ ਜੋ ਘਰਾਣੇ ਦੀ, ਉਹ ਘੱਟ ਬੋਲਦੀ
ਬੋਲੇ ਵੀ ਉਹ ਜਦੋਂ, ਉਹੋ ਸੱਚ ਬੋਲਦੀ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।
ਜਿੰਨਾ ਨੰਗ ਬੰਦਾ, ਓਨੇ ਨਖਰੇ ਵਿਖਾਵੇ
ਕੋਈ ਹੁੰਦੇ ਸੁੰਦਿਆਂ ਵੀ, ਮਰੂ ਮਰੂ ਕਰੀ ਜਾਵੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।
ਵੋਟਾਂ ਤੋਂ ਤਾਂ ਪਹਿਲਾਂ ਨੇਤਾ, ਪੈਰੀ ਹੱਥ ਤੱਕ ਲਾਉਂਦੇ
ਵੋਟਾਂ ਪਿੱਛੋਂ ਕਦੇ ਨਾਂ ਉਹ, ਮੂੰਹ ਵੀ ਦਿਖਾਉਂਦੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।
ਜੀਹਦੀ ਗੱਲ ਕਰਦੇ ਦੀ, ਅੱਖ ਘੁੰਮੀ ਜਾਵੇ
ਨਾਂ ਉਹ ਬੰਦਾ ਕਦੇ ਤੋੜ, ਦੋਸਤੀ ਨਿਭਾਵੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।
ਹਰ ਗੱਲ ਉੱਤੇ ਸਭ ਦਾ ਨਜ਼ਰੀਆ ਵੱਖ ਹੁੰਦਾ ਏ
ਪ੍ਰੀਤ ਹੋਵੇ ਜਿੱਥੇ ਗਲਤ ਜੀਭਾ ਨਹੀਓਂ ਬੋਲਦੀ
ਜਿੱਥੇ ਹੋਵੇ ਅਰਸ਼ ਠੀਕ ਚੁੱਪ ਨਹੀਓਂ ਠਹਿਰਦੀ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

**ਅਰਸ਼ਪ੍ਰੀਤ ਕੌਰ ਸਰੋਆ**
99151 41645

## ਖ਼ਿਆਲਾਂ ਦੀ ਪਰਵਾਜ਼

ਕੋਈ ਅਜੇ ਤੱਕ ਜਾਣ ਨਾ ਸਕਿਆ,
ਦਿਲ ਮੇਰੇ ਦਾ ਰਾਜ਼।
ਏਨੀ ਉੱਚੀ-ਸੁੱਚੀ ਮੇਰੇ,
ਖ਼ਿਆਲਾਂ ਦੀ ਪਰਵਾਜ਼।
ਸਭ ਨੂੰ ਹੁੰਦੈ ਘਰ ਆਪਣੇ ਦੇ,
ਜੀਆਂ ਉੱਤੇ ਨਾਜ਼।
ਕੋਈ ਪਾਲਦਾ ਤੋਤੇ, ਬਿੱਲੀਆਂ,
ਕਿਸੇ ਨੂੰ ਸੋਂਹਦਾ ਬਾਜ਼।
ਲੈਅ-ਤਾਨਾਂ ਚੋਂ ਗੂੰਜਣ ਨਗ਼ਮੇ,
ਸੁਰ ਹੋਵੇ ਜਦ ਸਾਜ਼।
ਬੋਲ ਅਗੰਮੀ, ਨਾਦ ਇਲਾਹੀ,
ਖ਼ਾਸਮ-ਖ਼ਾਸ ਅੰਦਾਜ਼।
ਦਿਲ ਚੋਂ ਨਿਕਲੀ ਸੁਣਦੈ ਹਰਦਮ,
ਪ੍ਰਭੂ ਸਾਡੀ ਆਵਾਜ਼।
ਭਵਸਾਗਰ ਤੋਂ ਪਾਰ ਕਰੇਂਦਾ,
ਨਾਨਕ ਨਾਮ ਜਹਾਜ਼।

**ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-**
151203 (ਬਠਿੰਡਾ) 9417692015.

## ਮਾਂ

ਕੀ ਲਿਖਾਂ ਮੈਂ ਮਾਂ ਦੇ ਬਾਰੇ
ਬੱਚਿਆਂ ਦੇ ਦੁੱਖ ਸਹਿੰਦੀ ਸਾਰੇ
ਰੋਂਦਿਆਂ ਤਾਈਂ ਚੁੱਪ ਕਰਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦਾ ਰੁਤਬਾ ਰੱਬ ਬਰਾਬਰ
ਪਾਣੀ ਦੇ ਜਿਵੇਂ ਵਹਿੰਦੇ ਸਾਗਰ
ਖਲਕਤ ਸਾਰੀ ਵਿੱਚ ਕਲਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਮਾਂ ਦੁੱਖਾਂ ਤੇ ਦਰਦਾਂ ਦੀ ਦਾਰੂ
ਸਭ ਦੇ ਉੱਪਰ ਰਹਿੰਦੀ ਭਾਰੂ
ਬੱਚਾ ਗਿੱਲੇ ਤੋਂ ਸੁੱਕੇ ਥਾਂ ਪਾਵੇ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।
ਹਰ ਥਾਂ ਕਰੇ ਹਿਫਾਜਤ ਪੂਰੀ
ਜੀਵਨ ਵਿੱਚ ਸਫਲ ਹੈ ਪੂਰੀ
ਉਹੀਉ ਦੇਵੇ ਜੋ ਬੱਚਾ ਚਾਵੇਂ
ਪੈਣ ਨਾ ਦੇਂਦੀ ਝੂਠੇ ਪਰਛਾਵੇਂ।

**ਸੁਖਚੈਨ ਸਿੰਘ, ਠੱਠੀ ਭਾਈ,**
00971527632924

## ਕੁਦਰਤ

ਬੱਸ ਵਿੱਚ ਜਾਂਦੇ ਦੇਖ ਰਿਹਾ ਸੀ
ਧੁੱਪ ਦਾ ਸੇਕਾ ਸੇਕ ਰਿਹਾ ਸੀ
ਟਾਂਵਾਂ ਟਾਂਵਾਂ ਰੁੱਖ ਸੀ ਕੋਈ
ਖੰਭਿਆਂ ਨੇ ਸੀ ਧਰਤ ਲਕੋਈ
ਸੋਚਿਆ ਪੰਛੀ ਕਿੱਥੇ ਹੋਣੇ ?
ਗਰਮੀ ਵਿੱਚ ਮਰ ਮੁੱਕਗੇ ਹੋਣੇ
ਨਾ ਪਾਣੀ ਨਾ ਛਾਂ ਹੈ ਦਿਖਦੀ
ਧਰਤੀ ਬੰਦੇ ਨੂੰ ਮਾਂ ਨਾ ਦਿਖਦੀ
ਚੱਪਾ ਚੱਪਾ ਸਾੜ ਦਿੱਤਾ
ਕੁਦਰਤ ਦਾ ਘਰ ਉਜਾੜ ਦਿੱਤਾ
‘ਕਲੇਰ’ ਭੁਗਤਣੀ ਪੈਣੀ ਬੰਦੇ ਨੂੰ
ਖੁਦ ਪੈਰੀਂ ਕੁਹਾੜਾ ਮਾਰ ਲੀਤਾ।

**ਹੰਸ ਕਲੇਰ ‘ਦੁਗਾਲ’**

## ਰਿਸ਼ਵਤਖੋਰੀ

ਸਭ ਤੋਂ ਮਾੜੀ ਹੈ ਰਿਸ਼ਵਤਖੋਰੀ
ਰੱਬ ਤੋਂ ਬੰਦਾ ਕਿਉਂ ਕਰਦਾ ਚੋਰੀ
ਬੰਦੇ ਦਾ ਬੰਦਾ ਖ਼ੂਨ ਹੈ ਪੀਂਦਾ
ਜਮੀਰ ਮਾਰ ਕੇ ਕਿੱਦਾਂ ਜਿਉਂਦਾ
ਰਿਸ਼ਵਤਖੋਰੀ ਸੁਣਿਆ ਹੈ ਪਾਪ
ਮਾਨਵਤਾ ਲਈ ਹੈ ਇੱਕ ਸਰਾਪ
ਹੱਕ ਦੀ ਕਮਾਈ ਹੀ ਕੰਮ ਆਵੇ
ਬੇਈਮਾਨੀ ਦੇ ਸੰਗ ਲੜ ਜਾਵੇ।
ਰਿਸ਼ਵਤਖੋਰੀ ਬੜੇ ਦੁੱਖ ਸਹੇੜੇ
ਔਖੇ ਵੇਲੇ ਨਾ ਕੋਈ ਖੜਦਾ ਨੇੜੇ
ਇਨਸਾਨੀਅਤ ਨਾਲ ਕਰੀਏ ਪਿਆਰ
ਹੱਕ ਸੱਚ ਤੋਂ ਉੱਚੇ ਰੱਖੀਏ ਵਿਚਾਰ
ਜੋਂ ਵੀ ਰਿਸ਼ਵਤਖੋਰੀ ਤੋਂ ਤੌਬਾ ਕਰਦੇ
ਸਫ਼ਲਤਾ ਦੀ ਪੌੜੀ ਉਹ ਰਹਿੰਦੇ ਚੜਦੇ

**ਗੁਰਪ੍ਰੀਤ ਸਿੰਘ ਜਖ਼ਵਾਲੀ (ਫਤਹਿਗੜ੍ਹ ਸਾਹਿਬ)**
**ਮੋਬਾਇਲ:**-98550 36444

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 282

Website: www.preetnama.com Email preetnamausa@gmail.com

13 DEC TO 19 DEC , 2024



No body have time to watch TV Advertisement
No body have time to read Physical newspapers

## It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com